Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA

REALTYONEGROUP


FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

**Vol. 17, Issue- 755, 22 to 28 June, 2023, Ph: 916-320-9444, E-mail: punjabmailusa@yahoo.com, Web: punjabmailusa.com**

# ਸਿੱਖ ਗੁਰਦੁਆਰਾ ਸੋਧ (ਬਿੱਲ) ਪਾਸ ਕਰਨ ਤੋਂ ਬਾਅਦ ਮਾਮਲਾ ਭੱਖਿਆ

- **ਸਿੱਖ ਜਥੇਬੰਦੀਆਂ ਹੋਈਆਂ ਆਹਮੋ-ਸਾਹਮਣੇ, ਬਿੱਲ ਕਿਸੇ ਵੀ ਢੰਗ ਨਾਲ ਧਾਰਮਿਕ ਮਾਮਲਿਆਂ 'ਚ ਦਖ਼ਲਅੰਦਾਜ਼ੀ ਨਹੀਂ ਕਰਦਾ : ਮੁੱਖ ਮੰਤਰੀ**
- **ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਹੱਕ ਨੂੰ ਵਿਸ਼ੇਸ਼ ਪਰਿਵਾਰ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਦੇ ਉਦੇਸ਼ ਨਾਲ ਚੁੱਕਿਆ ਕਦਮ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਵਿਧਾਨ ਸਭਾ ਨੇ 'ਦਾ ਸਿੱਖ ਗੁਰਦੁਆਰਾ (ਸੋਧ) ਬਿੱਲ-2023' ਨੂੰ ਭਾਰੀ ਬਹੁਮਤ ਨਾਲ ਪਾਸ ਕਰ ਦਿੱਤਾ।

ਪੰਜਾਬ ਵਿਧਾਨ ਸਭਾ ਦੇ ਸਦਨ ਵਿਚ ਬਿੱਲ 'ਤੇ ਚਰਚਾ ਨੂੰ ਸਮੇਟਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਬਿੱਲ ਦਾ ਉਦੇਸ਼ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਅਧਿਕਾਰ 'ਤੇ ਇੱਕ ਵਿਸ਼ੇਸ਼ ਪਰਿਵਾਰ ਦੇ ਬੇਲੋੜੇ ਕੰਟਰੋਲ ਤੋਂ ਮੁਕਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਵਿਰੋਧਭਾਸੀ ਸਥਿਤੀ ਹੈ ਕਿ ਸ਼੍ਰੋਮਣੀ ਕਮੇਟੀ ਇੱਕ ਪਰਿਵਾਰ ਦੇ ਪ੍ਰਭਾਵ ਹੇਠ, ਜੋ ਇਸ ਦੇ ਮਾਮਲਿਆਂ ਨੂੰ ਕੰਟਰੋਲ ਕਰਦਾ ਹੈ, ਵੱਲੋਂ ਇਸੇ ਪਰਿਵਾਰ ਦੇ ਚੈਨਲ ਨੂੰ ਪਵਿੱਤਰ ਗੁਰਬਾਣੀ ਦੇ ਪ੍ਰਸਾਰਨ ਦੇ ਮਾਲਕੀ ਹੱਕ ਦਿੱਤੇ ਹੋਏ ਹਨ। ਭਗਵੰਤ ਮਾਨ ਨੇ ਸਵਾਲ ਕੀਤਾ ਕਿ ਸਰਬ-ਸਾਂਝੀ ਗੁਰਬਾਣੀ ਦੇ ਇਹ ਅਧਿਕਾਰ ਕਿਸੇ ਵੀ ਚੈਨਲ ਨੂੰ ਕਿਵੇਂ ਦਿੱਤੇ ਜਾ ਸਕਦੇ ਹਨ?

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਿੱਲ ਕਿਸੇ ਵੀ ਤਰ੍ਹਾਂ ਨਾਲ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਨਹੀਂ ਕਰਦਾ, ਸਗੋਂ ਗੁਰਬਾਣੀ ਨੂੰ ਘਰ-ਘਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਇਹ ਨਿਮਾਣਾ ਜਿਹਾ ਕਦਮ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਕਰਨ ਲਈ ਸਿੱਖ ਗੁਰਦੁਆਰਾ ਐਕਟ-1925 ਵਿਚ ਧਾਰਾ 125 ਤੋਂ ਬਾਅਦ ਧਾਰਾ 125-ਏ ਨੂੰ ਦਰਜ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਇਸ ਐਕਟ ਵਿਚ ਇਹ ਵਿਵਸਥਾ ਹੋਵੇਗੀ ਕਿ ਮਹਾਨ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦੇ ਪਾਸਾਰ ਲਈ ਬੋਰਡ (ਸ਼੍ਰੋਮਣੀ ਕਮੇਟੀ) ਦਾ ਫਰਜ਼ ਸ੍ਰੀ ਹਰਿਮੰਦਰ ਸਾਹਿਬ ਤੋਂ ਪਵਿੱਤਰ ਗੁਰਬਾਣੀ ਦਾ ਲਾਈਵ ਪ੍ਰਸਾਰਨ (ਆਡੀਓ ਜਾਂ ਆਡੀਓ ਦੇ ਨਾਲ-ਨਾਲ ਵੀਡੀਓ) ਸਾਰੇ ਮੀਡੀਆ ਘਰਾਣਿਆਂ, ਆਊਟਲੈੱਟਜ਼, ਪਲੇਟਫਾਰਮ, ਚੈਨਲਾਂ ਆਦਿ ਜੋ ਵੀ ਚਾਹੁੰਦਾ ਹੋਵੇ, ਨੂੰ ਮੁਹੱਈਆ ਕਰਵਾਉਣ ਦਾ ਹੋਵੇਗਾ। ਇਸ ਐਕਟ ਵਿਚ ਇਹ ਵਿਵਸਥਾ ਵੀ ਹੋਵੇਗੀ ਕਿ ਪ੍ਰਸਾਰਨ ਦੌਰਾਨ ਕਿਸੇ ਵੀ ਕੀਮਤ ਉਤੇ ਇਸ਼ਤਿਹਾਰਬਾਜ਼ੀ/ਵਪਾਰੀਕਰਨ/ਵਿਗਾੜ ਨਾ ਹੋਵੇ।

ਮੁੱਖ ਮੰਤਰੀ ਨੇ ਦੁਹਰਾਇਆ ਕਿ ਇੱਕ ਨਿਮਾਣੇ ਅਤੇ ਸ਼ਰਧਾਵਾਨ ਸਿੱਖ ਹੋਣ ਦੇ ਨਾਤੇ ਉਹ ਦੁਨੀਆਂ ਭਰ ਵਿਚ ਗੁਰਬਾਣੀ ਦਾ ਮੁਫਤ ਪ੍ਰਸਾਰਨ ਕਰਨ ਦੇ ਹੱਕਦਾਰ ਹਨ। ਭਗਵੰਤ ਮਾਨ ਨੇ ਹੈਰਾਨੀ ਪ੍ਰਗਟਾਈ ਕਿ ਇਹ ਪੰਥ 'ਤੇ ਹਮਲਾ ਕਿਵੇਂ ਹੋ ਗਿਆ ਕਿਉਂਕਿ ਉਹ ਸਿਰਫ਼ ਗੁਰਬਾਣੀ ਦੇ ਪ੍ਰਸਾਰਨ 'ਤੇ ਇਕ ਵਿਸ਼ੇਸ਼ ਚੈਨਲ ਦੇ ਕੰਟਰੋਲ ਦੀ ਮੁਖਾਲਫ਼ਤ ਕਰ ਰਹੇ ਹਨ, ਜੋ ਕਿ ਪੂਰੀ ਤਰ੍ਹਾਂ ਅਨਿਆਂਪੂਰਨ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਸਰਕਾਰ ਦੇ ਕਿਸੇ ਚੈਨਲ ਜਾਂ ਕਿਸੇ ਇੱਕ ਵਿਅਕਤੀ ਵਿਸ਼ੇਸ਼ ਨੂੰ ਅਧਿਕਾਰ ਦੇਣਾ ਨਹੀਂ ਹੈ, ਸਗੋਂ ਇਸ ਦਾ ਮਨੋਰਥ ਗੁਰਬਾਣੀ ਸੰਦੇਸ਼ ਨੂੰ ਵਿਸ਼ਵ ਭਰ ਵਿਚ ਫੈਲਾਉਣਾ ਹੈ।

■ **ਬਾਕੀ ਖਬਰ ਸਫਾ 15 'ਤੇ**



## ਅਕਾਲੀ ਦਲ ਵੱਲੋਂ 'ਸਿੱਖ ਗੁਰਦੁਆਰਾ ਐਕਟ ਸੋਧ ਬਿੱਲ' ਸਿੱਖ ਪ੍ਰੰਪਰਾਵਾਂ 'ਤੇ ਸਿੱਧਾ ਹਮਲਾ ਕਰਾਰ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਪਾਸ ਕੀਤੇ ਸਿੱਖ ਗੁਰਦੁਆਰਾ ਐਕਟ ਸੋਧ ਬਿੱਲ ਨੂੰ ਆਮ ਆਦਮੀ ਪਾਰਟੀ ਦੇ 'ਸਿੱਖ ਵਿਰੋਧੀ' ਆਗੂ ਅਰਵਿੰਦ ਕੇਜਰੀਵਾਲ ਦੀ ਸ਼ਹਿ ਉੱਤੇ ਖਾਲਸਾ ਪੰਥ ਦੇ ਧਾਰਮਿਕ ਮਾਮਲਿਆਂ ਵਿਚ ਦਖਲਅੰਦਾਜ਼ੀ ਅਤੇ ਖਾਲਸਾਈ ਪ੍ਰੰਪਰਾਵਾਂ ਉੱਤੇ ਸਿੱਧਾ ਹਮਲਾ ਕਰਾਰ ਦਿੱਤਾ ਅਤੇ ਐਲਾਨ ਕੀਤਾ ਕਿ ਇਸ ਨੂੰ ਕਿਸੇ ਵੀ ਹਾਲਤ ਵਿਚ ਬਰਦਾਸ਼ਤ ਨਹੀ ਕੀਤਾ ਜਾ ਸਕਦਾ।

ਘਟਨਾਚੱਕਰ ਨੂੰ ਬੇਹੱਦ 'ਖ਼ਤਰਨਾਕ' ਕਰਾਰ ਦਿੰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਖਾਲਸਾ ਪੰਥ ਦੇ ਧਾਰਮਿਕ ਮਸਲਿਆਂ 'ਚ ਦਖਲਅੰਦਾਜ਼ੀ ਅਤੇ ਕੌਮ ਦੇ ਪਾਵਨ ਪ੍ਰੰਪਰਾਵਾਂ ਤੇ ਸੰਸਥਾਵਾਂ ਉੱਤੇ ਹਮਲਾ ਬਰਦਾਸ਼ਤ ਕਰਨਾ ਨਾ ਸਿੱਖ ਕੌਮ ਦਾ ਸੁਭਾਅ ਹੈ ਤੇ ਨਾ ਹੀ ਇਹ ਸਾਡਾ ਇਤਿਹਾਸ ਹੈ। ਅਸੀਂ ਇਸ ਵੰਗਾਰ ਦਾ



ਟਾਕਰਾ ਸ਼ਾਨਾਮੱਤੀਆਂ ਖਾਲਸਾਈ ਰਵਾਇਤਾਂ ਅਨੁਸਾਰ ਕਰਾਂਗੇ। ਅਕਾਲੀ ਅਗੂਆਂ ਨੇ ਐਲਾਨ ਕੀਤਾ ਕਿ "ਇਸ ਸੋਧ ਨੂੰ ਕਤਈ ਲਾਗੂ ਨਹੀਂ ਹੋਣ ਦਿੱਤਾ ਜਾਏਗਾ।" ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਆਲ ਇੰਡੀਆ ਐਕਟ ਹੈ ਤੇ ਇਸ ਵਿਚ ਤਰਮੀਮ ਕਰਨਾ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ 'ਚ ਹੀ ਨਹੀਂ ਹੈ। ਕੇਵਲ ਤੇ ਕੇਵਲ ਪਾਰਲੀਮੈਂਟ ਕੋਲ ਹੀ ਇਸ 'ਚ ਤਰਮੀਮ ਕਰਨ ਦਾ ਅਧਿਕਾਰ ਹੈ, ਉਹ ਵੀ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਕੀਤੀ ਜਾਂਦੀ ਕਿਉਂਕਿ ਨਹਿਰੂ-ਮਾਸਟਰ ਤਾਰਾ ਸਿੰਘ ਸਮਝੌਤੇ ਵਿਚ ਸਰਕਾਰ ਵੱਲੋਂ ਇਹ ਗੱਲ ਮੰਨ ਲਈ ਗਈ ਸੀ ਤੇ ਹੁਣ ਇਹ ਇਕ ਪ੍ਰੰਪਰਾ ਬਣ ਚੁੱਕੀ ਹੈ, ਜੋ ਕਾਨੂੰਨ ਦਾ ਰੁਤਬਾ ਹਾਸਿਲ ਕਰ ਚੁੱਕੀ ਹੈ। ਅੱਜ ਤੱਕ ਕੋਈ ਵੀ ਤਰਮੀਮ ਸ਼੍ਰੋਮਣੀ ਕਮੇਟੀ ਦੀ ਮਰਜ਼ੀ ਤੋਂ ਬਿਨਾਂ ਨਹੀਂ ਕੀਤੀ ਗਈ।

## ਸਿੱਖ ਗੁਰਦੁਆਰਾ ਸੋਧ ਬਿੱਲ ਨੂੰ ਲੈ ਕੇ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

- **ਸ਼੍ਰੋਮਣੀ ਕਮੇਟੀ ਵੱਲੋਂ ਬਿੱਲ ਮੁੱਢੋਂ ਰੱਦ**
- **ਪੰਜਾਬ ਸਰਕਾਰ ਵੱਲੋਂ ਸਿੱਖ ਮਾਮਲਿਆਂ 'ਚ ਦਖਲਅੰਦਾਜ਼ੀ ਨੂੰ ਲੈ ਕੇ 26 ਜੂਨ ਨੂੰ ਹੋਵੇਗਾ ਵਿਸ਼ੇਸ਼ ਇਜਲਾਸ: ਐਡਵੋਕੇਟ ਧਾਮੀ**



ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ। ਨਾਲ ਹਨ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਸ. ਭੁਪਿੰਦਰ ਸਿੰਘ ਭਲਵਾਨ, ਸ. ਰਵਿੰਦਰ ਸਿੰਘ ਖਾਲਸਾ ਤੇ ਹੋਰ।

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਵਿਚ ਪਾਸ ਕੀਤੇ ਗਏ ਸਿੱਖ ਗੁਰਦੁਆਰਾ ਸੋਧ ਬਿੱਲ 2023 ਨੂੰ ਮੁੱਢੋਂ ਹੀ ਰੱਦ ਕਰ ਦਿੱਤਾ ਹੈ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ 103 ਸਾਲਾਂ ਦੇ ਸ਼੍ਰੋਮਣੀ ਕਮੇਟੀ ਇਤਿਹਾਸ ਅੰਦਰ ਇਹ ਦਿਨ ਕਾਲੇ ਅੱਖਰਾਂ ਵਿਚ ਯਾਦ ਕੀਤਾ ਜਾਵੇਗਾ, ਜਦੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਗੁਰਦੁਆਰਾ ਪ੍ਰਬੰਧਾਂ 'ਚ ਦਖ਼ਲਅੰਦਾਜ਼ੀ ਕਰਕੇ ਗੈਰ-ਸੰਵਿਧਾਨਕ ਬਿੱਲ ਪਾਸ ਕੀਤਾ ਗਿਆ। ਇਸ ਨੂੰ ਕਿਸੇ ਵੀ ਕੀਮਤ 'ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਜ਼ਾਦ ਭਾਰਤ ਅੰਦਰ ਪੰਜਾਬ ਸਰਕਾਰ ਵੱਲੋਂ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ 'ਤੇ ਕੀਤਾ ਗਿਆ ਇਹ ਹਮਲਾ ਸਿੱਖ ਕੌਮ ਕਦੇ ਨਹੀਂ ਭੁੱਲੇਗੀ। ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਇਸ ਸਿੱਖ ਵਿਰੋਧੀ ਹਰਕਤ ਦਾ ਹਰ ਪੱਧਰ 'ਤੇ ਜਵਾਬ ਦਿੱਤਾ ਜਾਵੇਗਾ, ਜਿਸ ਦੀ ਰੂਪ-ਰੇਖਾ ਤੈਅ ਕਰਨ ਲਈ ਸ਼੍ਰੋਮਣੀ ਕਮੇਟੀ ਦਾ ਵਿਸ਼ੇਸ਼ ਜਨਰਲ ਇਜਲਾਸ 26 ਜੂਨ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸੱਦਿਆ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਧਰਮ ਅਤੇ ਸਿੱਖ ਸੰਸਥਾਵਾਂ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਕੌਮ ਨੇ ਕਦੀ ਵੀ ਬਰਦਾਸ਼ਤ ਨਹੀਂ ਕੀਤੀ ਅਤੇ ਨਾ ਹੀ ਕੀਤੀ ਜਾਵੇਗੀ। ਉਨ੍ਹਾਂ ਇਤਿਹਾਸ ਦੇ ਹਵਾਲੇ ਨਾਲ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਸਮੇਂ ਵੀ ਅੰਗਰੇਜ਼ ਸਰਕਾਰ ਨੇ ਸਰਕਾਰੀ ਕਮੇਟੀ ਕਾਇਮ ਕੀਤੀ ਸੀ, ਜਿਸ ਨੂੰ ਸਿੱਖਾਂ ਨੇ ਅਪ੍ਰਵਾਨ ਕਰਕੇ ਕੌਮ ਦੀ ਆਪਣੀ ਕਮੇਟੀ ਸਥਾਪਤ ਕੀਤੀ ਸੀ। ਹੁਣ ਇਸੇ ਰਾਹ 'ਤੇ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਚੱਲ ਰਹੀ ਹੈ। ਐਡਵੋਕੇਟ ਧਾਮੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਮਾਨ ਸਰਕਾਰ ਜੇਕਰ ਇਹ ਕਾਲਾ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ, ਤਾਂ ਉਸ ਨਾਲ ਸਖ਼ਤੀ ਨਾਲ ਨਜਿੱਠਣਾ ਵੀ ਸਿੱਖ ਕੌਮ ਜਾਣਦੀ ਹੈ। ਉਨ੍ਹਾਂ ਮੁੜ ਦੁਹਰਾਇਆ ਕਿ ਸਿੱਖ ਗੁਰਦੁਆਰਾ ਐਕਟ ਵਿਚ ਸੂਬਾ ਸਰਕਾਰ ਆਪਣੇ ਤੌਰ 'ਤੇ ਕੋਈ ਵੀ ਸੋਧ ਨਹੀਂ ਕਰ ਸਕਦੀ, ਇਹ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀਆਂ ਸਿਫ਼ਾਰਸ਼ਾਂ ਨਾਲ ਹੀ ਹੋ ਸਕਦਾ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਸਰਕਾਰ ਗੁਰਬਾਣੀ ਪ੍ਰਸਾਰਣ ਨੂੰ ਮੁੱਦਾ ਬਣਾ ਕੇ ਸਿੱਖ ਸੰਸਥਾ ਨੂੰ ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਗੁਰਬਾਣੀ ਪ੍ਰਸਾਰਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਸਬ-ਕਮੇਟੀ ਰਾਹੀਂ ਕਾਰਜ ਕਰ ਰਹੀ ਹੈ। ਇਸ ਸਬੰਧ ਵਿਚ ਦੋ ਬੈਠਕਾਂ ਵਿਚ ਕਾਫ਼ੀ ਹੱਦ ਤੱਕ ਭਵਿੱਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾ ਚੁੱਕੀਆਂ ਹਨ ਅਤੇ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੀ ਕੀਤਾ ਜਾ ਰਿਹਾ ਹੈ। ਇਸ ਦੇ ਚੱਲਦਿਆਂ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਕੇਵਲ ਫੋਕੀ ਸ਼ੋਹਰਤ ਖੱਟਣ ਵਾਸਤੇ ਜਾਣਬੁਝ ਕੇ ਇਸ ਮਸਲੇ ਨੂੰ ਉਲਝਾ ਰਹੀ ਹੈ।

## ਹੁਣ ਸੂਬਾ ਸਰਕਾਰ ਕਰੇਗੀ ਡੀ.ਜੀ.ਪੀ. ਦੀ ਨਿਯੁਕਤੀ

**ਚੰਡੀਗੜ੍ਹ, (ਪੰਜਾਬ ਮੇਲ)-**ਪੰਜਾਬ ਵਿਧਾਨ ਸਭਾ ਦਾ ਦੋ ਦਿਨਾ ਵਿਸ਼ੇਸ਼ ਇਜਲਾਸ ਦੇ ਆਖਰੀ ਦਿਨ ਮੰਗਲਵਾਰ ਨੂੰ 'ਆਪ' ਸਰਕਾਰ ਨੇ ਪੰਜਾਬ ਪੁਲਿਸ (ਸੋਧ) ਬਿੱਲ 2023 ਨਾਲ ਸੂਬਾ ਪੁਲਿਸ ਮੁਖੀ ਦੀ ਚੋਣ 'ਚ ਕੇਂਦਰ 'ਚ ਸੰਘ ਲੋਕ ਸੇਵਾ ਕਮਿਸ਼ਨ ਦੀ ਭੂਮਿਕਾ ਨੂੰ ਦਰਕਿਨਾਰ ਕਰ ਦਿੱਤਾ। ਪੰਜਾਬ ਪੁਲਿਸ (ਸੋਧ) ਬਿੱਲ 2023 ਸੂਬਾ ਪੁਲਿਸ ਮੁਖੀ ਦੀ ਚੋਣ ਲਈ ਪ੍ਰਕਿਰਿਆ ਨਿਰਧਾਰਤ ਕਰਦੇ ਹੋਏ ਪੰਜਾਬ ਪੁਲਿਸ ਐਕਟ 2007 ਦੀ ਇਕ ਵਿਵਸਥਾ ਨੂੰ ਬਦਲਦਾ ਹੈ। ਸੋਧ ਬਿੱਲ ਅਨੁਸਾਰ ਸਰਕਾਰ ਵਲੋਂ ਨਿਯੁਕਤ ਕਮੇਟੀ ਡੀ.ਜੀ. ਪੀ. ਦੇ ਅਹੁਦੇ ਲਈ ਵਿਚਾਰੇ ਜਾਣ ਲਈ 3 ਆਈ.ਪੀ.ਐੱਸ. ਅਧਿਕਾਰੀਆਂ ਦਾ ਪੈਨਲ ਬਣਾਵੇਗੀ। ਸੂਬਾ ਸਰਕਾਰ ਉਨ੍ਹਾਂ 'ਚੋਂ ਇਕ ਦੀ ਚੋਣ ਕਰੇਗੀ।

■ **ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ (ਸੋਧ) ਬਿੱਲ ਪਾਸ**



## ਯੂਨੀਵਰਸਿਟੀ ਨੂੰ ਲੈ ਕੇ ਰਾਜਪਾਲ ਦੇ ਅਧਿਕਾਰਾਂ 'ਚ ਵੱਡੀ ਕਟੌਤੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਨੇ ਸੰਖੇਪ ਜਿਹੀ ਬਹਿਸ ਤੋਂ ਬਾਅਦ ਰਾਜਪਾਲ ਦੀ ਥਾਂ ਮੁੱਖ ਮੰਤਰੀ ਨੂੰ ਸਰਕਾਰੀ ਯੂਨੀਵਰਸਿਟੀਆਂ ਦੇ ਚਾਂਸਲਰ ਦੇ ਰੂਪ 'ਚ ਬਦਲਣ ਲਈ ਬਿੱਲ ਪਾਸ ਕਰ ਦਿੱਤਾ। ਪੰਜਾਬ ਯੂਨੀਵਰਸਿਟੀਜ਼ ਲਾਅਜ਼ (ਸੋਧ) ਬਿੱਲ 2023 ਸੰਖੇਪ ਜਿਹੀ ਚਰਚਾ ਦੇ ਬਾਅਦ ਪਾਸ ਕਰ ਦਿੱਤਾ ਗਿਆ। ਸੱਤਾਧਾਰੀ ਆਮ ਆਦਮੀ ਪਾਰਟੀ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਇਕੋ-ਇਕ ਵਿਧਾਇਕ ਨੇ ਇਸ ਬਿੱਲ ਦਾ ਸਮਰਥਨ ਕੀਤਾ। 'ਆਪ' ਸਰਕਾਰ ਵਲੋਂ ਇਹ ਕਦਮ ਭਗਵੰਤ ਮਾਨ ਸਰਕਾਰ ਅਤੇ ਰਾਜਪਾਲ ਦਰਮਿਆਨ ਕਈ ਮੁੱਦਿਆਂ 'ਤੇ ਮਤਭੇਦਾਂ ਦਰਮਿਆਨ ਚੁੱਕਿਆ ਗਿਆ ਹੈ, ਜਿਸ ਵਿਚ ਉਪ ਕੁਲਪਤੀ ਦੇ ਅਹੁਦੇ 'ਤੇ ਸੂਬਾ ਸਰਕਾਰ ਵਲੋਂ ਕੀਤੀਆਂ ਗਈਆਂ ਕੁਝ ਨਿਯੁਕਤੀਆਂ ਵੀ ਸ਼ਾਮਲ ਹਨ। ਇਸ ਮੌਕੇ ਮੁੱਖ ਮੰਤਰੀ ਨੇ ਦੱਸਿਆ ਕਿ ਸੂਬੇ ਵਿਚ ਸਰਕਾਰੀ ਤੇ ਨਿੱਜੀ ਖੇਤਰ ਦੀਆਂ 36 ਯੂਨੀਵਰਸਿਟੀਆਂ ਹਨ।

## ਦੋਵੇਂ ਧਿਰਾਂ ਮਿਲ-ਬੈਠ ਕੇ ਮਸਲੇ ਦਾ ਹੱਲ ਲੱਭਣ: ਅਕਾਲ ਤਖ਼ਤ ਜਥੇਦਾਰ



**ਅੰਮ੍ਰਿਤਸਰ, (ਪੰਜਾਬ ਮੇਲ)-** ਹਰਿਮੰਦਰ ਸਾਹਿਬ 'ਚ ਹੁੰਦੇ ਕੀਰਤਨ ਦੇ ਪ੍ਰਸਾਰਨ ਬਾਰੇ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ 'ਚ ਮਤਾ ਪਾਸ ਕਰਨ ਤੋਂ ਪਹਿਲਾਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਰਕਾਰ ਨੂੰ ਆਖਿਆ ਕਿ ਉਹ ਸਿੱਖਾਂ ਦੀ ਸਰਵ-ਉੱਚ ਸੰਸਥਾ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖ਼ਲਅੰਦਾਜ਼ੀ ਨਾ ਕਰੇ। ਵੀਡੀਓ ਬਿਆਨ ਰਾਹੀਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਸਰਕਾਰ ਦੀ ਇਹ ਕਾਰਵਾਈ ਸਿੱਖ ਪੰਥ ਵਿਚ ਦੁਬਿਧਾ ਪੈਦਾ ਕਰ ਰਹੀ ਹੈ। ਗੁਰਬਾਣੀ ਪ੍ਰਸਾਰਨ ਦੇ ਮਾਮਲੇ ਵਿਚ ਦੋਵਾਂ ਧਿਰਾਂ ਨੂੰ ਮਿਲ ਬੈਠ ਕੇ ਆਪਸੀ ਗੱਲਬਾਤ ਰਾਹੀਂ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ। ਗੁਰਬਾਣੀ ਦੇ ਪ੍ਰਸਾਰਨ ਦਾ ਮਾਮਲਾ ਭਾਵੇਂ ਮਰਿਆਦਾ ਨਾਲ ਨਹੀਂ ਜੁੜਿਆ ਪਰ ਇਸ ਦੇ ਪ੍ਰਸਾਰਨ ਤੋਂ ਬਾਅਦ ਇਹ ਮਰਿਆਦਾ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਸ਼ੰਕਾ ਪ੍ਰਗਟਾਈ ਹੈ ਕਿ ਜੇ ਗੁਰਬਾਣੀ ਦੇ ਪ੍ਰਸਾਰਨ ਨੂੰ ਖੁੱਲ੍ਹਾ ਛੱਡ ਦਿੱਤਾ ਜਾਵੇਗਾ ਤਾਂ ਅਗਾਂਹ ਚੱਲ ਕੇ ਇਹ ਮਰਿਆਦਾ ਦਾ ਮਸਲਾ ਬਣੇਗਾ। ਉਨ੍ਹਾਂ ਨੇ ਆਮ ਆਦਮੀ ਪਾਰਟੀ ਅਤੇ ਹੋਰ ਪਾਰਟੀਆਂ ਦੇ ਸਿੱਖ ਵਿਧਾਇਕਾਂ ਨੂੰ ਆਖਿਆ ਕਿ ਇਸ ਮਾਮਲੇ 'ਚ ਮਤਾ ਲਿਆਉਣ ਅਤੇ ਪਾਸ ਕਰਨ ਲਈ ਕੋਈ ਕਾਹਲੀ ਨਾ ਕੀਤੀ ਜਾਵੇ। ਇਸ ਸਬੰਧੀ ਮਸਲੇ ਨੂੰ ਮਿਲ-ਬੈਠ ਕੇ ਹੱਲ ਕਰਨਾ ਚਾਹੀਦਾ ਹੈ।

# ਵਿਦੇਸ਼ ਜਾਣ ਦੀ ਵਧਦੀ ਖ਼ਾਹਿਸ਼ ਨੇ ਪੰਜਾਬ ਦੇ ਕਈ ਕਾਲਜ ਨੂੰ ਕੀਤਾ ਖਾਲੀ!

- **ਬੀਤੇ ਛੇ ਸਾਲਾਂ 'ਚ ਕਾਲਜ ਵਿਚਾਲੇ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ 15-40 ਫੀਸਦੀ ਤੱਕ ਵਧੀ**
- **ਸਾਲ ਦਾ ਡਿਪਲੋਮਾ ਕੋਰਸ ਲੈ, ਵੀਜ਼ਾ ਮਿਲਦੇ ਹੀ ਵਿਦਿਆਰਥੀ ਮਾਰ ਜਾਂਦੇ ਨੇ ਉਡਾਰੀ**

**ਜਲੰਧਰ, (ਪੰਜਾਬ ਮੇਲ)-** ਪੰਜਾਬ 'ਚ ਇਕ ਪਾਸੇ ਜਿੱਥੇ 'ਆਈਲਟਸ' ਕੇਂਦਰਾਂ ਅੱਗੇ ਕਤਾਰਾਂ ਲੰਮੀਆਂ ਹੁੰਦੀਆਂ ਜਾ ਰਹੀਆਂ ਹਨ, ਉੱਥੇ ਦੂਜੇ ਪਾਸੇ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਇਸ ਫ਼ਰਕ ਤੇ ਵਿਦੇਸ਼ ਜਾਣ ਦੀ ਵਧਦੀ ਖ਼ਾਹਿਸ਼ ਨੇ ਕਈ ਕਾਲਜਾਂ ਨੂੰ ਲਗਪਗ ਖਾਲੀ ਹੀ ਕਰ ਦਿੱਤਾ ਹੈ। ਕਾਲਜ ਪ੍ਰਿੰਸੀਪਲਾਂ ਦਾ ਕਹਿਣਾ ਹੈ ਕਿ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿਚ ਪਿਛਲੇ 5-6 ਸਾਲਾਂ ਵਿਚ 15 ਤੋਂ 40 ਪ੍ਰਤੀਸ਼ਤ ਦਾ ਵਾਧਾ ਦੇਖਿਆ ਗਿਆ ਹੈ। ਮਾਸਟਰਜ਼ (ਐੱਮ.ਏ.) ਪੱਧਰ ਦੇ ਕੋਰਸਾਂ ਵਿਚ ਦਾਖਲਾ ਲੈਣ ਦੇ ਚਾਹਵਾਨ ਐਨੇ ਘੱਟ ਹਨ ਕਿ ਕਈ ਕਾਲਜਾਂ ਨੂੰ ਇਹ ਕਲਾਸਾਂ ਬੰਦ ਕਰਨੀਆਂ ਪਈਆਂ ਹਨ। ਮਿਸਾਲ ਵਜੋਂ ਨਕੋਦਰ ਦਾ ਗੁਰੂ ਨਾਨਕ ਨੈਸ਼ਨਲ ਕਾਲਜ, ਜੋ ਕਿ 1969 ਤੋਂ ਚੱਲ ਰਿਹਾ ਹੈ, 'ਚ ਵਿਦਿਆਰਥੀਆਂ ਦੀ ਗਿਣਤੀ ਇਸ ਵੇਲੇ ਕਰੀਬ 500 ਹੈ, ਜੋ ਕਿ ਕਿਸੇ ਵੇਲੇ 1500 ਤੋਂ ਵੱਧ ਹੁੰਦੀ ਸੀ। ਪਿਛਲੇ ਸਾਲ 250 ਵਿਦਿਆਰਥੀਆਂ ਨੇ ਗ੍ਰੈਜੂਏਸ਼ਨ ਕੋਰਸਾਂ ਲਈ ਪਹਿਲੇ ਸਾਲ ਵਿਚ ਦਾਖਲਾ ਲਿਆ ਸੀ। ਜਦਕਿ ਦੂਜੇ ਸਾਲ ਵਿਚ ਇਹ ਗਿਣਤੀ 125 ਰਹਿ ਗਈ। ਕਾਲਜ ਦੇ ਪ੍ਰਿੰਸੀਪਲ ਪ੍ਰਬਲ ਜੋਸ਼ੀ ਨੇ ਕਿਹਾ ਕਿ 'ਵਿਦਿਆਰਥੀ ਇਹ ਕਹਿ ਕੇ ਦਾਖਲਾ ਲੈਂਦੇ ਹਨ ਕਿ ਵੀਜ਼ਾ ਆਉਣ 'ਤੇ ਉਹ ਕੋਰਸ ਛੱਡ ਦੇਣਗੇ।' ਇਸੇ ਤਰ੍ਹਾਂ ਬੀ.ਡੀ. ਆਰੀਆ ਕਾਲਜ 'ਚ ਵਿਦਿਆਰਥੀਆਂ ਦੀ ਗਿਣਤੀ ਵੀ 300 ਹੀ ਹੈ। ਕਾਲਜ ਪ੍ਰਸ਼ਾਸਨ ਨੇ ਦਾਖਲਾ ਨਾ ਹੋਣ ਕਰ ਕੇ ਮਾਸਟਰਜ਼ ਬੰਦ ਕਰ ਦਿੱਤੀ ਹੈ।

ਕਾਲਜ ਦੀ ਕਾਰਜਕਾਰੀ ਪ੍ਰਿੰਸੀਪਲ ਪਰਮਿੰਦਰ ਕੌਰ ਨੇ ਕਿਹਾ ਕਿ ਉਹ ਇਸ ਮੁੱਦੇ 'ਤੇ ਹਾਲ ਹੀ ਵਿਚ ਕੇਂਦਰੀ ਸਿੱਖਿਆ ਮੰਤਰੀ ਨੂੰ ਮਿਲੇ ਸਨ। ਉਨ੍ਹਾਂ ਕਿਹਾ, 'ਮੈਂ ਮੰਤਰੀ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਦਾ ਇਨ੍ਹਾਂ ਕਾਲਜਾਂ ਵਿਚ ਰੁਕਣਾ ਤੇ ਪੜ੍ਹਨਾ ਯਕੀਨੀ ਬਣਾਉਣ ਲਈ ਕੁਝ ਨਾ ਕੁਝ ਕਰਨ ਦੀ ਲੋੜ ਹੈ।' ਮਾਤਾ ਸਾਹਿਬ ਕੌਰ ਖਾਲਸਾ ਕਾਲਜ ਫਾਰ ਵਿਮੈੱਨ ਢੰਡੋਵਾਲ ਵਿਚ ਮਹਿਜ਼ 100 ਵਿਦਿਆਰਥੀ ਬਚੇ ਹਨ ਤੇ ਇਸ ਸਾਲ ਕਾਲਜ ਵਿਚ ਮਾਸਟਰਜ਼ ਕੋਰਸ ਬੰਦ ਕਰ ਦਿੱਤਾ ਗਿਆ ਹੈ।

ਸੰਨ 1970 ਤੋਂ ਨਕੋਦਰ 'ਚ ਚੱਲ ਰਹੇ ਡੀ.ਏ.ਵੀ. ਕਾਲਜ 'ਚ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 450 ਰਹਿ ਗਈ ਹੈ। ਕਾਲਜ ਪ੍ਰਿੰਸੀਪਲ ਅਨੂਪ ਵਤਸ ਨੇ ਕਿਹਾ ਕਿ ਇਹ ਕਾਲਜ ਇਲਾਕੇ ਵਿਚ ਲੋਕਾਂ ਦੀ ਵੱਡੀ ਮੰਗ 'ਤੇ ਸਥਾਪਿਤ ਹੋਇਆ ਸੀ।

ਕਿਸੇ ਵੇਲੇ ਇੱਥੇ ਮਹਿਤਪੁਰ, ਨੂਰਮਹਿਲ ਤੇ ਸ਼ਾਹਕੋਟ ਤੋਂ ਵਿਦਿਆਰਥੀ ਆਉਂਦੇ ਸਨ, ਪਰ ਹੁਣ ਵਿਦਿਆਰਥੀ ਬਸ ਉਡਾਰੀ ਮਾਰਨ ਲਈ ਤਿਆਰ ਰਹਿੰਦੇ ਹਨ, ਜਦ ਵੀ ਮੌਕਾ ਮਿਲਦਾ ਹੈ, ਉਹ ਬਸ ਚਲੇ ਜਾਂਦੇ ਹਨ। ਕਾਲਜ ਪ੍ਰਿੰਸੀਪਲਾਂ ਨੇ ਕਿਹਾ ਕਿ ਸਰਕਾਰ ਨੂੰ ਇਸ 'ਬਰੇਨ ਡਰੇਨ' ਨੂੰ ਰੋਕਣ ਲਈ ਕੁਝ ਕਦਮ ਚੁੱਕਣੇ ਚਾਹੀਦੇ ਹਨ ਤੇ ਪੰਜਾਬ ਵਿਚ ਉੱਚ ਸਿੱਖਿਆ ਨੂੰ ਬਚਾਉਣਾ ਚਾਹੀਦਾ ਹੈ।

ਡੀ.ਏ.ਵੀ. ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਨੇ ਕਿਹਾ ਕਿ ਵਿਦਿਆਰਥੀ ਹੁਣ ਡਿਗਰੀ ਕੋਰਸਾਂ ਦੀ ਬਜਾਏ ਇਕ ਸਾਲ ਦੇ ਡਿਪਲੋਮਾ ਕੋਰਸਾਂ ਨੂੰ ਹੀ ਪਹਿਲ ਦੇ ਰਹੇ ਹਨ। ਉਨ੍ਹਾਂ ਕਿਹਾ, 'ਉਹ ਆਪਣੇ ਵੀਜ਼ੇ ਦੀ ਉਡੀਕ ਕਰਦੇ ਹਨ ਤੇ ਜਦ ਵੀ ਲੱਗਦਾ ਹੈ, ਚਲੇ ਜਾਂਦੇ ਹਨ। ਇਕ ਸਾਲ ਦੇ ਡਿਪਲੋਮੇ ਵਿਚ ਉਹ ਇਸ ਲਈ ਦਾਖਲਾ ਲੈਂਦੇ ਹਨ, ਤਾਂ ਜੋ ਪੜ੍ਹਾਈ ਦੀ ਲਗਾਤਾਰਤਾ ਨੂੰ ਕਾਇਮ ਰੱਖਿਆ ਦਰਸਾ ਸਕਣ।' ਉਨ੍ਹਾਂ ਕਿਹਾ ਕਿ ਕੋਈ ਸਮਾਂ ਸੀ, ਜਦ ਮਾਸਟਰਜ਼ ਵਿਚ ਦਾਖਲੇ ਲਈ ਪ੍ਰੀਖਿਆ ਹੁੰਦੀ ਸੀ, ਜਦਕਿ ਹੁਣ ਇਹ ਸੀਟਾਂ ਜ਼ਿਆਦਾਤਰ ਖਾਲੀ ਰਹਿੰਦੀਆਂ ਹਨ। ਜੀ.ਐੱਨ.ਡੀ.ਯੂ. ਕਾਲਜ ਨਕੋਦਰ ਤੋਂ ਪ੍ਰਿੰਸੀਪਲ ਵਜੋਂ ਸੇਵਾਮੁਕਤ ਹੋਏ ਜਸਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਨੌਜਵਾਨਾਂ ਦਾ ਸਰਕਾਰੀ ਤੰਤਰ ਵਿਚ ਯਕੀਨ ਖ਼ਤਮ ਹੋ ਗਿਆ ਹੈ, ਜੇਕਰ ਉਨ੍ਹਾਂ ਨੂੰ ਇੱਥੇ ਕੋਈ ਪੇਸ਼ਾ ਨਜ਼ਰ ਨਹੀਂ ਆਉਂਦਾ ਤਾਂ ਉਹ ਯਕੀਨੀ ਤੌਰ ਉਤੇ ਵਿਦੇਸ਼ਾਂ ਦਾ ਰੁਖ਼ ਕਰਦੇ ਹਨ।

## ਜੰਗ-ਏ-ਆਜ਼ਾਦੀ ਯਾਦਗਾਰ ਵਿਚ ਭ੍ਰਿਸ਼ਟਾਚਾਰ ਕਰਨ ਵਾਲਿਆਂ ਨੂੰ ਬੇਪਰਦ ਕਰਾਂਗੇ-ਮੁੱਖ ਮੰਤਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ



ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਣ ਕਰਦਿਆਂ ਕਿਹਾ ਕਿ ਲੋਕਾਂ ਦੇ ਪੈਸੇ ਖੁਰਦ-ਬੁਰਦ ਕਰਨ ਲਈ ਹਰੇਕ ਹਮਦਰਦ, ਸਿਰਦਰਦ ਜਾਂ ਬੇਦਰਦ ਨੂੰ ਬੇਪਰਦ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ, "ਵਿਜੀਲੈਂਸ ਬਿਊਰੋ ਸ਼ਹੀਦਾਂ ਦੀ ਯਾਦਗਾਰ 'ਜੰਗ-ਏ-ਅਜ਼ਾਦੀ' ਦੀ ਇਮਾਰਤ ਬਣਾਉਣ ਵਿਚ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਦੇ ਸਬੰਧ ਵਿਚ ਰਸੂਖਦਾਰ ਵਿਅਕਤੀ ਨੂੰ ਬੁਲਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਕਿ ਇਹ ਮੀਡੀਆ ਉਤੇ ਹਮਲਾ ਕਿਵੇਂ ਹੋਇਆ? ਭਗਵੰਤ ਮਾਨ ਨੇ ਕਿਹਾ ਕਿ ਇਹ ਮਾਮਲਾ ਮਹਾਨ ਸ਼ਹੀਦਾਂ ਦੇ ਨਾਮ ਉਤੇ ਬਣਾਈ ਗਈ ਯਾਦਗਾਰ ਲਈ ਵਰਤੀ 200 ਕਰੋੜ ਦੀ ਰਾਸ਼ੀ ਦੀ ਜਵਾਬਦੇਹੀ ਦਾ ਹੈ।"

ਮੁੱਖ ਮੰਤਰੀ ਨੇ ਕਿਹਾ ਕਿ ਕੀ ਇਹ ਪੈਸਾ ਮੀਡੀਆ ਦੇ ਨਾਮ ਉਤੇ ਜਾਰੀ ਕੀਤਾ ਗਿਆ? ਜੇਕਰ ਨਹੀਂ ਤਾਂ ਫੇਰ ਅਖਬਾਰ ਦਾ ਇਸ ਨਾਲ ਕੀ ਲੈਣਾ-ਦੇਣਾ? ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ, "ਮੈਂ ਉਨ੍ਹਾਂ ਵਿਚੋਂ ਨਹੀਂ, ਜਿਹੜੇ ਆਪਣੇ ਗੁਨਾਹਾਂ ਤੋਂ ਬਚਣ ਲਈ ਹਮਦਰਦ ਦੇ ਪੈਰੀਂ ਡਿਗਦੇ ਹਨ।" ਭਗਵੰਤ ਮਾਨ ਨੇ ਕਿਹਾ ਕਿ ਉਹ ਲੋਕਾਂ ਦੇ ਇਕ-ਇਕ ਪੈਸੇ ਦਾ ਹਿਸਾਬ ਲੈਣ ਲਈ ਜੁਆਬਦੇਹੀ ਤੈਅ ਕਰਨਗੇ।

## ਮੋਗਾ ਜਵੈਲਰ ਕਤਲ ਕਾਂਡ: ਚਾਰੋ ਦੋਸ਼ੀ ਗ੍ਰਿਫਤਾਰ

- **ਪੰਜਾਬ ਪੁਲਿਸ ਵੱਲੋਂ ਬਿਹਾਰ ਪੁਲਿਸ ਅਤੇ ਕੇਂਦਰੀ ਏਜੰਸੀਆਂ ਦੇ ਨਾਲ ਸਾਂਝੇ ਆਪ੍ਰੇਸ਼ਨ ਤਹਿਤ ਕਾਰਵਾਈ**
- **ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਸੂਬੇ ਵਿਚੋਂ ਅਪਰਾਧਿਕ ਨੈੱਟਵਰਕਾਂ ਨੂੰ ਨੇਸਤੇ-ਨਾਬੂਤ ਕਰਨ ਲਈ ਵਚਨਬੱਧ**

**ਚੰਡੀਗੜ/ਮੋਗਾ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਵੱਡੀ ਸਫਲਤਾ ਦਰਜ ਕਰਦਿਆਂ ਪੰਜਾਬ ਪੁਲਿਸ ਦੀ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏ.ਜੀ.ਟੀ.ਐੱਫ.) ਅਤੇ ਮੋਗਾ ਪੁਲਿਸ ਨੇ ਬਿਹਾਰ ਪੁਲਿਸ ਤੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਚਲਾਏ ਸਾਂਝੇ ਅਪਰੇਸ਼ਨ ਤਹਿਤ ਮੋਗਾ ਜਵੈਲਰ ਕਤਲ ਕੇਸ ਵਿਚ ਸ਼ਾਮਲ 4 ਦੋਸ਼ੀਆਂ ਨੂੰ ਗਿਰਫਤਾਰ ਕਰਕੇ ਉਕਤ ਕਤਲ ਕਾਂਡ ਦੀ ਗੁੱਥੀ ਸੁਲਝਾ ਲਈ ਹੈ ।

ਇਹ ਜਾਣਕਾਰੀ ਦਿੰਦਿਆਂ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਨੇ ਐਤਵਾਰ ਨੂੰ ਇੱਥੇ ਦੱਸਿਆ ਕਿ ਕਤਲ ਨੂੰ ਅੰਜਾਮ ਦੇਣ ਵਾਲਿਆਂ ਵਿਚ ਸ਼ਾਮਲ 3 ਦੋਸ਼ੀਆਂ ਨੂੰ ਪਟਨਾ, ਬਿਹਾਰ ਤੋਂ ਅਤੇ ਇੱਕ ਦੋਸ਼ੀ ਨੂੰ ਨਾਂਦੇੜ, ਮਹਾਂਰਾਸ਼ਟਰ ਤੋਂ ਗ੍ਰਿਫਤਾਰ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 12 ਜੂਨ, 2023 ਨੂੰ ਮੋਗਾ ਵਿਚ ਪੰਜ ਅਣਪਛਾਤੇ ਵਿਅਕਤੀਆਂ ਨੇ ਇੱਕ ਸਵਰਨਕਾਰੀ (ਜਿਊਲਰੀ) ਦੁਕਾਨ ਦੇ ਮਾਲਕ ਪਰਮਿੰਦਰ ਸਿੰਘ ਨੂੰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਉਸ ਦੀ ਦੁਕਾਨ 'ਏਸ਼ੀਆ ਜਵੈਲਰਜ਼' 'ਚੋਂ ਬੰਦੂਕ ਦੀ ਨੋਕ 'ਤੇ ਸੋਨੇ ਦੇ ਗਹਿਣੇ ਲੁੱਟ ਲਏ ਸਨ। ਗ਼ੌਰਤਲਬ ਹੈ ਕਿ ਮੌਕਾ ਵਾਰਦਾਤ ਤੋਂ ਫਰਾਰ ਹੋਣ ਤੋਂ ਪਹਿਲਾਂ ਦੋਸ਼ੀਆਂ ਨੇ ਮ੍ਰਿਤਕ ਪਰਮਿੰਦਰ ਸਿੰਘ ਤੋਂ ਉਸਦਾ ਲਾਇਸੈਂਸੀ ਰਿਵਾਲਵਰ ਵੀ ਖੋਹ ਲਿਆ ਸੀ । ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਤਿੰਨ ਮੁਲਜਮਾਂ ਜਿੰਨਾਂ ਦੀ ਪਛਾਣ ਰਾਜਵਿੰਦਰ ਸਿੰਘ ਉਰਫ ਮੰਗਾ ਉਰਫ ਰਾਜੂ ਵਾਸੀ ਮੋਗਾ, ਰਾਜਵੀਰ ਸਿੰਘ ਉਰਫ ਅਵਿਨਾਸ਼ ਸਿੰਘ ਵਾਸੀ ਬਿਹਾਰ ਅਤੇ ਵਰੁਣ ਜੈਜ਼ੀ ਉਰਫ ਵਾਨੂ ਵਾਸੀ ਜਲੰਧਰ ਵਜੋਂ ਹੋਈ, ਨੂੰ ਬਿਹਾਰ ਦੇ ਪਟਨਾ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਜਦਕਿ ਚੌਥੇ ਮੁਲਜ਼ਮ, ਜਿਸਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਗੋਪੀ ਵਜੋਂ ਹੋਈ ਹੈ, ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਨਾਂਦੇੜ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਟੀਮਾਂ ਵੱਲੋਂ ਵਾਰਦਾਤ ਦੌਰਾਨ ਵਰਤੇ ਗਏ ਦੋ ਪਿਸਤੌਲ, ਜਿਨਾਂ ਵਿਚ ਇੱਕ .315 ਬੋਰ (ਦੇਸੀ ) ਅਤੇ ਇੱਕ .32 ਬੋਰ ਪਿਸਤੌਲ ਸਮੇਤ ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਮੁਲਜ਼ਮਾਂ ਕੋਲੋਂ ਮ੍ਰਿਤਕ ਪਰਮਿੰਦਰ ਸਿੰਘ ਦਾ ਲਾਇਸੈਂਸੀ ਰਿਵਾਲਵਰ ਵੀ ਬਰਾਮਦ ਕੀਤਾ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਾਰੇ ਮੁਲਜ਼ਮ ਜੁਰਾਇਮ-ਪੇਸ਼ਾ (ਹਿਸਟਰੀ ਸ਼ੀਟਰ) ਹਨ ਅਤੇ ਇਨ੍ਹਾਂ ਖ਼ਿਲਾਫ਼ ਪੰਜਾਬ ਅਤੇ ਬਿਹਾਰ ਰਾਜ ਵਿਚ ਡਕੈਤੀ, ਚੋਰੀ, ਅਸਲਾ ਐਕਟ, ਐੱਨ.ਡੀ.ਪੀ.ਐੱਸ. ਐਕਟ ਆਦਿ ਦੇ ਅਪਰਾਧਿਕ ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮ ਰਾਜਵੀਰ ਇਸ ਤੋਂ ਪਹਿਲਾਂ ਜਲੰਧਰ ਦੀ ਅਦਾਲਤ ਵਿਚ ਪੇਸ਼ੀ ਦੌਰਾਨ ਪੁਲਿਸ ਹਿਰਾਸਤ ਵਿਚੋਂ ਭੱਜ ਗਿਆ ਸੀ ਅਤੇ ਉਦੋਂ ਤੋਂ ਹੀ ਫਰਾਰ ਸੀ।




# ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਦੱਖਣੀ ਏਸ਼ੀਆ 'ਚ ਘੱਟ ਗਿਣਤੀਆਂ ਨਾਲ ਹੁੰਦੇ ਵਿਤਕਰੇ ਬਾਰੇ ਅਹਿਮ ਇਕੱਤਰਤਾ





ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਇੱਕ ਅਹਿਮ ਇਕੱਤਰਤਾ ਕੀਤੀ ਗਈ। ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਖੇ ਹੋਈ ਇਸ ਇਕੱਤਰਤਾ ਵਿਚ ਦੱਖਣੀ ਏਸ਼ੀਆ ਵਿਚ ਘੱਟ-ਗਿਣਤੀਆਂ ਨਾਲ ਹੁੰਦੇ ਵਿਤਕਰੇ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ।

ਇਸ ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਕਾਂਗਰਸਮੈਨ ਡੇਵਿਡ ਵਾਲਾਡਾਓ (ਜਿਹੜੇ ਕਿ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਦੇ ਕੋ-ਚੇਅਰ ਹਨ), ਯੂ.ਐੱਨ. ਅੰਡਰ ਸੈਕਟਰੀ ਜਨਰਲ ਐਲਿਸ ਡੈਰਿਟੋ, ਆਈ.ਆਰ.ਐੱਫ. ਦੀ ਪ੍ਰੈਜ਼ੀਡੈਂਟ ਨਦੀਨਾ ਮੈਂਜ਼ਾ, ਯੂ.ਐੱਨ. ਗਲੋਬਲ ਸਟੇਰਿੰਗ ਕਮੇਟੀ ਦੇ ਮੈਂਬਰ ਡਾਕਟਰ ਇਕਤੀਦਾਰ ਚੀਮਾ ਅਤੇ ਕਾਂਗਰਸਮੈਨ ਜਿਮ ਕੋਸਟਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਅਮਰੀਕਾ ਭਰ ਤੋਂ ਸਿੱਖ ਆਗੂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ, ਜਿਨ੍ਹਾਂ ਵਿਚ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਹਰਜਿੰਦਰ ਸਿੰਘ, ਯਾਦਵਿੰਦਰ ਸਿੰਘ, ਜੁਗਰਾਜ ਸਿੰਘ, ਬਖਸ਼ੀਸ਼ ਸਿੰਘ, ਡਾ. ਅਮਰਜੀਤ ਸਿੰਘ ਅਤੇ ਗੁਰਲੀਨ ਸਿੰਘ ਬੋਪਾਰਾਏ ਵੀ ਸ਼ਾਮਲ ਸਨ। ਇਸ ਇਕੱਤਰਤਾ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਬਾਰੇ ਵੀ ਵਿਚਾਰ ਚਰਚਾ ਹੋਈ, ਕਿਉਂਕਿ ਦੱਖਣੀ ਏਸ਼ੀਆ ਵਿਚ ਭਾਰਤ ਵੀ ਅਜਿਹਾ ਮੁਲਕ ਹੈ, ਜਿੱਥੇ ਘੱਟ-ਗਿਣਤੀਆਂ ਨਾਲ ਵਿਤਕਰਾ ਹੋ ਰਿਹਾ ਹੈ। ਯੂ.ਐੱਨ. ਗਲੋਬਲ ਸਟੇਰਿੰਗ ਕਮੇਟੀ ਦੇ ਮੈਂਬਰ ਡਾਕਟਰ ਇਕਤਿਦਾਰ ਚੀਮਾ ਨੇ ਡਾਟਾ ਰਾਹੀਂ ਦੱਖਣੀ ਏਸ਼ੀਆਈ ਮੁਲਕਾਂ ਵਿਚ ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਅਮਰੀਕੀ ਕਾਂਗਰਸ ਨੂੰ ਅਪੀਲ ਕੀਤੀ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਉਨ੍ਹਾਂ ਨੂੰ ਘੱਟ ਗਿਣਤੀਆਂ ਦੀ ਰੱਖਿਆ ਕਰਨ ਲਈ ਅਪੀਲ ਕੀਤੀ ਜਾਵੇ, ਤਾਂ ਕਿ ਘੱਟ-ਗਿਣਤੀਆਂ ਨਾਲ ਹੋ ਰਹੇ ਵਿਤਕਰੇ ਨੂੰ ਰੋਕਿਆ ਜਾ ਸਕੇ। ਕਾਂਗਰਸਮੈਨ ਜਿਮ ਕੋਸਟਾ ਨੇ ਆਪਣੀ ਤਕਰੀਰ ਵਿਚ ਕਿਹਾ ਕੀ ਅਜਿਹੇ ਵਰਤਾਰਿਆਂ ਦੀ ਸਹੀ ਤਰੀਕੇ ਨਾਲ ਰੋਕਥਾਮ ਹੋਣੀ ਚਾਹੀਦੀ ਹੈ। ਯੂ ਸਰਫ਼ ਦੀ ਸਾਬਕਾ ਚੇਅਰਮੈਨ ਅਤੇ ਆਰ.ਆਰ.ਐੱਫ. ਦੀ ਮੌਜੂਦਾ ਪ੍ਰਧਾਨ ਨਦੀਨ ਮੈਂਜ਼ਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਭਾਰਤ ਨੂੰ 'ਕੰਟਰੀ ਆਫ ਪਰਟੀਕੁਲਰ ਕਨਸਰਨ' ਘੋਸ਼ਿਤ ਕੀਤਾ ਗਿਆ ਹੈ। ਯੂ.ਐੱਨ. ਅੰਡਰ ਸੈਕਟਰੀ ਜਰਨਲ ਐਲਸ ਡੈਰਿਟੋ ਨੇ ਆਸ ਕੀਤੀ ਕਿ ਅਜਿਹੀਆਂ ਇਕੱਤਰਤਾਵਾਂ-ਵਾਰਤਾਲਾਪ ਰਾਹੀਂ ਘੱਟ ਗਿਣਤੀਆਂ 'ਤੇ ਹੋ ਰਹੇ ਤਸ਼ੱਦਦ ਨੂੰ ਰੋਕਣ ਵਿਚ ਮਦਦ ਕਰਨਗੀਆਂ। ਇਸ ਤਰ੍ਹਾਂ ਸਮੂਹ ਬੁਲਾਰਿਆਂ ਨੇ ਅਮਰੀਕਨ ਕਾਂਗਰਸ ਨੂੰ ਅਪੀਲ ਕੀਤੀ ਕਿ ਸਾਊਥ ਏਸ਼ੀਆ ਵਿਚ ਘੱਟ ਗਿਣਤੀਆਂ 'ਤੇ ਹੋ ਰਹੇ ਜ਼ੁਲਮ ਤੇ ਤਸ਼ੱਦਦ ਨੂੰ ਰੋਕਿਆ ਜਾਵੇ। ਇਸ ਇਕੱਤਰਤਾ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਤੋਂ ਪਹਿਲਾਂ ਬਹੁਤ ਅਹਿਮ ਮੰਨਿਆ ਜਾ ਰਿਹਾ ਹੈ।





## ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਅਮਰੀਕੀ ਕਾਂਗਰਸਮੈਨਾਂ ਦਾ ਕੀਤਾ ਗਿਆ ਧੰਨਵਾਦ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਦੌਰਾਨ ਇਥੋਂ ਦੇ 18 ਸੈਨੇਟਰ ਅਤੇ 57 ਕਾਂਗਰਸਮੈਨਾਂ ਨੇ ਇਕ ਸਾਂਝੇ ਤੌਰ 'ਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਇਕ ਪੱਤਰ ਲਿਖਿਆ ਹੈ, ਜਿਸ ਵਿਚ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦੌਰਾਨ ਹੋਣ ਵਾਲੀ ਗੱਲਬਾਤ ਮੌਕੇ ਕੁੱਝ ਅਹਿਮ ਮੁੱਦੇ ਚੁੱਕਣ ਦੀ ਅਪੀਲ ਕੀਤੀ ਹੈ। ਇਨ੍ਹਾਂ ਅਮਰੀਕੀ ਆਗੂਆਂ ਨੇ ਪੱਤਰ ਵਿਚ ਲਿਖਿਆ ਹੈ ਕਿ ਅਸੀਂ ਰਾਜਨੀਤਿਕ ਭਾਈਵਾਲੀ ਨੂੰ ਹੋਰ ਡੂੰਘਾ ਕਰਨ ਲਈ "ਅਮਰੀਕਾ-ਭਾਰਤ ਰੱਖਿਆ ਉਦਯੋਗਿਕ ਸਹਿਯੋਗ ਲਈ ਰੋਡਮੈਪ" ਨੂੰ ਅੰਤਿਮ ਰੂਪ ਦੇਣ ਲਈ ਰੱਖਿਆ ਸਕੱਤਰ ਲਾਇਡ ਔਸਟਿਨ ਦੀ ਨਵੀਂ ਦਿੱਲੀ ਦੀ ਯਾਤਰਾ ਦਾ ਸਮਰਥਨ ਕਰਦੇ ਹਾਂ ਅਤੇ ਨਾਲ ਦੀ ਨਾਲ ਇਨ੍ਹਾਂ ਆਗੂਆਂ ਨੇ ਇਹ ਵੀ ਕਿਹਾ ਕਿ ਬਹੁਤ ਸਾਰੇ ਚਿੰਤਾ ਦੇ ਮਸਲੇ ਹਨ, ਜਿਹੜੇ ਕਿ ਰਾਸ਼ਟਰਪਤੀ ਜੋਅ ਬਾਇਡਨ ਨੂੰ ਪ੍ਰਧਾਨ ਮੰਤਰੀ ਮੋਦੀ ਕੋਲ ਉਠਾਉਣੇ ਚਾਹੀਦੇ ਹਨ। ਇਨ੍ਹਾਂ ਆਗੂਆਂ ਨੇ ਕਿਹਾ ਕਿ ਭਾਰਤ ਵਿਚ ਧਾਰਮਿਕ ਅਸਹਿਣਸ਼ੀਲਤਾ ਦੇ ਵਧਣ, ਸਿਵਲ ਸੁਸਾਇਟੀ ਸੰਸਥਾਵਾਂ, ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਪ੍ਰੈੱਸ ਦੀ ਆਜ਼ਾਦੀ ਅਤੇ ਇੰਟਰਨੈੱਟ 'ਤੇ ਪਾਬੰਦੀਆਂ ਵੱਧ ਰਹੀਆਂ ਹਨ।

ਭਾਰਤ ਵਿਚ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਬਾਰੇ ਵਿਦੇਸ਼ ਵਿਭਾਗ ਦੀ 2022 ਦੀ ਰਿਪੋਰਟ ਅਨੁਸਾਰ ਘੱਟ-ਗਿਣਤੀਆਂ ਪ੍ਰਤੀ ਧਾਰਮਿਕ ਅਸਹਿਣਸ਼ੀਲਤਾ 'ਚ ਚਿੰਤਾਜਨਕ ਵਾਧਾ ਹੋਇਆ ਹੈ। ਇਸ ਵਕਤ ਭਾਰਤ ਲਗਾਤਾਰ ਪੰਜਵੇਂ ਸਾਲ ਸਭ ਤੋਂ ਵੱਧ ਇੰਟਰਨੈੱਟ ਬੰਦ ਹੋਣ ਦੇ ਮਾਮਲੇ ਵਿਚ ਪਹਿਲੇ ਸਥਾਨ 'ਤੇ ਹੈ। ਇਨ੍ਹਾਂ ਆਗੂਆਂ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਮੋਦੀ ਨਾਲ ਇਨ੍ਹਾਂ ਮਸਲਿਆਂ ਬਾਰੇ ਜ਼ਰੂਰ ਚਰਚਾ ਕਰਨ। ਅਮਰੀਕਨ ਸਿੱਖ ਕਾਕਸ ਕਮੇਟੀ ਡਾ. ਪ੍ਰਿਤਪਾਲ ਸਿੰਘ, ਯਾਦਵਿੰਦਰ ਸਿੰਘ ਅਤੇ ਜੁਗਰਾਜ ਸਿੰਘ ਨੇ ਇਨ੍ਹਾਂ ਆਗੂਆਂ ਵੱਲੋਂ ਰਾਸ਼ਟਰਪਤੀ ਜੋਅ ਬਾਇਡਨ ਇਸ ਸੰਬੰਧੀ ਅਗਾਹ ਕਰਾਉਣ 'ਤੇ ਧੰਨਵਾਦ ਕੀਤਾ ਹੈ।


Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ



Inderjeet Singh Mann
CA Lic# 0H82488

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn't qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA — Certified Insurance Agent

Designed By Punjab Mail USA

Ph.: (916) 900-2000

# ਗਿਆਨੀ ਰਘਬੀਰ ਸਿੰਘ ਬਣੇ ਅਕਾਲ ਤਖ਼ਤ ਦੇ ਜਥੇਦਾਰ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਕੋਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੌਂਪੀਆਂ ਵਾਧੂ ਸੇਵਾਵਾਂ ਵਾਪਸ ਲੈਂਦਿਆਂ ਸ਼ੁੱਕਰਵਾਰ ਨੂੰ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਦਾ ਨਿਯਮਤ ਜਥੇਦਾਰ ਨਿਯੁਕਤ ਕਰ ਦਿੱਤਾ। ਗਿਆਨੀ ਰਘਬੀਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਉਣਗੇ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਸੱਦੀ ਗਈ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਵਿਚ ਲਿਆ ਗਿਆ। ਅੰਤ੍ਰਿੰਗ ਕਮੇਟੀ ਨੇ ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀ ਸੌਂਪੀ ਹੈ। ਉਂਜ ਗਿਆਨੀ ਹਰਪ੍ਰੀਤ ਸਿੰਘ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਆਪਣੀਆ ਸੇਵਾਵਾਂ ਜਾਰੀ ਰੱਖਣਗੇ।



ਜਥੇਦਾਰ ਰਘਬੀਰ ਸਿੰਘ ਦਾ ਸਨਮਾਨ ਕਰਦੇ ਹੋਏ ਚੀਫ ਖਾਲਸਾ ਦੀਵਾਨ ਦੇ ਪ੍ਰਬੰਧਕ।

- ਗਿਆਨੀ ਹਰਪ੍ਰੀਤ ਸਿੰਘ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਣੇ ਰਹਿਣਗੇ
- ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਸ੍ਰੀ ਕੇਸਗੜ੍ਹ ਦੀ ਜ਼ਿੰਮੇਵਾਰੀ ਸੌਂਪੀ
- ਗਿਆਨੀ ਹਰਪ੍ਰੀਤ ਸਿੰਘ ਨੇ ਖ਼ੁਦ ਹੀ ਜ਼ਿੰਮੇਵਾਰੀ ਤੋਂ ਵੱਖ ਹੋਣ ਦਾ ਲਿਆ ਫ਼ੈਸਲਾ: ਧਾਮੀ

ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕਈ ਵੱਡੇ ਫ਼ੈਸਲੇ ਲਏ ਗਏ ਅਤੇ ਲਗਭਗ 30 ਮਿੰਟਾਂ ਤੋਂ ਵੀ ਘੱਟ ਸਮੇਂ ਵਿਚ ਇਹ ਮੀਟਿੰਗ ਖ਼ਤਮ ਹੋ ਗਈ। ਮੀਟਿੰਗ ਮਗਰੋਂ ਅੰਤ੍ਰਿੰਗ ਕਮੇਟੀ ਦੇ ਫ਼ੈਸਲਿਆਂ ਦੀ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੀ ਇੱਛਾ ਨਾਲ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀਆਂ ਵਾਧੂ ਸੇਵਾਵਾਂ ਨਿਭਾਉਣ 'ਚ ਅਸਮਰੱਥਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੀ ਥਾਂ ਪੱਕੇ ਜਥੇਦਾਰ ਦੀ ਨਿਯੁਕਤੀ ਕਰਨ ਦੀ ਲਗਾਤਾਰ ਮੰਗ ਕੀਤੀ ਜਾ ਰਹੀ ਸੀ।

ਉਨ੍ਹਾਂ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੀ ਸੇਵਾ ਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਵਜੋਂ ਆਪਣੀ ਸੇਵਾ ਜਾਰੀ ਰੱਖਣਗੇ। ਇਸ ਮੌਕੇ ਅੰਤ੍ਰਿੰਗ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ। ਪ੍ਰਧਾਨ ਨੇ ਸਪੱਸ਼ਟ ਕੀਤਾ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ, ਜਿਨ੍ਹਾਂ ਨੂੰ ਕਾਰਜਕਾਰੀ ਹੈੱਡ ਗ੍ਰੰਥੀ ਦੀ ਸੇਵਾ ਸੌਂਪੀ ਸੀ, ਪਹਿਲਾਂ ਵਾਂਗ ਵਧੀਕ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾਉਣਗੇ।

# ਯੂ.ਟੀ. 'ਚ ਪਾਸਪੋਰਟ ਲਈ ਪੁਲਿਸ ਵੈਰੀਫਿਕੇਸ਼ਨ ਦਾ ਕੰਮ 15 ਦਿਨ ਦੀ ਥਾਂ ਪੰਜ ਦਿਨਾਂ 'ਚ ਹੋਵੇਗਾ ਮੁਕੰਮਲ


**ਚੰਡੀਗੜ੍ਹ, (ਪੰਜਾਬ ਮੇਲ)**- ਯੂ.ਟੀ. ਵਿਚ ਪਾਸਪੋਰਟ ਲਈ ਪੁਲਿਸ ਵੈਰੀਫਿਕੇਸ਼ਨ ਦਾ ਕੰਮ 15 ਦਿਨ ਦੀ ਥਾਂ ਪੰਜ ਦਿਨਾਂ ਵਿਚ ਮੁਕੰਮਲ ਹੋਵੇਗਾ, ਜਿਸ ਨਾਲ ਲੋਕਾਂ ਨੂੰ ਪਾਸਪੋਰਟ ਅੱਗੇ ਨਾਲੋਂ ਜਲਦੀ ਮਿਲਣਗੇ। ਇਸ ਤੋਂ ਇਲਾਵਾ ਚੰਡੀਗੜ੍ਹ ਪੁਲਿਸ ਦੀਆਂ ਸਾਰੀਆਂ ਸੇਵਾਵਾਂ ਆਨਲਾਈਨ ਹੋ ਗਈਆਂ ਹਨ। ਇਸ ਸਬੰਧੀ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ 'ਐਮ-ਪਾਸਪੋਰਟ ਪੁਲਿਸ ਐਪ' ਅਤੇ ਪੁਲਿਸ ਸੇਵਾਵਾਂ ਡਿਜ਼ੀਟਾਈਜੇਸ਼ਨ ਐਪ ਅੱਜ ਜਾਰੀ ਕੀਤੀਆਂ। ਚੰਡੀਗੜ੍ਹ ਯੂ.ਟੀ. ਸਕੱਤਰੇਤ 'ਚ ਲਾਂਚ ਕੀਤੀ ਗਈ 'ਐਮ-ਪਾਸਪੋਰਟ ਪੁਲਿਸ ਐਪ' ਨੂੰ ਵਿਦੇਸ਼ ਮੰਤਰਾਲੇ ਵਲੋਂ 2019 ਵਿਚ ਬਣਾਇਆ ਗਿਆ ਸੀ ਅਤੇ ਹੁਣ ਇਸ ਨੂੰ ਦੇਸ਼ ਭਰ ਦੇ ਖੇਤਰੀ ਪਾਸਪੋਰਟ ਦਫਤਰਾਂ ਨਾਲ ਜੋੜਿਆ ਗਿਆ ਹੈ। ਇਸ ਮੌਕੇ ਚੰਡੀਗੜ੍ਹ ਪੁਲਿਸ ਦੇ ਡੀ.ਜੀ.ਪੀ. ਪ੍ਰਵੀਨ ਰੰਜਨ ਨੇ ਦੱਸਿਆ ਕਿ ਚੰਡੀਗੜ੍ਹ ਪੁਲਿਸ ਵੱਲੋਂ ਪਹਿਲਾਂ ਕਾਗਜ਼ਾਂ ਜ਼ਰੀਏ ਪਾਸਪੋਰਟ ਵੈਰੀਫਿਕੇਸ਼ਨ ਕੀਤੀ ਜਾਂਦੀ ਸੀ ਪਰ 'ਐਮ ਪਾਸਪੋਰਟ ਪੁਲਿਸ ਐਪ' ਨਾਲ ਹੁਣ ਵੈਰੀਫਿਕੇਸ਼ਨ ਆਨਲਾਈਨ ਕੀਤੀ ਜਾਵੇਗੀ। ਕਾਗਜ਼ੀ ਪ੍ਰਣਾਲੀ ਰਾਹੀਂ ਪਾਸਪੋਰਟ ਦੀ ਵੈਰੀਫਿਕੇਸ਼ਨ ਕਰਨ ਲਈ ਲਗਪਗ ਪੰਦਰਾਂ ਦਿਨ ਦਾ ਸਮਾਂ ਲਗਦਾ ਸੀ ਪਰ ਹੁਣ ਪਾਸਪੋਰਟ ਲਈ ਆਨਲਾਈਨ ਵੈਰੀਫਿਕੇਸ਼ਨ ਵੱਧ ਤੋਂ ਵੱਧ ਪੰਜ ਦਿਨਾਂ ਵਿਚ ਹੀ ਮੁਕੰਮਲ ਕੀਤੀ ਜਾਵੇਗੀ।

# ਮੋਗਾ 'ਚ ਵਿਆਹ ਕਰਵਾ ਕੇ ਅਮਰੀਕਾ ਲਿਜਾਣ ਦਾ ਝਾਂਸਾ ਦੇ ਕੇ ਲੱਖਾਂ ਹੜੱਪੇ

**ਮੋਗਾ, (ਪੰਜਾਬ ਮੇਲ)**- ਮੋਗਾ ਜ਼ਿਲ੍ਹੇ ਦੇ ਪਿੰਡ ਕਾਲੀਏਵਾਲਾ ਕਰਮੂਕਾ ਨਿਵਾਸੀ ਹਰਜੀਤ ਸਿੰਘ ਨੂੰ ਵਿਆਹ ਕਰਵਾ ਕੇ ਅਮਰੀਕਾ ਲਿਜਾਣ ਦਾ ਝਾਂਸਾ ਦੇ ਕੇ ਉਸਦੀ ਪਤਨੀ ਵੱਲੋਂ ਲੱਖਾਂ ਰੁਪਏ ਦੀ ਨਕਦੀ ਅਤੇ ਸੋਨੇ ਦੇ ਗਹਿਣੇ ਆਦਿ ਲੈ ਕੇ ਫਰਾਰ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ਵਿਚ ਪੁਲਿਸ ਵੱਲੋਂ ਜਾਂਚ ਤੋਂ ਬਾਅਦ ਪਰਮਜੀਤ ਕੌਰ ਬਰਾੜ ਹਾਲ ਅਮਰੀਕਾ, ਉਸ ਦੇ ਸਹੁਰੇ ਕਰਮਜੀਤ ਸਿੰਘ ਬਰਾੜ ਅਤੇ ਸੱਸ ਰਣਜੀਤ ਕੌਰ ਬਰਾੜ ਸਾਰੇ ਨਿਵਾਸੀ ਪਿੰਡ ਵੈਰੋਕੇ ਖ਼ਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਉਸਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ 'ਚ ਹਰਜੀਤ ਸਿੰਘ ਨੇ ਕਿਹਾ ਕਿ ਉਸਦਾ ਵਿਆਹ ਸਾਲ 2022 'ਚ ਪਰਮਜੀਤ ਕੌਰ ਨਿਵਾਸੀ ਪਿੰਡ ਵੈਰੋਕੇ ਹਾਲ ਅਮਰੀਕਾ ਨਾਲ ਧਾਰਮਿਕ ਰੀਤੀ-ਰਿਵਾਜ਼ਾਂ ਮੁਤਾਬਿਕ ਹੋਇਆ ਸੀ।

# ਪੰਜਾਬ ਪੁਲਿਸ ਵੱਲੋਂ ਕੈਨੇਡਾ ਤੋਂ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਜਾਂਚ ਲਈ ਸਿੱਟ ਦਾ ਗਠਨ

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ ਪੁਲਿਸ ਨੇ ਕੈਨੇਡਾ ਤੋਂ ਵਿਦਿਆਰਥੀਆਂ ਨੂੰ ਡਿਪੋਰਟ ਕੀਤੇ ਜਾਣ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿਟ) ਦਾ ਗਠਨ ਕੀਤਾ ਹੈ। ਦੱਸ ਦੇਈਏ ਕਿ ਲੁਧਿਆਣਾ ਰੇਂਜ ਦੇ ਆਈ.ਜੀ. ਕੌਸ਼ਭ ਸ਼ਰਮਾ ਇਸ ਮਾਮਲੇ ਦੀ ਜਾਂਚ ਕਰਨਗੇ। ਇਹ ਮਾਮਲਾ 700 ਵਿਦਿਆਰਥੀਆਂ ਨਾਲ ਜੁੜਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਜਲੰਧਰ 'ਚ ਉਸ ਦੇ ਏਜੰਟ ਨੇ ਉਸ ਨੂੰ 'ਫਰਜ਼ੀ ਆਫਰ ਲੈਟਰ' ਦਿੱਤਾ, ਜਿਸ ਕਾਰਨ ਉਸ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦਿਆਰਥੀਆਂ ਮੁਤਾਬਕ ਉਹ ਇਸ ਧੋਖਾਧੜੀ ਤੋਂ ਪਹਿਲਾਂ ਅਣਜਾਣ ਸਨ। ਵਿਦਿਆਰਥੀਆਂ ਨੇ ਕਿਹਾ ਕਿ ਉਹ ਪੂਰੀ ਤਰ੍ਹਾਂ ਬੇਕਸੂਰ ਹੈ। ਉਨ੍ਹਾਂ ਨੇ 29 ਮਈ ਨੂੰ ਆਪਣੇ ਮੁੱਦੇ ਨੂੰ ਲੈ ਕੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਦੇ ਮਿਸੀਸਾਗਾ ਸਥਿਤ ਕੈਨੇਡੀਅਨ ਬਾਰਡਰ ਸਕਿਓਰਿਟੀ ਏਜੰਸੀ (ਸੀ.ਬੀ.ਐੱਸ.ਏ.) ਦੇ ਮੁੱਖ ਦਫ਼ਤਰ ਦੇ ਗੇਟ ਅੱਗੇ ਧਰਨਾ ਸ਼ੁਰੂ ਕਰ ਦਿੱਤਾ। ਵਿਦਿਆਰਥੀਆਂ ਦੀ ਮੰਗ ਸੀ ਕਿ ਉਨ੍ਹਾਂ ਦੀ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ। ਇਹ ਮਾਮਲਾ ਸਭ ਤੋਂ ਪਹਿਲਾਂ ਉਦੋਂ ਸਾਹਮਣੇ ਆਇਆ, ਜਦੋਂ ਉਸ ਨੇ ਮਾਰਚ ਵਿਚ ਕੈਨੇਡਾ ਵਿਚ ਸਥਾਈ ਨਿਵਾਸ ਲਈ ਅਰਜ਼ੀ ਦਿੱਤੀ ਸੀ। ਇਸ ਮਾਮਲੇ ਵਿਚ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਪ੍ਰਤੀਕਿਰਿਆ ਵੀ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਸੀ ਕਿ ਚੰਗੇ ਵਿਸ਼ਵਾਸ ਨਾਲ ਕੰਮ ਕਰਨ ਵਾਲੇ ਵਿਦਿਆਰਥੀਆਂ ਨੂੰ ਸਜ਼ਾ ਦੇਣਾ ਬੇਇਨਸਾਫ਼ੀ ਹੈ। ਉਨ੍ਹਾਂ ਮੁਤਾਬਕ ਦੋਸ਼ੀਆਂ ਨੂੰ ਜਵਾਬਦੇਹ ਹੋਣਾ ਚਾਹੀਦਾ ਹੈ।





# VALLEJO TEEYAN MELA 2023

## Sunday, July 16th, 2023 from 12-6pm

Hosted By



Asha Sharma

*Only for Ladies and Children*

**At Dan Foley Cultural Center**

(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.

Organizer



Sunita Verma

Come and enjoy a day filled with entertainment and festiveties, including Punjabi Folk songs and dances, Gidha, Boliyan and much more...





Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

Email: sonalideep@gmail.com






# ਬਹਿਬਲ ਗੋਲੀਕਾਂਡ: ਆਈ.ਜੀ. ਕੁੰਵਰ ਦੀ ਚਾਰਜਸ਼ੀਟ 'ਤੇ ਖੜ੍ਹਾ ਹੋਇਆ ਵਿਵਾਦ

**ਚੰਡੀਗੜ੍ਹ, (ਪੰਜਾਬ ਮੇਲ)**- 2015 ਦੇ ਬਹਿਬਲ ਗੋਲੀ ਕਾਂਡ 'ਚ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਦਰਜ ਚਾਰਜਸ਼ੀਟ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਇਹ ਚਾਰਜਸ਼ੀਟ ਤਤਕਾਲੀ ਸਿਟ ਮੈਂਬਰ ਅਤੇ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਵਲੋਂ ਦਰਜ ਕੀਤੀ ਗਈ ਸੀ, ਜਿਸ ਵਿਚ ਹੁਣ ਗੋਲੀ ਕਾਂਡ ਦੇ ਪੀੜਤ ਦੇ ਪਰਿਵਾਰਕ ਮੈਂਬਰਾਂ ਅਤੇ ਮੁੱਖ ਗਵਾਹਾਂ ਨੇ ਫਰੀਦਕੋਟ ਅਦਾਲਤ ਵਿਚ ਪਟੀਸ਼ਨ ਦਰਜ ਕਰਕੇ ਆਪਣੇ ਪਹਿਲਾਂ ਦਰਜ ਕਰਵਾਏ ਗਏ ਬਿਆਨਾਂ 'ਤੇ ਇਤਰਾਜ਼ ਜਤਾਉਂਦੇ ਹੋਏ ਨਵੇਂ ਸਿਰੇ ਤੋਂ ਬਿਆਨ ਲਿਖਣ ਦੀ ਅਪੀਲ ਕੀਤੀ ਹੈ। ਗਵਾਹਾਂ ਦੀ ਦਰਖਾਸਤ 'ਤੇ ਅਦਾਲਤ ਨੇ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਨੂੰ ਤਲਬ ਕਰਕੇ ਅਗਲੀ ਸੁਣਵਾਈ ਦੀ ਤਰੀਕ 3 ਜੁਲਾਈ ਤੈਅ ਕੀਤੀ ਹੈ।

**■ ਮੁੱਖ ਗਵਾਹਾਂ ਵੱਲੋਂ ਅਦਾਲਤ 'ਚ ਦਰਜ ਪਟੀਸ਼ਨ, 3 ਜੁਲਾਈ ਨੂੰ ਹੋਵੇਗੀ ਸੁਣਵਾਈ**

ਜਾਣਕਾਰੀ ਮੁਤਾਬਕ ਭਾਵੇਂ ਇਸ ਵੇਲੇ ਆਈ.ਜੀ. ਐੱਸ.ਪੀ.ਐੱਸ. ਪਰਮਾਰ ਦੀ ਅਗਵਾਈ ਵਾਲੀ ਐੱਸ.ਆਈ.ਟੀ. 2015 ਦੇ ਬਹਿਬਲ ਗੋਲੀ ਕਾਂਡ ਦੀ ਜਾਂਚ ਕਰ ਰਹੀ ਹੈ ਪਰ ਇਸ ਕੇਸ ਦੀ ਚਾਰਜਸ਼ੀਟ ਐੱਸ.ਆਈ.ਟੀ. ਦੇ ਤਤਕਾਲੀ ਮੈਂਬਰ ਤੇ ਸਾਬਕਾ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ ਵੱਲੋਂ ਦਾਖ਼ਲ ਕੀਤੀ ਗਈ ਸੀ। ਆਈ.ਜੀ. ਕੁੰਵਰ ਦੀ ਅਗਵਾਈ ਵਾਲੀ ਐੱਸ.ਆਈ.ਟੀ. ਵੱਲੋਂ ਪੀੜਤ ਪਰਿਵਾਰਾਂ ਅਤੇ ਗਵਾਹਾਂ ਦੇ ਬਿਆਨ ਲਿਖੇ ਗਏ ਸਨ ਪਰ ਹੁਣ ਇਨ੍ਹਾਂ ਗਵਾਹਾਂ ਨੇ ਐੱਸ.ਆਈ.ਟੀ. ਵੱਲੋਂ ਲਿਖੇ ਬਿਆਨ 'ਤੇ ਇਤਰਾਜ਼ ਜਤਾਉਂਦਿਆਂ ਅਦਾਲਤ ਵਿਚ ਪਟੀਸ਼ਨ ਦਰਜ ਕੀਤੀ ਹੈ ਅਤੇ ਅਦਾਲਤ ਨੂੰ ਆਪਣੇ ਬਿਆਨ ਦੁਬਾਰਾ ਲਿਖਣ ਦੀ ਅਪੀਲ ਕੀਤੀ ਹੈ। ਅਦਾਲਤ ਵਿਚ ਪਟੀਸ਼ਨ ਦਰਜ ਕਰਨ ਵਾਲੇ 6 ਮੁੱਖ ਗਵਾਹਾਂ ਵਿਚ ਗੋਲੀ ਕਾਂਡ ਵਿਚ ਜਾਨ ਗਵਾਉਣ ਵਾਲੇ ਦੇ ਭਰਾ ਕ੍ਰਿਸ਼ਨ ਭਗਵਾਨ ਸਿੰਘ ਦੇ ਪਿਤਾ ਮਹਿੰਦਰ ਸਿੰਘ, ਉਸ ਦੇ ਦੋ ਪੁੱਤਰ ਸੁਖਰਾਜਕਰਨ ਸਿੰਘ ਅਤੇ ਪ੍ਰਭਦੀਪ ਸਿੰਘ ਤੋਂ ਇਲਾਵਾ ਸਰਬਜੀਤ ਸਿੰਘ, ਅਮਨਦੀਪ ਸਿੰਘ ਅਤੇ ਕਰਮਜੀਤ ਸਿੰਘ ਸ਼ਾਮਲ ਹਨ। ਇਸ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ ਨੇ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਨੂੰ ਨੋਟਿਸ ਜਾਰੀ ਕਰਦਿਆਂ ਤਲਬ ਕੀਤਾ ਹੈ ਅਤੇ ਸੁਣਵਾਈ ਲਈ 3 ਜੁਲਾਈ ਦੀ ਤਰੀਕ ਤੈਅ ਕੀਤੀ ਹੈ।

### ਕੋਟਕਪੂਰਾ ਗੋਲੀ ਕਾਂਡ ਵਿਚ ਆਈਜੀ ਕੁੰਵਰ ਦੀ ਚਾਰਜਸ਼ੀਟ ਰੱਦ

ਬਹਿਬਲਕਲਾ ਗੋਲੀ ਕਾਂਡ ਵਾਲੇ ਦਿਨ 14 ਅਕਤੂਬਰ 2015 ਨੂੰ ਕੋਟਕਪੂਰਾ ਗੋਲੀ ਕਾਂਡ ਸਾਹਮਣੇ ਆਇਆ ਸੀ ਅਤੇ ਕੋਟਕਪੂਰਾ ਗੋਲੀ ਕਾਂਡ ਵਿਚ ਸਾਬਕਾ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਸਿੰਘ, ਜੋ ਕਿ ਐੱਸ.ਆਈ.ਟੀ. ਦੇ ਮੈਂਬਰ ਵੀ ਸਨ। ਉਨ੍ਹਾਂ ਨੇ ਅਦਾਲਤ ਵਿਚ ਚਾਰਜਸ਼ੀਟ ਦਰਜ ਕੀਤੀ ਸੀ। ਅਦਾਲਤ ਨੇ ਉਨ੍ਹਾਂ ਦੀ ਚਾਰਜਸ਼ੀਟ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ ਅਤੇ ਲੰਮੀ ਸੁਣਵਾਈ ਤੋਂ ਬਾਅਦ ਹਾਈ ਕੋਰਟ ਨੇ ਚਾਰਜਸ਼ੀਟ ਰੱਦ ਕਰਨ ਦੇ ਹੁਕਮ ਦਿੱਤੇ ਸਨ। ਇਸ ਦੇ ਨਾਲ ਹੀ ਸੂਬਾ ਸਰਕਾਰ ਨੂੰ ਨਵੀਂ ਐੱਸ.ਆਈ.ਟੀ. ਗਠਿਤ ਕਰਨ ਅਤੇ ਨਵੇਂ ਸਿਰੇ ਤੋਂ ਜਾਂਚ ਕਰਨ ਤੋਂ ਬਾਅਦ ਇਲਾਕਾ ਮੈਜਿਸਟਰੇਟ ਕੋਲ ਚਾਰਜਸ਼ੀਟ ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਹਾਈ ਕੋਰਟ ਦੇ ਹੁਕਮਾਂ 'ਤੇ ਏ.ਡੀ.ਜੀ.ਪੀ. ਐੱਲ.ਕੇ. ਯਾਦਵ ਦੀ ਅਗਵਾਈ ਵਿਚ ਬਣਾਈ ਗਈ ਨਵੀਂ ਐੱਸ.ਆਈ.ਟੀ. ਨੇ ਜਾਂਚ ਤੋਂ ਬਾਅਦ ਇਸ ਸਾਲ ਫਰਵਰੀ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਸੀ।


# ਪੰਜਾਬ ਦਾ ਪਾਣੀ ਦੇ ਮੁੱਦੇ 'ਤੇ ਹੁਣ ਹਿਮਾਚਲ ਨਾਲ ਟਕਰਾਅ ਸ਼ੁਰੂ!

**ਚੰਡੀਗੜ੍ਹ (ਪੰਜਾਬ ਮੇਲ)**- ਹਿਮਾਚਲ ਪ੍ਰਦੇਸ਼ ਨੂੰ ਭਾਖੜਾ-ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐੱਮ.ਬੀ.) ਵਲੋਂ ਪਾਣੀ ਦੇਣ ਦੇ ਕੇਂਦਰ ਸਰਕਾਰ ਦੇ ਨਿਰਦੇਸ਼ ਤੋਂ ਬਾਅਦ ਪੰਜਾਬ ਦਾ ਪਾਣੀ ਦੇ ਮੁੱਦੇ 'ਤੇ ਹੁਣ ਇਕ ਹੋਰ ਰਾਜ ਨਾਲ ਟਕਰਾਅ ਸ਼ੁਰੂ ਹੋ ਗਿਆ ਹੈ। ਧਿਆਨਯੋਗ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ ਪੰਜਾਬ ਅਤੇ ਹਰਿਆਣਾ ਵਿਚਕਾਰ ਕਈ ਦਹਾਕਿਆਂ ਤੋਂ ਉਲਝਿਆ ਹੋਇਆ ਹੈ। ਹਾਲਾਂਕਿ ਪੰਜਾਬ ਨੇ ਹਿਮਾਚਲ ਨੂੰ ਆਪਣੇ ਡੈਮਾਂ ਦੇ ਪ੍ਰੋਜੈਕਟਾਂ ਤੋਂ ਹਿਮਾਚਲ ਨੂੰ ਪਾਣੀ ਜਾਰੀ ਕਰਨ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਪਰ ਕੇਂਦਰ ਨੇ ਹੁਣ ਤੱਕ ਕੋਈ ਮੁੜਵਿਚਾਰ ਕਰਨ ਦੀ ਕੋਸ਼ਿਸ਼ ਤੱਕ ਨਹੀਂ ਕੀਤੀ। ਹਾਲੀਆ ਵਿਵਾਦ ਕੇਂਦਰ ਦੇ ਬੀ.ਬੀ.ਐੱਮ.ਬੀ. ਨੂੰ ਜਾਰੀ ਇਸ ਨਿਰਦੇਸ਼ ਤੋਂ ਬਾਅਦ ਪੈਦਾ ਹੋਇਆ ਹੈ, ਜਿਸ ਵਿਚ ਹਿਮਾਚਲ ਨੂੰ ਪਾਣੀ ਲੈਣ ਲਈ ਐੱਨ.ਓ.ਸੀ. ਦੀ ਸ਼ਰਤ ਹਟਾਉਣ ਨੂੰ ਕਿਹਾ ਗਿਆ ਹੈ।

**■ ਬੀ.ਬੀ.ਐੱਮ.ਬੀ. ਵੱਲੋਂ ਹਿਮਾਚਲ ਨੂੰ ਪਾਣੀ ਦੇਣ ਦੇ ਕੇਂਦਰ ਸਰਕਾਰ ਦੇ ਨਿਰਦੇਸ਼**

ਉਂਝ ਹਿਮਾਚਲ ਨੂੰ ਇਨ੍ਹਾਂ ਡੈਮਾਂ ਤੋਂ ਪਾਣੀ ਦਿੱਤੇ ਜਾਣ ਦਾ ਸੰਕੇਤ ਉਸੇ ਦਿਨ ਮਿਲ ਗਿਆ ਸੀ, ਜਦੋਂ ਬਜਟ ਸੈਸ਼ਨ ਦੌਰਾਨ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਕਿਹਾ ਸੀ ਕਿ ਭਾਖੜਾ-ਬਿਆਸ ਪ੍ਰਬੰਧਨ ਬੋਰਡ ਦੇ 3 ਡੈਮਾਂ ਦੀਆਂ ਝੀਲਾਂ ਰਾਜ ਦੀ 45000 ਹੈਕਟੇਅਰ ਭੂਮੀ 'ਤੇ ਬਣੀਆਂ ਹਨ। ਇਸ ਦੇ ਬਾਵਜੂਦ ਹਿਮਾਚਲ ਦਾ ਇਨ੍ਹਾਂ ਝੀਲਾਂ ਦੇ ਪਾਣੀ 'ਤੇ ਕੋਈ ਹੱਕ ਨਹੀਂ ਹੈ। ਉਨ੍ਹਾਂ ਦਾ ਤਰਕ ਸੀ ਕਿ ਹਿਮਾਚਲ ਇਨ੍ਹਾਂ ਡੈਮਾਂ ਦੇ ਕਾਰਣ ਦਹਾਕਿਆਂ ਤੋਂ ਵਾਤਾਵਰਣ ਦੇ ਨਜ਼ਰੀਏ ਤੋਂ ਕਈ ਵਿਰੋਧੀ ਪ੍ਰਭਾਵ ਝੱਲ ਰਿਹਾ ਹੈ। ਇਨ੍ਹਾਂ ਕਾਰਣ ਸਥਾਨਕ ਜਲਵਾਯੂ ਵਿਚ ਤਬਦੀਲੀ, ਖੇਤੀਬਾੜੀ ਅਤੇ ਬਾਗਵਾਨੀ, ਸਮਾਜਿਕ ਅਤੇ ਆਰਥਿਕ ਬਦਲਾਅ ਦੇ ਨਾਲ-ਨਾਲ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਭ ਦਾ ਅਸਰ ਮਨੁੱਖੀ ਜੀਵਨ 'ਤੇ ਵੀ ਪਿਆ ਹੈ। ਸੁੱਖੂ ਨੇ ਉਦੋਂ ਕਿਹਾ ਸੀ ਕਿ ਅੱਜ ਜਦੋਂ ਕੋਈ ਹਾਈਡ੍ਰੋ ਪਾਵਰ ਪ੍ਰੋਜੈਕਟ ਲੱਗਦਾ ਹੈ, ਤਾਂ ਇਨ੍ਹਾਂ ਸਾਰੇ ਬਿੰਦੂਆਂ ਨੂੰ ਧਿਆਨ ਵਿਚ ਰੱਖ ਕੇ ਉਸ ਦੀ ਭਰਪਾਈ ਕਰਨ ਦਾ ਬਦਲ ਹੈ। ਮਾਰਚ 'ਚ ਹਿਮਾਚਲ ਵਿਧਾਨ ਸਭਾ ਵਿਚ ਦਿੱਤੇ ਗਏ ਉਸ ਭਾਸ਼ਣ ਵਿਚ ਸੁੱਖੂ ਨੇ ਸਾਫ਼ ਕਿਹਾ ਸੀ ਕਿ ਹਿਮਾਚਲ ਵਿਚ ਹੀ ਹੋਣ ਦੇ ਬਾਵਜੂਦ ਡੈਮਾਂ ਦੇ ਪਾਣੀ 'ਤੇ ਉਨ੍ਹਾਂ ਦੇ ਰਾਜ ਦਾ ਹੱਕ ਨਹੀਂ ਹੈ।

# ਮੂਸੇਵਾਲਾ ਕਤਲ ਕਾਂਡ: ਅਦਾਲਤ 'ਚ ਕਿਸੇ ਵੀ ਮੁਲਜ਼ਮ ਨੂੰ ਪੇਸ਼ ਨਾ ਕਰਨ 'ਤੇ ਜੇਲ੍ਹ ਪ੍ਰਸ਼ਾਸਨ ਨੂੰ ਪਈ ਝਾੜ



**ਮਾਨਸਾ, (ਪੰਜਾਬ ਮੇਲ)**- ਮਰਹੂਮ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਕਿਸੇ ਵੀ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਨਾ ਕੀਤੇ ਜਾਣ ਤੋਂ ਬਾਅਦ, ਮਾਨਸਾ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ (ਸੀ.ਜੇ.ਐੱਮ.) ਨੇ ਜੇਲ੍ਹ ਪ੍ਰਸ਼ਾਸਨ ਨੂੰ ਝਾੜ ਪਾਈ ਅਤੇ 28 ਜੂਨ ਨੂੰ ਸਾਰੇ ਮੁਲਜ਼ਮਾਂ ਨੂੰ ਸਰੀਰਕ ਤੌਰ 'ਤੇ ਜਾਂ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਦੇ ਪਿੰਡ ਜਵਾਹਰ ਕੇ ਵਿਖੇ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤੀ ਸੀ। ਮਾਨਸਾ ਦੀ ਸੀ.ਜੇ.ਐੱਮ. ਸੁਰਭੀ ਪਰਾਸ਼ਰ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਮੌਜੂਦਾ ਕੇਸ ਵਿਚ ਹਿਰਾਸਤ ਵਿਚ ਲਏ ਸਾਰੇ ਵਿਅਕਤੀਆਂ ਨੂੰ ਜੇਲ੍ਹ ਪ੍ਰਸ਼ਾਸਨ ਵੱਲੋਂ ਪੇਸ਼ ਨਹੀਂ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਦੇ ਵਾਰੰਟ 28 ਜੂਨ ਨੂੰ ਮੁੜ ਜਾਰੀ ਕੀਤੇ ਜਾਣ ਅਤੇ ਜੇਲ੍ਹਾਂ ਦੇ ਸੁਪਰਡੈਂਟਾਂ ਨੂੰ ਇਨ੍ਹਾਂ ਮੁਲਜ਼ਮਾਂ ਨੂੰ ਸਰੀਰਕ ਜਾਂ ਵਰਚੁਅਲ ਮੋਡ ਰਾਹੀਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਜਾਣ।

ਪਿਛਲੀ ਸੁਣਵਾਈ ਦੌਰਾਨ ਕਿਸੇ ਵੀ ਦੋਸ਼ੀ ਨੂੰ ਅਦਾਲਤ 'ਚ ਪੇਸ਼ ਨਾ ਕੀਤੇ ਜਾਣ 'ਤੇ ਅਦਾਲਤ ਨੇ ਜੇਲ੍ਹ ਅਧਿਕਾਰੀਆਂ ਨੂੰ ਅਗਲੀ ਸੁਣਵਾਈ 'ਤੇ ਦੋਸ਼ੀ ਨੂੰ ਪੇਸ਼ ਕਰਨ ਲਈ ਸਖ਼ਤੀ ਨਾਲ ਕਿਹਾ ਹੈ। ਦੱਸ ਦੇਈਏ ਕਿ ਐੱਸ.ਆਈ.ਟੀ. ਨੇ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 31 ਮੁਲਜ਼ਮਾਂ ਵਿਰੁੱਧ ਦੋ ਚਾਰਜਸ਼ੀਟਾਂ ਦਾਇਰ ਕੀਤੀਆਂ ਹਨ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਕਤਲ ਬਿਸ਼ਨੋਈ ਅਤੇ ਬੰਬੀਹਾ ਗੈਂਗਾਂ ਦਰਮਿਆਨ ਬਦਲੇ ਦੇ ਕਤਲ ਦੀ ਲੜੀ ਦਾ ਹਿੱਸਾ ਸੀ। ਪੰਜਾਬ ਪੁਲਿਸ ਵੱਲੋਂ ਮੂਸੇਵਾਲਾ ਕਤਲ ਕਾਂਡ ਵਿਚ ਚਾਰਜਸ਼ੀਟ ਦਾਇਰ ਕੀਤੇ 9 ਮਹੀਨੇ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ ਪਰ ਅਦਾਲਤ ਨੇ ਅਜੇ ਤੱਕ ਮੁਲਜ਼ਮਾਂ ਖ਼ਿਲਾਫ਼ ਦੋਸ਼ ਤੈਅ ਨਹੀਂ ਕੀਤੇ ਹਨ ਕਿਉਂਕਿ ਇਨ੍ਹਾਂ ਸਾਰਿਆਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਇੱਕੋ ਸਮੇਂ ਪੇਸ਼ ਕਰਨਾ ਅਧਿਕਾਰੀਆਂ ਲਈ ਇੱਕ ਚੁਣੌਤੀ ਹੈ। ਇਸ ਮਾਮਲੇ ਵਿਚ ਹੁਣ ਤੱਕ ਇੱਕ ਹੀ ਦਿਨ ਛੇ ਤੋਂ ਵੱਧ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ। ਇੱਥੋਂ ਤੱਕ ਕਿ ਪਿਛਲੀਆਂ ਚਾਰ ਸੁਣਵਾਈਆਂ ਵਿਚ ਤਿੰਨ ਵਾਰ ਕੋਈ ਵੀ ਮੁਲਜ਼ਮ ਅਦਾਲਤ ਵਿਚ ਹਾਜ਼ਰ ਨਹੀਂ ਹੋਇਆ। ਮੁੱਖ ਮੁਲਜ਼ਮਾਂ ਵਿਚੋਂ ਇਕ ਲਾਰੈਂਸ ਬਿਸ਼ਨੋਈ ਨੂੰ 27 ਸੁਣਵਾਈਆਂ ਵਿਚ ਸਿਰਫ਼ ਇੱਕ ਵਾਰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ।




## ਸਰੀ 'ਚ ਹਰਦੀਪ ਨਿੱਝਰ ਦੇ ਕਤਲ ਨੇ ਕੈਨੇਡੀਅਨ ਸੁਰੱਖਿਆ ਏਜੰਸੀਆਂ ਲਈ ਖੜ੍ਹੇ ਕੀਤੇ ਪੇਚੀਦਾ ਸਵਾਲ

ਟੋਰਾਂਟੋ, (ਪੰਜਾਬ ਮੇਲ)- ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਬੀਤੇ ਦਿਨੀਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸ ਕਤਲ ਨੇ ਕੈਨੇਡੀਅਨ ਸੁਰੱਖਿਆ ਏਜੰਸੀਆਂ ਲਈ ਕਈ ਪੇਚੀਦਾ ਸਵਾਲ ਖੜ੍ਹੇ ਕਰ ਦਿੱਤੇ ਹਨ। 45 ਸਾਲਾ ਨਿੱਝਰ, ਜਿਸ ਨੂੰ ਪਿਛਲੇ ਸਾਲ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਨੇ ਅੱਤਵਾਦੀ ਐਲਾਨਿਆ ਸੀ ਅਤੇ ਉਸ ਦੇ ਸਿਰ 'ਤੇ 10 ਲੱਖ ਰੁਪਏ ਦਾ ਇਨਾਮ ਰੱਖਿਆ ਸੀ, ਨੂੰ ਰਾਤ 8:30 ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਦੇ ਸਮੇਂ ਅਣਪਛਾਤੇ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਨਿੱਝਰ, ਜੋ ਕਿ 1997 ਵਿਚ ਜਲੰਧਰ ਦੇ ਪਿੰਡ ਭਾਰ ਸਿੰਘ ਪੁਰਾ ਤੋਂ ਕੈਨੇਡਾ ਆਇਆ ਸੀ, ਨਿਊਯਾਰਕ ਸਥਿਤ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਨਾਲ ਕੈਨੇਡਾ ਵਿਚ ਖਾਲਿਸਤਾਨ ਪੱਖੀ ਰਾਇਸ਼ੁਮਾਰੀ ਦਾ ਮੁੱਖ ਆਗੂ ਵੀ ਸੀ। ਆਪਣੇ ਕਤਲ ਤੋਂ ਕੁਝ ਦਿਨ ਪਹਿਲਾਂ, ਨਿੱਝਰ ਨੇ ਇੱਕ ਸਥਾਨਕ ਪੰਜਾਬੀ ਚੈਨਲ ਨੂੰ ਦੱਸਿਆ ਕਿ ਉਸਨੂੰ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ (ਸੀ.ਐੱਸ.ਆਈ.ਐੱਸ.) ਨੇ ਸੂਚਿਤ ਕੀਤਾ ਸੀ ਕਿ ਉਸਦੀ ਜਾਨ ਨੂੰ ਖ਼ਤਰਾ ਹੈ। ਇੰਟੈਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ (IHIT), ਜਿਸ ਨੇ ਜਾਂਚ ਨੂੰ ਆਪਣੇ ਹੱਥਾਂ ਵਿਚ ਲਿਆ ਹੈ, ਨੂੰ ਇਹ ਪਤਾ ਲਗਾਉਣਾ ਹੋਵੇਗਾ ਕੀ ਪਾਬੰਦੀਸ਼ੁਦਾ ਖਾਲਿਸਤਾਨ ਟਾਈਗਰ ਫੋਰਸ (ਕੇ.ਟੀ.ਐੱਫ.) ਦੇ ਮੁਖੀ ਦਾ ਕਤਲ ਸਥਾਨਕ ਝਗੜਿਆਂ ਦਾ ਨਤੀਜਾ ਸੀ ਜਾਂ ਇਸ ਪਿੱਛੇ ਕੋਈ ਹੋਰ ਕਾਰਨ ਹਨ।



**■ ਨਿੱਝਰ ਨੇ ਪਹਿਲਾਂ ਹੀ ਦਿੱਤੀ ਸੀ ਹਮਲੇ ਬਾਰੇ ਚਿਤਾਵਨੀ**

ਸੋਮਵਾਰ ਨੂੰ ਇੱਕ ਮੀਡੀਆ ਬ੍ਰੀਫਿੰਗ ਵਿਚ ਆਈ.ਐੱਚ.ਆਈ.ਟੀ. ਦੇ ਟਿਮੋਥੀ ਪਿਰੋਟੀ ਨੇ ਕਿਹਾ ਕਿ "ਅਸੀਂ ਸਮਝਦੇ ਹਾਂ ਕਿ ਇਸ ਕਤਲੇਆਮ ਦੇ ਉਦੇਸ਼ ਬਾਰੇ ਬਹੁਤ ਸਾਰੀਆਂ ਅਟਕਲਾਂ ਹਨ, ਪਰ ਅਸੀਂ ਤੱਥਾਂ ਨੂੰ ਜਾਣਨ ਅਤੇ ਸਬੂਤਾਂ ਨੂੰ ਸਾਡੀ ਜਾਂਚ ਦੀ ਅਗਵਾਈ ਕਰਨ ਲਈ ਸਮਰਪਿਤ ਹਾਂ।" ਉਨ੍ਹਾਂ ਕਿਹਾ ਕਿ ਜਾਂਚ ਟੀਮ ਇਸ ਮਾਮਲੇ ਦਾ ਪਰਦਾਫਾਸ਼ ਕਰਨ ਲਈ ਦੇਸ਼ ਦੀ ਖੁਫੀਆ ਏਜੰਸੀ ਨਾਲ ਕੰਮ ਕਰੇਗੀ। ਅਸੀਂ ਹਰ ਵਿਅਕਤੀ ਨਾਲ ਗੱਲ ਕਰਨ ਅਤੇ ਇਸ ਕੇਸ ਦੇ ਤੱਥਾਂ ਨੂੰ ਇਕੱਠਾ ਕਰਨ ਲਈ ਸਖ਼ਤ ਮਿਹਨਤ ਕਰ ਰਹੇ ਹਾਂ।"

## ਕੈਨੇਡਾ 'ਚ ਸਿੱਖ ਵਿਅਕਤੀ ਦੇ ਕਤਲ ਮਾਮਲੇ 'ਚ ਇਕ ਹੋਰ ਦੋਸ਼ੀ ਗ੍ਰਿਫ਼ਤਾਰ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ 'ਚ ਨਵੇਂ ਸਾਲ ਵਾਲੇ ਦਿਨ ਹੋਈ ਗੋਲੀਬਾਰੀ 'ਚ 51 ਸਾਲਾ ਸਿੱਖ ਪਿਤਾ ਦੀ ਮੌਤ ਹੋ ਗਈ ਸੀ ਅਤੇ ਉਸ ਦੀ 21 ਸਾਲਾ ਧੀ ਜ਼ਖਮੀ ਹੋ ਗਈ ਸੀ। ਇਸ ਮਾਮਲੇ ਵਿਚ ਦੂਜੇ ਦੋਸ਼ੀ 'ਤੇ ਫਰਸਟ ਡਿਗਰੀ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਐਡਮਿੰਟਨ ਪੁਲਿਸ ਨੇ ਦੱਸਿਆ ਕਿ ਡਾਕਵਾਨ ਰੋਸ਼ੇਨ ਹਾਵਰਡ ਲੀ (28) ਨੂੰ ਸੋਮਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ 'ਤੇ ਫਸਟ-ਡਿਗਰੀ ਕਤਲ, ਜਾਨਲੇਵਾ ਹਮਲਾ ਅਤੇ ਇਰਾਦੇ ਨਾਲ ਹਥਿਆਰ ਚਲਾਉਣ ਦੇ ਦੋਸ਼ ਲਗਾਏ ਗਏ। ਪੁਲਿਸ ਨੇ ਕਿਹਾ ਕਿ ਬਰਿੰਦਰ ਸਿੰਘ ਅਤੇ ਉਸਦੀ ਧੀ "ਗਲਤ ਤਰੀਕੇ ਨਾਲ ਨਿਸ਼ਾਨਾ ਬਣਾਏ ਗਏ ਅਪਰਾਧ ਦੇ ਨਿਰਦੋਸ਼ ਸ਼ਿਕਾਰ" ਸਨ।

ਲੀ ਗੋਲੀਬਾਰੀ ਮਾਮਲੇ ਵਿਚ ਚਾਰਜ ਕੀਤਾ ਗਿਆ ਦੂਜਾ ਵਿਅਕਤੀ ਹੈ, ਜਦੋਂ ਕਿ 31 ਸਾਲਾ ਟੇਵਾਹਨ ਓਰ, ਜੋ ਕੈਨੇਡਾ-ਵਿਆਪੀ ਵਾਰੰਟ 'ਤੇ ਲੋੜੀਂਦਾ ਸੀ, ਨੇ 21 ਮਾਰਚ ਨੂੰ ਆਪਣੇ ਆਪ ਨੂੰ ਹੈਮਿਲਟਨ ਪੁਲਿਸ ਸੇਵਾ ਵਿਚ ਸ਼ਾਮਲ ਕੀਤਾ। ਓਰ 'ਤੇ ਵੀ ਪਹਿਲੀ ਡਿਗਰੀ ਕਤਲ, ਗੰਭੀਰ ਹਮਲੇ ਅਤੇ ਇਰਾਦੇ ਨਾਲ ਹਥਿਆਰ ਚਲਾਉਣ ਦਾ ਦੋਸ਼ ਲਗਾਇਆ ਗਿਆ ਸੀ। 1 ਜਨਵਰੀ ਨੂੰ ਗਸ਼ਤ ਅਫਸਰਾਂ ਨੇ 16 ਏ ਐਵੇਨਿਊ ਅਤੇ 38 ਸਟਰੀਟ ਦੇ ਖੇਤਰ ਵਿਚ ਇੱਕ ਰਿਹਾਇਸ਼ ਵਿਚ ਗੜਬੜ ਦੀ ਰਿਪੋਰਟ ਦਾ ਜਵਾਬ ਦਿੱਤਾ। ਪਹੁੰਚਣ 'ਤੇ ਅਧਿਕਾਰੀਆਂ ਨੇ ਸ਼ਖ਼ਸ ਅਤੇ ਕੁੜੀ ਨੂੰ ਜ਼ਖਮੀ ਪਾਇਆ। ਈ.ਐੱਮ.ਐੱਸ. ਨੇ ਤੁਰੰਤ ਮੁੱਢਲਾ ਇਲਾਜ ਕੀਤਾ ਅਤੇ ਸਿੰਘ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਜ਼ਖਮਾਂ ਦੀ ਤਾਬ ਨਾ ਝੱਲਦਾ ਹੋਇਆ ਦਮ ਤੋੜ ਗਿਆ। 21 ਸਾਲਾ ਕੁੜੀ ਨੂੰ ਵੀ ਗੰਭੀਰ, ਗੈਰ-ਜਾਨ ਖ਼ਤਰੇ ਵਾਲੀਆਂ ਸੱਟਾਂ ਨਾਲ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿਚ ਡਿਸਚਾਰਜ ਕਰ ਦਿੱਤਾ ਗਿਆ। ਇੱਕ ਹਫ਼ਤੇ ਬਾਅਦ ਐਡਮਿੰਟਨ ਦੇ ਮੈਡੀਕਲ ਐਗਜ਼ਾਮੀਨਰ ਨੇ ਸਿੰਘ ਦਾ ਪੋਸਟਮਾਰਟਮ ਪੂਰਾ ਕੀਤਾ ਅਤੇ ਮੌਤ ਦਾ ਕਾਰਨ ਗੋਲੀ ਦੇ ਜ਼ਖਮਾਂ ਨੂੰ ਨਿਰਧਾਰਤ ਕੀਤਾ। ਮੌਤ ਦਾ ਤਰੀਕਾ ਕਤਲ ਸੀ। ਸਿੰਘ 2019 ਵਿਚ ਆਪਣੇ ਪਰਿਵਾਰ ਸਮੇਤ ਪੰਜਾਬ ਤੋਂ ਐਡਮਿੰਟਨ ਚਲੇ ਆਏ ਸਨ। ਪਰਿਵਾਰ ਨੇ ਦੱਸਿਆ ਕਿ ਉਹ ਚਾਰੇ ਸੁੱਤੇ ਹੋਏ ਸਨ, ਜਦੋਂ ਸਾਹਮਣੇ ਦਾ ਦਰਵਾਜ਼ਾ ਤੋੜਿਆ ਗਿਆ ਅਤੇ ਗੋਲੀਆਂ ਚੱਲਣੀਆਂ ਸ਼ੁਰੂ ਹੋ ਗਈਆਂ। ਸਿੰਘ ਦੀ ਪਤਨੀ ਜਸਜੀਤ ਕੌਰ ਨੇ ਦੱਸਿਆ ਕਿ "ਕੋਈ ਵਿਅਕਤੀ ਘਰ ਅੰਦਰ ਦਾਖਲ ਹੋਇਆ ਸੀ। ਅਸੀਂ ਸਾਰੇ ਸੌਂ ਰਹੇ ਸੀ ਅਤੇ ਕਈ ਗੋਲੀਆਂ ਚੱਲ ਰਹੀਆਂ ਸਨ। ਇਹ ਸਭ ਸਾਡੇ ਲਈ ਇੱਕ ਡਰਾਉਣੇ ਸੁਪਨੇ ਵਰਗਾ ਹੈ।"



## ਛੇੜਖਾਨੀ ਦੇ ਦੋਸ਼ 'ਚ ਭਾਰਤੀ-ਅਮਰੀਕੀ ਡਾਕਟਰ ਗ੍ਰਿਫ਼ਤਾਰ

ਨਿਊਯਾਰਕ, (ਪੰਜਾਬ ਮੇਲ)- ਕੈਲੀਫੋਰਨੀਆ ਦੇ ਸਿਹਤ ਕੇਂਦਰ ਸਹਿ-ਕਰਮਚਾਰੀ ਗਲਤ ਢੰਗ ਨਾਲ ਛੂਹਣ ਕਾਰਨ ਭਾਰਤੀ-ਅਮਰੀਕੀ ਡਾਕਟਰ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਚਨਦੀਪ ਸਿੰਘ ਨੂੰ 17 ਜੂਨ ਨੂੰ ਸਾਨ ਫਰਾਂਸਿਸਕੋ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਨੂੰ ਜੇਲ੍ਹ ਵਿਚ ਰੱਖਿਆ ਗਿਆ ਸੀ। ਬਾਅਦ ਵਿਚ ਉਸ ਨੂੰ ਉਸੇ ਦਿਨ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ। 17 ਅਗਸਤ ਨੂੰ ਉਹ ਕਥਿਤ ਜਿਨਸੀ ਸ਼ੋਸ਼ਣ ਲਈ ਸੈਕਰਾਮੈਂਟੋ ਦੀ ਅਦਾਲਤ 'ਚ ਪੇਸ਼ ਹੋਵੇਗਾ। ਪੁਲਿਸ ਨੇ 26 ਅਪ੍ਰੈਲ ਨੂੰ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕੀਤੀ। ਪੀੜਤਾ, ਸਿਹਤ ਕੇਂਦਰ ਦੀ ਕਰਮਚਾਰੀ ਹੈ, ਨੇ ਦੋਸ਼ ਲਾਇਆ ਕਿ ਡਾਕਟਰ ਨੇ ਉਸ ਦੀ ਮਰਜ਼ੀ ਦੇ ਵਿਰੁੱਧ ਉਸ ਨਾਲ ਛੇੜਖਾਨੀ ਕੀਤੀ। ਇਸ ਡਾਕਟਰ ਨੇ ਸਾਲ 2001 ਵਿਚ ਲੁਧਿਆਣਾ ਦੇ ਮੈਡੀਕਲ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ।

## ਹਨੀ ਸਿੰਘ ਨੂੰ ਗੋਲਡੀ ਬਰਾੜ ਗੈਂਗ ਵੱਲੋਂ ਮਿਲੀ ਜਾਨੋਂ ਮਾਰਨ ਦੀ ਧਮਕੀ

ਨਵੀਂ ਦਿੱਲੀ, (ਪੰਜਾਬ ਮੇਲ)- ਪੰਜਾਬੀ ਗਾਇਕ ਤੇ ਰੈਪਰ ਹਨੀ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਪੁਲਿਸ ਹੈੱਡ ਕੁਆਰਟਰ ਦੇ ਅੰਦਰ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਮੈਨੂੰ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਗੋਲਡੀ ਬਰਾੜ ਗੈਂਗ ਦਾ ਨਾਂ ਲੈਂਦਿਆਂ ਹਨੀ ਸਿੰਘ ਨੇ ਕਿਹਾ ਕਿ ਇਸ ਗਿਰੋਹ ਵੱਲੋਂ ਕਈ ਗਾਇਕਾਂ ਅਤੇ ਲੋਕਾਂ ਨੂੰ ਲਗਾਤਾਰ ਮੌਤ ਦੇ ਘਾਟ ਉਤਾਰਿਆ ਗਿਆ ਹੈ। ਹੁਣ ਮੈਨੂੰ ਵੀ ਮਾਰਨ ਦੀ ਧਮਕੀ ਮਿਲ ਰਹੀ ਹੈ, ਜਿਸ 'ਤੇ ਮੈਂ ਸੁਰੱਖਿਆ ਪ੍ਰਦਾਨ ਕਰਨ ਲਈ ਦਿੱਲੀ ਪੁਲਿਸ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਹੈ।

ਜ਼ਿਕਰਯੋਗ ਹੈ ਕਿ ਗੋਲਡੀ ਬਰਾੜ ਉਹੀ ਗੈਂਗਸਟਰ ਹੈ, ਜਿਸ ਦਾ ਨਾਂ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਵੀ ਆਇਆ ਸੀ।

**ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**


**Global Allianz**

ਕਾਨੂੰਨੀ ਸਲਾਹ

**LAW FIRM LLP**

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

**Asylum & Deportation Defense**



Atul Kapoor
C.E.O



Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਚਾਰ ਰੋਜ਼ਾ ਦੌਰੇ ਲਈ ਅਮਰੀਕਾ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ

**ਨਵੀਂ ਦਿੱਲੀ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਚਾਰ ਰੋਜ਼ਾ ਦੌਰੇ ਲਈ ਅਮਰੀਕਾ ਪਹੁੰਚ ਗਏ ਹਨ। ਅਮਰੀਕਾ ਲਈ ਰਵਾਨਾ ਹੋਣ ਤੋਂ ਪਹਿਲਾਂ ਇਕ ਬਿਆਨ 'ਚ ਸ਼੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਇਹ ਫੇਰੀ ਵੰਨ-ਸੁਵੰਨਤਾ ਤੇ ਸਾਂਝ ਨੂੰ ਹੋਰ ਬਿਹਤਰ ਤੇ ਮਜ਼ਬੂਤ ਬਣਾਉਣ ਦਾ ਮੌਕਾ ਹੋਵੇਗੀ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਦੋਵੇਂ ਮੁਲਕ ਇਕਜੁੱਟ ਹੋ ਕੇ ਸਾਂਝੀਆਂ ਆਲਮੀ ਚੁਣੌਤੀਆਂ ਦਾ ਵਧੇਰੇ ਮਜ਼ਬੂਤੀ ਨਾਲ ਟਾਕਰਾ ਕਰ ਸਕਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਥਮ ਮਹਿਲਾ ਜਿਲ ਬਾਇਡਨ ਵੱਲੋਂ ਸਰਕਾਰੀ ਦੌਰੇ ਲਈ ਦਿੱਤਾ 'ਵਿਸ਼ੇਸ਼ ਸੱਦਾ' ਦਰਸਾਉਂਦਾ ਹੈ ਕਿ ਦੋਵਾਂ ਜਮਹੂਰੀਅਤਾਂ ਦਰਮਿਆਨ ਇਹ ਭਾਈਵਾਲੀ ਕਿੰਨੀ ਮਜ਼ਬੂਤ ਤੇ ਅਹਿਮ ਹੈ। ਸ਼੍ਰੀ ਮੋਦੀ 24 ਜੂਨ ਤੱਕ ਸਰਕਾਰੀ ਦੌਰੇ 'ਤੇ ਰਹਿਣਗੇ। ਅਮਰੀਕਾ ਤੋਂ ਵਤਨ ਵਾਪਸੀ ਮੌਕੇ ਉਹ ਮਿਸਰ ਵੀ ਜਾਣਗੇ। ਸ਼੍ਰੀ ਮੋਦੀ ਨੇ ਅਮਰੀਕਾ ਤੇ ਮਿਸਰ ਦੀ ਫੇਰੀ ਤੋਂ ਪਹਿਲਾਂ ਇਕ ਬਿਆਨ ਵਿਚ ਕਿਹਾ ਕਿ ਰਾਸ਼ਟਰਪਤੀ ਬਾਇਡਨ ਤੇ ਹੋਰਨਾਂ ਸੀਨੀਅਰ ਅਮਰੀਕੀ ਆਗੂਆਂ ਨਾਲ ਹੋਣ ਵਾਲੀ ਵਿਚਾਰ=ਚਰਚਾ ਦੁਵੱਲੇ ਸਹਿਯੋਗ ਦੇ ਨਾਲ ਜੀ-20, ਕੁਆਡ ਤੇ ਆਈ.ਪੀ.ਈ.ਐੱਫ. (ਇੰਡੋ-ਪੈਸੇਫਿਕ ਇਕਨੌਮਿਕ ਫਰੇਮਵਰਕ ਫਾਰ ਪ੍ਰੌਸਪੈਰਿਟੀ) ਜਿਹੇ ਬਹੁਪੱਖੀ ਮੰਚਾਂ ਉੱਤੇ ਸਹਿਯੋਗ ਨੂੰ ਮਜ਼ਬੂਤ ਕਰਨ ਦਾ ਮੌਕਾ ਮੁਹੱਈਆ ਕਰੇਗੀ। ਪ੍ਰਧਾਨ ਮੰਤਰੀ ਨੇ ਕਿਹਾ, "ਮੈਂ



ਨਿਊਯਾਰਕ ਹਵਾਈ ਅੱਡੇ 'ਤੇ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਦਾ ਹੋਇਆ ਅਮਰੀਕੀ ਅਧਿਕਾਰੀ।

- **ਫੇਰੀ ਨੂੰ ਦੁਵੱਲੀ ਸਾਂਝ ਮਜ਼ਬੂਤ ਕਰਨ ਦਾ ਮੌਕਾ ਦੱਸਿਆ**
- **ਭਾਰਤ ਤੇ ਅਮਰੀਕਾ ਹਰ ਚੁਣੌਤੀ ਲਈ ਤਿਆਰ: ਮੋਦੀ**

ਆਪਣੇ ਦੌਰੇ ਦੀ ਸ਼ੁਰੂਆਤ ਨਿਊਯਾਰਕ ਤੋਂ ਕਰਾਂਗਾ, ਜਿੱਥੇ ਮੈਂ ਸੰਯੁਕਤ ਰਾਸ਼ਟਰ ਹੈੱਡਕੁਆਰਟਰਜ਼ ਵਿਚ ਯੂ.ਐੱਨ. ਲੀਡਰਸ਼ਿਪ ਤੇ ਕੌਮਾਂਤਰੀ ਭਾਈਚਾਰ ਦੇ ਮੈਂਬਰਾਂ ਨਾਲ ਕੌਮਾਂਤਰੀ ਯੋਗ ਦਿਹਾੜਾ ਮਨਾਵਾਂਗਾ।" ਸ਼੍ਰੀ ਮੋਦੀ ਨੇ ਕਿਹਾ ਕਿ ਇਸ ਮਗਰੋਂ ਉਹ ਵਾਸ਼ਿੰਗਟਨ ਡੀ.ਸੀ. ਜਾਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਤੰਬਰ 2021 ਵਿਚ ਅਮਰੀਕਾ ਦੀ ਆਪਣੀ ਸਰਕਾਰੀ ਫੇਰੀ ਮਗਰੋਂ ਰਾਸ਼ਟਰਪਤੀ ਬਾਇਡਨ ਤੇ ਉਨ੍ਹਾਂ ਨੂੰ ਮਿਲਣ ਦਾ ਕਈ ਵਾਰ ਮੌਕਾ ਮਿਲਿਆ। ਉਨ੍ਹਾਂ ਕਿਹਾ, "ਇਹ ਫੇਰੀ ਸਾਡੀ ਭਾਈਵਾਲੀ ਦੀ ਵੰਨ-ਸੁਵੰਨਤਾ ਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਹੋਵੇਗੀ।" ਸ਼੍ਰੀ ਮੋਦੀ ਨੇ ਕਿਹਾ ਕਿ ਅਮਰੀਕਾ ਵਸਤਾਂ ਤੇ ਸੇਵਾਵਾਂ ਦੇ ਖੇਤਰ ਵਿਚ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਤੇ ਦੋਵੇਂ ਮੁਲਕ ਵਿਗਿਆਨ ਤੇ ਤਕਨਾਲੋਜੀ, ਸਿੱਖਿਆ, ਸਿਹਤ ਤੇ ਸੁਰੱਖਿਆ ਦੇ ਖੇਤਰ ਵਿਚ ਨੇੜਿਓਂ ਸਹਿਯੋਗ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ, "ਅਸੀਂ ਦੋਵੇਂ ਮੁਲਕ ਮੁਕਤ, ਖੁੱਲ੍ਹੇ ਤੇ ਸਮਾਵੇਸ਼ੀ ਹਿੰਦ-ਪ੍ਰਸ਼ਾਂਤ ਨੂੰ ਲੈ ਕੇ ਸਾਂਝੇ ਨਜ਼ਰੀਏ ਦੀ ਦਿਸ਼ਾ ਵਿਚ ਵੀ ਮਿਲ ਕੇ ਕੰਮ ਕਰ ਰਹੇ ਹਾਂ।" ਸ਼੍ਰੀ ਮੋਦੀ ਨੇ ਇਕ ਟਵੀਟ ਵਿਚ ਕਿਹਾ ਕਿ ਅਮਰੀਕਾ ਵਿਚ ਉਨ੍ਹਾਂ ਨੂੰ ਕਾਰੋਬਾਰੀ ਆਗੂਆਂ ਨਾਲ ਬੈਠਕ ਕਰਨ, ਭਾਰਤੀ ਭਾਈਚਾਰੇ ਨਾਲ ਸੰਵਾਦ ਰਚਾਉਣ ਤੇ ਵੱਖ-ਵੱਖ ਖੇਤਰਾਂ ਦੇ ਲੋਕਾਂ ਨੂੰ ਮਿਲਣ ਦਾ ਵੀ ਮੌਕਾ ਮਿਲੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਰਾਸ਼ਟਰਪਤੀ ਬਾਇਡਨ ਤੇ ਪ੍ਰਥਮ ਮਹਿਲਾ ਤੇ ਹੋਰਨਾਂ ਕਈ ਨਾਮੀ ਹਸਤੀਆਂ ਨਾਲ ਰਾਜਕੀ ਭੋਜ ਵਿਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਅਮਰੀਕੀ ਸੰਸਦ ਨੇ ਭਾਰਤ ਤੇ ਅਮਰੀਕਾ ਦੇ ਰਿਸ਼ਤਿਆਂ ਨੂੰ ਹਮੇਸ਼ਾ ਮਜ਼ਬੂਤ ਦੁਵੱਲੀ ਹਮਾਇਤ ਦਿੱਤੀ ਹੈ।

## ਪ੍ਰਧਾਨ ਮੰਤਰੀ ਵੱਲੋਂ ਟੈਸਲਾ ਸੀ.ਈ.ਓ. ਏਲਨ ਮਸਕ ਨਾਲ ਮੁਲਾਕਾਤ



**ਨਿਊਯਾਰਕ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਦੌਰੇ 'ਤੇ ਹਨ ਅਤੇ ਮੰਗਲਵਾਰ ਨੂੰ ਉਨ੍ਹਾਂ ਨੇ ਟੈਸਲਾ ਦੇ ਸੀ.ਈ.ਓ. ਏਲਨ ਮਸਕ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਦੁਨੀਆਂ ਦੀ ਸਭ ਤੋਂ ਵੱਡੀ ਇਲੈਕਟ੍ਰਿਕ ਕਾਰ ਕੰਪਨੀ ਟੇਸਲਾ ਦੀ ਭਾਰਤ 'ਚ ਐਂਟਰੀ ਨੂੰ ਲੈ ਕੇ ਵੀ ਗੱਲਬਾਤ ਹੋਈ। ਮੀਟਿੰਗ ਤੋਂ ਬਾਅਦ ਟੇਸਲਾ ਦੇ ਸੀ.ਈ.ਓ. ਏਲਨ ਮਸਕ ਨੇ ਭਾਰਤੀ ਬਾਜ਼ਾਰ 'ਚ ਟੇਸਲਾ ਦੀ ਐਂਟਰੀ ਨੂੰ ਲੈ ਕੇ ਵੱਡਾ ਦਾਅਵਾ ਕੀਤਾ। ਨਿਊਯਾਰਕ ਦੇ ਪੈਲੇਸ ਹੋਟਲ 'ਚ ਏਲਨ ਮਸਕ ਨੇ ਕਿਹਾ ਕਿ ਕੰਪਨੀ ਆਉਣ ਵਾਲੇ ਸਮੇਂ 'ਚ ਭਾਰਤ 'ਚ ਨਿਵੇਸ਼ ਕਰੇਗੀ, ਜੋ ਦੇਸ਼ ਲਈ ਮਹੱਤਵਪੂਰਨ ਵਿਕਾਸ ਹੋਵੇਗਾ।

# ਅਮਰੀਕਾ ਵੱਲੋਂ ਪਹਿਲੀ ਵਾਰ 3 ਲੱਖ 20 ਹਜ਼ਾਰ ਭਾਰਤੀਆਂ ਨੂੰ ਐੱਚ-1ਬੀ ਵੀਜ਼ਾ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਪਹਿਲੀ ਵਾਰ 3 ਲੱਖ 20 ਹਜ਼ਾਰ ਭਾਰਤੀਆਂ ਨੂੰ ਉੱਚ ਹੁਨਰਮੰਦ ਐੱਚ-1ਬੀ ਵੀਜ਼ਾ ਜਾਰੀ ਕੀਤਾ ਹੈ। 2022 'ਚ ਕੁੱਲ 4,42,043 ਪ੍ਰਵਾਨਿਤ ਅਰਜ਼ੀਆਂ ਵਿਚੋਂ ਭਾਰਤੀਆਂ ਨੂੰ ਸਭ ਤੋਂ ਵੱਧ ਵੀਜ਼ੇ ਮਿਲੇ, ਜੋ ਕਿ ਲਗਭਗ 73% ਸਨ। ਅਮਰੀਕਨ ਇਮੀਗ੍ਰੇਸ਼ਨ ਸਰਵਿਸਿਜ਼ ਦੀ ਰਿਪੋਰਟ ਮੁਤਾਬਕ ਐੱਚ-1ਬੀ ਵੀਜ਼ਾ ਹਾਸਲ ਕਰਨ ਵਾਲੇ 77,500 ਭਾਰਤੀਆਂ ਦਾ ਅਮਰੀਕਾ 'ਚ ਪਹਿਲਾ ਨੌਕਰੀ ਦਾ ਅਪੁਆਇੰਟਮੈਂਟ ਹੋਵੇਗਾ।

ਐੱਚ-1ਬੀ ਹਾਸਲ ਕਰਨ ਵਾਲਿਆਂ 'ਚ ਦੂਜੇ ਨੰਬਰ 'ਤੇ ਚੀਨ 12.5 ਫ਼ੀਸਦੀ ਯਾਨੀ 50 ਹਜ਼ਾਰ ਵੀਜ਼ਾ ਹਾਸਲ ਕਰਨ 'ਚ ਕਾਮਯਾਬ ਰਿਹਾ। ਕੈਨੇਡੀਅਨ ਨਾਗਰਿਕਾਂ ਨੂੰ ਜਾਰੀ ਕੀਤੇ 4235 ਐੱਚ-1ਬੀ ਦੇ ਨਾਲ ਕੈਨੇਡਾ ਤੀਜੇ ਨੰਬਰ 'ਤੇ ਸੀ। 2021 ਵਿਚ ਤਿੰਨ ਲੱਖ ਭਾਰਤੀਆਂ ਨੂੰ ਹੀ ਐੱਚ-1 ਵੀਜ਼ਾ ਜਾਰੀ ਹੋਏ ਸੀ, ਉਮੀਦ ਹੈ ਕਿ ਅਗਲੇ ਪੰਜ ਸਾਲਾਂ 'ਚ ਕੁੱਲ ਐੱਚ-1ਬੀ ਵੀਜ਼ਾ ਦਾ ਲਗਭਗ 80% ਭਾਰਤੀਆਂ ਨੂੰ ਜਾਰੀ ਕੀਤਾ ਜਾਵੇਗਾ।

ਅਮਰੀਕਾ ਵਿਚ ਐੱਚ-1ਬੀ ਵੀਜ਼ਾ ਲਈ ਬਿਨੈਕਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। 2021 'ਚ 398296 ਅਤੇ 2022 ਵਿਚ 474301 ਅਰਜ਼ੀਆਂ ਆਈਆਂ।

2022 ਦੇ ਅਖ਼ੀਰ ਤੋਂ 2023 ਤੱਕ ਛਾਂਟੀ ਦੇ ਕਾਰਨ ਅਮਰੀਕਾ ਨੂੰ ਸ਼ੁਰੂਆਤੀ ਤੌਰ 'ਤੇ ਇਸ ਸਾਲ ਐੱਚ-1ਬੀ ਵੀਜ਼ਿਆਂ ਦੀ ਗਿਣਤੀ ਘਟਾਉਣ ਦੀ ਉਮੀਦ ਹੈ। ਡੈਮੋਕ੍ਰੇਟਿਕ ਨੇਤਾ ਅਜੇ ਭੂਟੋਰੀਆ ਦਾ ਕਹਿਣਾ ਹੈ ਕਿ ਐੱਚ-1ਬੀ ਵੀਜ਼ਾ 'ਚ ਵੱਡਾ ਹਿੱਸਾ ਮਿਲਣਾ ਅਮਰੀਕਾ 'ਚ ਭਾਰਤੀਆਂ ਦਾ ਦਬਦਬਾ ਦਰਸਾਉਂਦਾ ਹੈ। ਅਮਰੀਕਾ ਨੂੰ ਆਪਣੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਉੱਚ ਹੁਨਰਮੰਦ ਭਾਰਤੀ ਪੇਸ਼ੇਵਰਾਂ ਦੀ ਲੋੜ ਹੈ।




ਇਹ ਵੀਜ਼ਾ ਅਮਰੀਕੀ ਕੰਪਨੀਆਂ 'ਚ ਕੰਮ ਕਰਨ ਵਾਲੇ ਵਿਦੇਸ਼ੀ ਉੱਚ ਹੁਨਰਮੰਦ ਪੇਸ਼ੇਵਰਾਂ ਲਈ 3 ਸਾਲਾਂ ਲਈ ਜਾਰੀ ਕੀਤਾ ਜਾਂਦਾ ਹੈ ਤੇ ਕੰਪਨੀ ਵੱਲੋਂ ਅਰਜ਼ੀ ਦੇਣੀ ਪਵੇਗੀ। ਇਸ ਨੂੰ ਕੁੱਲ 6 ਸਾਲ ਤੱਕ ਵਧਾਇਆ ਜਾ ਸਕਦਾ ਹੈ। ਪੰਜ ਸਾਲਾਂ ਬਾਅਦ, ਐੱਚ-1ਬੀ ਵੀਜ਼ਾ ਧਾਰਕ ਅਮਰੀਕੀ ਨਾਗਰਿਕਤਾ ਲਈ ਅਰਜ਼ੀ ਦੇ ਸਕਦਾ ਹੈ। ਐੱਚ-1ਬੀ ਪ੍ਰਾਪਤ ਕਰਨ ਵਾਲੇ ਭਾਰਤੀਆਂ ਵਿਚੋਂ 66% ਕੰਪਿਊਟਰ ਪੇਸ਼ੇਵਰ ਹਨ। ਹਾਲਾਂਕਿ ਕੁੱਲ ਸਵੀਕਾਰ ਕੀਤੀਆਂ ਅਰਜ਼ੀਆਂ ਵਿਚੋਂ, 31.7% ਕੋਲ ਬੈਚਲਰ ਡਿਗਰੀ ਹੈ, 31% ਕੋਲ ਮਾਸਟਰ, 7.6% ਕੋਲ ਡਾਕਟਰੇਟ ਅਤੇ 3.1% ਕੋਲ ਹੋਰ ਪੇਸ਼ੇਵਰ ਡਿਗਰੀ ਹੈ। ਐੱਚ-1ਬੀ ਵੀਜ਼ਾ ਧਾਰਕਾਂ ਦੀ ਔਸਤ ਉਮਰ 33 ਸਾਲ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੀਜ਼ਿਆਂ ਦੀ ਗਿਣਤੀ ਵਧਾਉਣ ਲਈ ਜਲਦੀ ਹੀ ਇੱਕ ਨਵਾਂ ਬਿੱਲ ਲਿਆਉਣ ਦੀ ਤਿਆਰੀ ਕਰ ਰਹੇ ਹਨ।




EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਨਿਊਯਾਰਕ ਦੇ ਸਕੂਲਾਂ 'ਚ ਦੀਵਾਲੀ 'ਤੇ ਹੋਵੇਗੀ ਛੁੱਟੀ; ਕਾਨੂੰਨ ਪਾਸ

**ਨਿਊਯਾਰਕ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਪਹਿਲਾਂ ਨਿਊਯਾਰਕ ਸਿਟੀ ਨੇ ਇਕ ਅਹਿਮ ਫ਼ੈਸਲਾ ਲਿਆ ਹੈ। ਅਮਰੀਕੀ ਸੂਬੇ ਪੈਨਸਿਲਵੇਨੀਆ ਤੋਂ ਬਾਅਦ ਨਿਊਯਾਰਕ ਸਿਟੀ ਨੇ ਵੀ ਦੀਵਾਲੀ ਦੇ ਤਿਉਹਾਰ 'ਤੇ ਸ਼ਹਿਰ ਦੇ ਸਕੂਲਾਂ 'ਚ ਛੁੱਟੀ ਸਬੰਧੀ ਕਾਨੂੰਨ ਪਾਸ ਕੀਤਾ ਹੈ। ਨਿਊਯਾਰਕ ਰਾਜ ਵਿਧਾਨ ਸਭਾ ਨੇ ਪਿਛਲੇ ਹਫ਼ਤੇ ਭਾਰਤੀ ਤਿਉਹਾਰ ਨੂੰ ਸ਼ਹਿਰ ਵਿਚ ਸਕੂਲੀ ਛੁੱਟੀ ਬਣਾਉਣ ਲਈ ਇੱਕ ਬਿੱਲ ਨੂੰ ਮਨਜ਼ੂਰੀ ਦਿੱਤੀ ਸੀ। ਪਿਛਲੇ ਹਫ਼ਤੇ ਸੈਨੇਟ ਅਤੇ ਵਿਧਾਨ ਸਭਾ ਦੋਵਾਂ ਨੇ ਸੈਸ਼ਨ ਖ਼ਤਮ ਹੋਣ ਤੋਂ ਪਹਿਲਾਂ ਇਸ ਸਬੰਧ ਵਿਚ ਵੋਟਿੰਗ ਕੀਤੀ ਗਈ। ਹੁਣ ਇਸ ਸਬੰਧੀ ਕਾਨੂੰਨ ਬਣਾਉਣ ਲਈ ਬਿੱਲ ਗਵਰਨਰ ਕੈਥੀ ਹੋਚੁਲ ਨੂੰ ਭੇਜਿਆ ਗਿਆ ਹੈ।

ਕੈਥੀ ਹੋਚੁਲ ਦੁਆਰਾ ਦਸਤਖ਼ਤ ਕੀਤੇ ਜਾਣ ਤੋਂ ਬਾਅਦ ਇਹ ਬਿੱਲ ਕਾਨੂੰਨ ਬਣ ਜਾਵੇਗਾ। ਇਸ ਨਾਲ



ਨਿਊਯਾਰਕ ਵਿਚ ਰਹਿ ਰਹੇ ਹਿੰਦੂ, ਸਿੱਖ, ਜੈਨ ਜਾਂ ਬੋਧੀ ਭਾਈਚਾਰਿਆਂ ਨਾਲ ਸਬੰਧਤ ਭਾਰਤੀਆਂ ਨੂੰ ਫ਼ਾਇਦਾ ਹੋਵੇਗਾ। ਇੱਕ ਵਾਰ ਕਾਨੂੰਨ ਪਾਸ ਹੋਣ ਤੋਂ ਬਾਅਦ ਮੇਅਰ ਐਰਿਕ ਐਡਮਜ਼ ਇਸ ਨੂੰ ਮਨਾਉਣ ਵਾਲੇ 2 ਲੱਖ ਤੋਂ ਵੱਧ ਨਿਊਯਾਰਕ ਵਾਸੀਆਂ ਲਈ ਦੀਵਾਲੀ ਨੂੰ ਸਕੂਲ ਦੀ ਛੁੱਟੀ ਵਜੋਂ ਮਨੋਨੀਤ ਕਰ ਸਕਣਗੇ। ਜੇਕਰ ਦੀਵਾਲੀ ਦਿਵਸ ਐਕਟ 'ਤੇ ਰਾਸ਼ਟਰਪਤੀ ਦੁਆਰਾ ਦਸਤਖ਼ਤ ਕੀਤੇ ਜਾਂਦੇ ਹਨ, ਤਾਂ ਦੀਵਾਲੀ ਦਾ ਤਿਉਹਾਰ ਅਮਰੀਕਾ ਵਿਚ ਸੰਘੀ ਤੌਰ 'ਤੇ ਮਾਨਤਾ ਪ੍ਰਾਪਤ 12ਵੀਂ ਛੁੱਟੀ ਬਣ ਜਾਵੇਗਾ। ਰਿਪੋਰਟ ਮੁਤਾਬਕ ਇਸ ਤੋਂ ਪਹਿਲਾਂ ਇਹ ਬਿੱਲ ਦੋ ਵਾਰ ਫੇਲ੍ਹ ਹੋ ਚੁੱਕਾ ਹੈ। ਪਹਿਲੀ ਵਾਰ ਇਹ ਬਿੱਲ 2021 ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਅਸਫਲ ਰਹਿਣ ਤੋਂ ਬਾਅਦ ਇਸਨੂੰ ਅਕਤੂਬਰ 2022 ਵਿਚ ਇੱਕ ਵਾਰ ਫਿਰ ਪੇਸ਼ ਕੀਤਾ ਗਿਆ ਸੀ।

ਇਤਿਹਾਸਕ ਬਿੱਲ ਪਾਸ ਕਰਦੇ ਹੋਏ ਵਿਧਾਨ ਸਭਾ ਮੈਂਬਰ ਜੈਨੀਫਰ ਰਾਜਕੁਮਾਰ ਨੇ ਕਿਹਾ ਕਿ ਇਸ ਨਾਲ ਦੱਖਣੀ ਏਸ਼ੀਆਈ ਭਾਈਚਾਰੇ ਦਾ ਸੁਪਨਾ ਪੂਰਾ ਹੋ ਗਿਆ ਹੈ। ਦੀਵਾਲੀ ਨੂੰ ਸਕੂਲੀ ਛੁੱਟੀ ਬਣਾ ਕੇ ਦੱਖਣੀ ਏਸ਼ੀਆਈ, ਇੰਡੋ-ਕੈਰੇਬੀਅਨ, ਹਿੰਦੂ, ਸਿੱਖ, ਬੋਧੀ ਅਤੇ ਜੈਨ ਭਾਈਚਾਰਿਆਂ ਨੂੰ ਲਾਭ ਹੋਵੇਗਾ।" ਇਹ ਸੱਭਿਆਚਾਰ ਦਾ ਸਤਿਕਾਰ ਕਰਨ ਦਾ ਸਹੀ ਸਮਾਂ ਹੈ।" ਨਿਊਯਾਰਕ ਦੇ ਮੇਅਰ ਐਰਿਕ ਐਡਮਜ਼ ਇਸ ਕਾਨੂੰਨ ਦਾ ਸਮਰਥਨ ਕਰ ਰਹੇ ਹਨ, ਜਦਕਿ ਇਸ ਤੋਂ ਪਹਿਲਾਂ ਦੇ ਮੇਅਰ, ਸਕੂਲ ਦੇ ਚਾਂਸਲਰ ਇਸ ਕਾਨੂੰਨ ਦਾ ਵਿਰੋਧ ਕਰਦੇ ਰਹੇ ਹਨ।

## ਅਮਰੀਕਾ ਦੇ ਮਿਨੀਸੋਟਾ 'ਚ ਵਾਪਰੇ ਭਿਆਨਕ ਸੜਕ ਹਾਦਸੇ ਦੌਰਾਨ 5 ਔਰਤਾਂ ਦੀ ਮੌਤ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਮਿਨੀਸੋਟਾ ਰਾਜ ਦੇ ਸ਼ਹਿਰ ਮਿਨੀਆਪੋਲਿਸ ਵਿਚ ਵਾਪਰੇ ਇਕ ਭਿਆਨਕ ਸੜਕ ਹਾਦਸੇ ਵਿਚ 5 ਔਰਤ ਦੋਸਤਾਂ ਦੇ ਮਾਰੇ ਜਾਣ ਦੀ ਖਬਰ ਹੈ। ਮ੍ਰਿਤਕਾਂ ਦੀ ਉਮਰ 21 ਸਾਲ ਤੋਂ ਘੱਟ ਦੱਸੀ ਜਾਂਦੀ ਹੈ। ਮਿਨੀਆਪੋਲਿਸ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਹਾਦਸੇ ਤੋਂ ਪਹਿਲਾਂ ਮਿਨੀਸੋਟਾ ਸਟੇਟ ਗਸ਼ਤੀ ਦਲ ਨੇ ਇੰਟਰ ਸਟੇਟ 35 ਉਪਰ ਇਕ ਤੇਜ਼ ਰਫ਼ਤਾਰ ਕਾਰ ਜਾਂਦੀ ਵੇਖੀ ਪਰੰਤੂ ਇਸ ਤੋਂ ਪਹਿਲਾਂ ਕਿ ਗਸ਼ਤੀ ਦਲ ਕਿਸੇ ਟ੍ਰੈਫ਼ਿਕ ਸਟਾਪ 'ਤੇ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਦਾ, ਉਸ ਦਾ ਡਰਾਈਵਰ ਕਾਰ ਨੂੰ ਰਾਸ਼ਟਰੀ ਮਾਰਗ ਛੱਡ ਕੇ ਇਕ ਪਾਸੇ ਲੈ ਕੇ ਨਿਕਲ ਗਿਆ। ਬਾਅਦ ਵਿਚ ਕਾਰ ਲੇਕ ਸਟਰੀਟ ਤੇ ਸੈਕਿੰਡ ਐਵੀਨਿਊ ਵਿਚਾਲੇ ਪੈਂਦੇ ਚੌਰਾਹੇ 'ਤੇ ਬਿਨਾਂ ਲਾਲ ਬੱਤੀ ਦੀ ਪਰਵਾਹ ਕੀਤੇ ਅੱਗੇ ਨਿਕਲ ਗਈ ਤੇ ਇਕ ਕਾਰ ਵਿਚ ਜਾ ਵੱਜੀ, ਜਿਸ ਵਿਚ 4 ਬਾਲਗ ਔਰਤਾਂ ਤੇ 1 ਨਾਬਾਲਗ ਔਰਤ ਸਵਾਰ ਸੀ, ਜਿਨ੍ਹਾਂ ਦੀ ਮੌਕੇ ਉਪਰ ਹੀ ਮੌਤ ਹੋ ਗਈ।


# ਕੈਲੀਫੋਰਨੀਆ 'ਚ ਪੰਜਾਬੀ ਪੁਲਿਸ ਅਫ਼ਸਰ ਦੀ ਦੁਰਘਟਨਾਂ ਦੌਰਾਨ ਮੌਤ

**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)-** ਫਰਿਜ਼ਨੋ ਦੇ ਲਾਗਲੇ ਸ਼ਹਿਰ ਸੈਂਗਰ ਤੋ ਬੜੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਬੀਤੇ ਹਫ਼ਤੇ ਸੈਂਗਰ ਪੁਲਿਸ ਡਿਪਾਰਟਮੈਂਟ ਦਾ ਅਫ਼ਸਰ ਮਨਵੀਰ ਧਨੋਆ ਸਿੰਗਲ ਕਾਰ ਕਰੈਸ਼ ਵਿਚ ਜ਼ਿੰਦਗੀ ਤੋਂ ਹੱਥ ਧੋ ਬੈਠਾ। ਕੈਲੀਫੋਰਨੀਆ ਹਾਈਵੇਅ ਪੈਟਰੋਲ ਦਾ ਕਹਿਣਾ ਹੈ ਕਿ ਹਾਦਸਾ ਸਵੇਰੇ 5:30 ਵਜੇ ਸਕਾਈ ਹਾਰਬਰ ਰੋਡ ਨੇੜੇ ਮਿਲਰਟਨ ਰੋਡ 'ਤੇ ਵਾਪਰਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਧਨੋਆ ਮਿਲਰਟਨ ਤੋਂ ਪੂਰਬ ਵੱਲ ਜਾ ਰਿਹਾ ਸੀ, ਜਦੋਂ ਉਸਦੀ ਕਾਰ ਰੋਡਵੇਅ ਤੋਂ ਹੇਠਾਂ ਜਾ ਡਿੱਗੀ ਅਤੇ ਕਾਰ ਪਲਟੀਆ ਖਾ ਗਈ ਅਤੇ ਉਹ ਕਾਰ ਵਿਚੋਂ ਬੁੜਕ ਕੇ ਬਾਹਰ ਜਾ ਡਿੱਗਿਆ ਅਤੇ ਮੌਕੇ 'ਤੇ ਹੀ ਉਸ ਦੀ ਮੌਤ ਹੋ ਗਈ। ਸੈਂਗਰ ਪੁਲਿਸ ਡਿਪਾਰਟਮੈਂਟ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਬਹੁਤ ਬਹਾਦਰ ਤੇ ਸਿਆਣਾ ਅਫਸਰ ਖੋਇਆ ਹੈ ਅਤੇ ਅਫ਼ਸਰ ਦੀ ਮੌਤ ਦੇ ਸੋਗ ਵਜੋਂ ਸੈਂਗਰ ਸ਼ਹਿਰ ਦੀਆਂ ਸਰਕਾਰੀ ਬਿਲਡਿੰਗਾਂ ਦੇ ਝੰਡੇ ਉਸਦੇ ਫਿਊਨਰਲ ਤੱਕ ਅੱਧੇ ਝੁੱਕੇ ਰਹਿਣਗੇ। ਮ੍ਰਿਤਕ ਮਨਵੀਰ ਧਨੋਆ ਨੇ ਸੈਂਗਰ ਪੁਲਿਸ ਡਿਪਾਰਟਮੈਂਟ ਮਾਰਚ 2023 ਵਿਚ ਜੁਆਇਨ ਕੀਤਾ ਸੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਬਰੀਕੀ ਨਾਲ ਤਫਤੀਸ਼ ਕਰ ਰਹੀ ਹੈ। ਮਨਵੀਰ ਦੇ ਤੁਰ ਜਾਣ ਨਾਲ ਪੰਜਾਬੀ ਭਾਈਚਾਰਾ ਗਹਿਰੀ ਸੋਗ ਵਿਚ ਹੈ।



# ਬਾਇਡਨ ਪ੍ਰਸ਼ਾਸਨ ਵੱਲੋਂ ਗ੍ਰੀਨ ਕਾਰਡ ਉਡੀਕ ਰਹੇ ਪ੍ਰਵਾਸੀਆਂ ਨੂੰ ਯੋਗਤਾ ਨੇਮਾਂ 'ਚ ਛੋਟ

**ਵਾਸ਼ਿੰਗਟਨ, (ਪੰਜਾਬ ਮੇਲ)-** ਬਾਇਡਨ ਪ੍ਰਸ਼ਾਸਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਾਮੀ ਫੇਰੀ ਤੋਂ ਪਹਿਲਾਂ ਇਥੇ ਅਮਰੀਕਾ 'ਚ ਕੰਮ ਕਰਨ ਤੇ ਠਹਿਰਾਅ ਲਈ ਗ੍ਰੀਨ ਕਾਰਡਾਂ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਨੂੰ ਯੋਗਤਾ ਨੇਮਾਂ ਵਿਚ ਛੋਟ ਦਿੱਤੀ ਹੈ। ਅਮਰੀਕੀ ਸਿਟੀਜ਼ਨਸ਼ਿਪ ਤੇ ਇਮੀਗ੍ਰੇਸ਼ਨ ਸਰਵਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਯੋਗਤਾ ਮਾਪਦੰਡਾਂ ਵਿਚ ਛੋਟ ਸਬੰਧੀ ਪਾਲਿਸੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਗ੍ਰੀਨ ਕਾਰਡ, ਜਿਸ ਨੂੰ ਅਧਿਕਾਰਤ ਤੌਰ 'ਤੇ ਸਥਾਈ ਰੈਜ਼ੀਡੈਂਟ ਕਾਰਡ ਵੀ ਕਿਹਾ ਜਾਂਦਾ ਹੈ, ਅਮਰੀਕਾ ਆਉਣ ਵਾਲੇ ਪ੍ਰਵਾਸੀਆਂ ਨੂੰ



ਜਾਰੀ ਕੀਤਾ ਜਾਂਦਾ ਦਸਤਾਵੇਜ਼ ਹੈ, ਜੋ ਮੁਲਕ ਵਿਚ ਸਥਾਈ ਤੌਰ 'ਤੇ ਰਹਿਣ ਦੀ ਅਧਿਕਾਰਤ ਗਾਰੰਟੀ ਹੈ। ਅਮਰੀਕਾ ਦਾ ਪਰਵਾਸ ਕਾਨੂੰਨ ਹਰ ਸਾਲ ਅੰਦਾਜ਼ਨ 1,40,000 ਰੁਜ਼ਗਾਰ ਅਧਾਰਿਤ ਗ੍ਰੀਨ ਕਾਰਡ ਜਾਰੀ ਕਰਨ ਦੀ ਪ੍ਰਵਾਨਗੀ ਦਿੰਦਾ ਹੈ। ਹਾਲਾਂਕਿ ਇਨ੍ਹਾਂ ਗ੍ਰੀਨ ਕਾਰਡਾਂ ਵਿਚੋਂ ਸੱਤ ਫੀਸਦੀ ਹੀ ਕਿਸੇ ਇਕ ਮੁਲਕ ਦੇ ਵਿਅਕਤੀ ਵਿਸ਼ੇਸ਼ ਨੂੰ ਜਾਰੀ ਕੀਤੇ ਜਾ ਸਕਦੇ ਹਨ। ਛੋਟ ਲਈ ਯੂ.ਐੱਸ.ਸੀ.ਆਈ.ਐੱਸ. ਦੀ ਇਸ ਪੇਸ਼ਕਦਮੀ ਨਾਲ ਵੱਡੀ ਗਿਣਤੀ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਮਦਦ ਮਿਲੇਗੀ।

# ਕੈਲੀਫੋਰਨੀਆ 'ਚ ਟਰੱਕ ਡਰਾਈਵਰ ਦੀ ਗੋਲੀਆਂ ਮਾਰਕੇ ਹੱਤਿਆ

**ਫਰਿਜ਼ਨੋ, (ਮਾਛੀਕੇ/ਧਾਲੀਆਂ/ਪੰਜਾਬ ਮੇਲ)-** ਬੀਤੇ ਵੀਰਵਾਰ ਦਿਨ-ਦਿਹਾੜੇ ਕੈਲੀਫੋਰਨੀਆ ਦੇ ਸ਼ਹਿਰ ਲੈਥਰੋਪ ਵਿਖੇ ਫਰੀਵੇਅ 5 ਤੇ ਐਮਾਜ਼ੋਨ ਕੰਪਨੀ ਦੇ ਟਰੱਕ ਡਰਾਈਵਰ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰਕੇ ਹਲਾਕ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ। ਮਰਨ ਵਾਲੇ ਡਰਾਈਵਰ ਦੀ ਪਹਿਚਾਣ ਇਲਖੋਮ ਸ਼ੋਡੀਏਵ (37) ਵਜੋਂ ਹੋਈ ਹੈ, ਜੋ ਉੱਤਰੀ ਕੈਰੋਲੀਨਾ ਦਾ ਰਹਿਣ ਵਾਲਾ ਸੀ।



ਜਾਣਕਾਰੀ ਮੁਤਾਬਕ ਵੀਰਵਾਰ ਦੁਪਿਹਰ ਤਕਰੀਬਨ 12.48 ਦੇ ਮ੍ਰਿਤਕ ਡਰਾਈਵਰ ਇਲਖੋਮ ਸ਼ੋਡੀਏਵ ਆਪਣੇ ਟਰੱਕ ਵਿਚ ਫਰੀਵੇਅ 5 'ਤੇ ਨੌਰਥ ਬੌਂਡ ਜਾ ਰਿਹਾ ਸੀ, ਜਦੋਂ ਹਾਈਵੇਅ 120 ਲਾਗੇ ਉਸਦੇ ਟਰੱਕ 'ਤੇ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਦਾਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਟਰੱਕ ਆਊਟ ਆਫ ਕੰਟਰੋਲ ਹੋ ਗਿਆ ਅਤੇ ਲੂਇਸ ਐਵੇਨਿਊ ਲਾਗੇ ਫਰੀਵੇਅ ਤੋਂ ਹੇਠਾ ਉੱਤਰਕੇ ਦੋ ਖੜ੍ਹੀਆਂ ਕਾਰਾਂ ਨਾਲ ਟਕਰਾਕੇ ਬਿਲਡਿੰਗ ਨਾਲ ਵੱਜਕੇ ਰੁਕਿਆ। ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਹਾਈਵੇਅ ਪਟਰੋਲ ਹਮਲਾਵਰਾਂ ਦੀ ਭਾਲ ਕਰ ਰਿਹਾ ਅਤੇ ਉਹ ਪਬਲਿਕ ਤੋਂ ਮਦਦ ਮੰਗ ਰਹੇ ਹਨ, ਤਾਂ ਕਿ ਦੋਸ਼ੀਆਂ ਦੀ ਸ਼ਨਾਖ਼ਤ ਹੋ ਸਕੇ। ਐਮਾਜ਼ੋਨ ਦੀ ਬੁਲਾਰੀ ਨੇ ਆਪਣੇ ਡਰਾਈਵਰ ਦੀ ਮੌਤ 'ਤੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਐਮਾਜ਼ੋਨ ਇਸ ਦੁੱਖ ਦੀ ਘੜੀ ਵਿਚ ਮ੍ਰਿਤਕ ਡਰਾਈਵਰ ਦੇ ਪਰਿਵਾਰ ਨਾਲ ਖੜ੍ਹਾ ਹੈ।






# ਟਰੰਪ ਵੱਲੋਂ ਖ਼ੁਫੀਆ ਦਸਤਾਵੇਜ਼ ਨਾ ਮੋੜਨ ਬਾਰੇ ਸਪੱਸ਼ਟੀਕਰਨ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਾਈਟ ਹਾਊਸ ਛੱਡਣ ਸਮੇਂ ਆਪਣੇ ਨਾਲ ਲੈ ਗਏ ਖ਼ੁਫ਼ੀਆ ਦਸਤਾਵੇਜ਼ ਨਾ ਮੋੜਨ ਬਾਰੇ ਇਕ ਹੋਰ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਉਹ ਬਹੁਤ ਰੁਝੇ ਹੋਏ ਸਨ, ਇਸ ਲਈ ਉਸ ਨੂੰ ਆਪਣੇ ਨਿੱਜੀ ਸਮਾਨ ਵਿਚੋਂ ਦਸਤਾਵੇਜ਼ਾਂ ਨੂੰ ਵੱਖ ਕਰਨ ਦਾ ਸਮਾਂ ਨਹੀਂ ਮਿਲਿਆ। ਸਾਬਕਾ ਰਾਸ਼ਟਰਪਤੀ ਨੇ ਇਹ ਪ੍ਰਗਟਾਵਾ ਫੌਕਸ ਨਿਊਜ਼ ਦੇ ਚੀਫ ਪੁਲੀਟੀਕਲ



ਐਂਕਰ ਬਰੈਟ ਬੇਈਰ ਨਾਲ ਸਪੈਸ਼ਲ ਰਿਪੋਰਟ ਸ਼ੋਅ ਦੌਰਾਨ ਗੱਲਬਾਤ ਕਰਦਿਆਂ ਕੀਤਾ ਹੈ। ਜਦੋਂ ਸਾਬਕਾ ਰਾਸ਼ਟਰਪਤੀ ਨੂੰ ਪੁੱਛਿਆ ਗਿਆ ਕਿ ਨੈਸ਼ਨਲ ਆਰਕੀਵਜ਼ ਤੇ ਨਿਆਂ

**■ ਕਿਹਾ: ਬਹੁਤ ਰੁਝੇਵਿਆਂ ਕਾਰਨ ਖ਼ੁਫ਼ੀਆ ਦਸਤਾਵੇਜ ਮੋੜ ਨਹੀਂ ਸਕਿਆ**

ਵਿਭਾਗ ਦੁਆਰਾ ਮੰਗੇ ਜਾਣ 'ਤੇ ਉਸ ਨੇ ਦਸਤਾਵੇਜ਼ਾਂ ਵਾਲੇ ਡੱਬੇ ਵਾਪਸ ਕਿਉਂ ਨਹੀਂ ਦਿੱਤੇ ਤਾਂ ਉਨ੍ਹਾਂ ਕਿਹਾ ਕਿ ਮੇਰੇ ਕੋਲ ਡੱਬੇ ਸਨ ਤੇ ਮੈਂ ਆਪਣੇ ਨਿੱਜੀ ਸਮਾਨ ਨੂੰ ਡੱਬਿਆਂ ਤੋਂ ਵੱਖ ਕਰਨਾ ਚਾਹੁੰਦਾ ਸੀ ਪਰੰਤੂ ਰੁਝੇਵਿਆਂ ਕਾਰਨ ਮੈਂ ਅਜਿਹਾ ਨਹੀਂ ਕਰ ਸਕਿਆ। ਇਥੇ ਜ਼ਿਕਰਯੋਗ ਹੈ ਕਿ ਟਰੰਪ ਵਿਰੁੱਧ ਕੌਮੀ ਸੁਰੱਖਿਆ ਦਸਤਾਵੇਜ਼ਾਂ ਨਾਲ ਖਿਲਵਾੜ ਕਰਨ ਤੇ ਨਿਆਂ ਵਿਚ ਅੜਿੱਕਾ ਪਾਉਣ ਦੇ ਮਾਮਲੇ ਵਿਚ 37 ਅਪਰਾਧਿਕ ਦੋਸ਼ ਆਇਦ ਕੀਤੇ ਗਏ ਹਨ। ਇਥੇ ਦੱਸਣਯੋਗ ਹੈ ਕਿ ਕਾਰਜਕਾਲ ਪੂਰਾ ਹੋਣ ਤੋਂ ਇਕ ਸਾਲ ਦੇ ਵੀ ਵਧ ਸਮੇਂ ਬਾਅਦ ਐੱਫ.ਬੀ.ਆਈ. ਨੇ ਸਾਬਕਾ ਰਾਸ਼ਟਰਪਤੀ ਦੇ ਪਾਮ ਬੀਚ, ਫਲੋਰਿਡਾ ਸਥਿੱਤ ਮਾਰ-ਏ-ਲਾਗੋ ਰਿਜ਼ਾਰਟ 'ਤੇ ਮਾਰੇ ਛਾਪੇ ਦੌਰਾਨ 300 ਤੋਂ ਵਧ ਗੁਪਤ ਦਸਤਾਵੇਜ਼ ਬਰਾਮਦ ਕੀਤੇ ਸਨ।

# ਸਿਆਟਲ ਵਿਚ ਤਨਵੀਰ ਸਿੰਘ ਗਰੇਵਾਲ 'ਸਿੱਖ ਸਰਦਾਰ ਸਕਾਲਰ' ਦੇ ਖਿਤਾਬ ਨਾਲ ਸਨਮਾਨਿਤ

**ਸਿਆਟਲ, (ਪੰਜਾਬ ਮੇਲ)-** ਟਹੋਮਾ ਹਾਈ ਸਕੂਲ ਦਾ ਲੜਕਾ ਤਨਵੀਰ ਸਿੰਘ ਗਰੇਵਾਲ 'ਸਿੱਖ ਸਰਦਾਰ ਪੰਜਾਬੀ ਸਕਾਲਰ' ਦੇ ਖਿਤਾਬ ਨਾਲ ਗ੍ਰੈਜੂਏਸ਼ਨ ਮੌਕੇ ਸਨਮਾਨਿਤ ਕੀਤਾ ਗਿਆ। ਅੱਜਕੱਲ੍ਹ ਹਾਈ ਸਕੂਲਾਂ ਦੇ ਗ੍ਰੈਜੂਏਟਾਂ ਦੇ ਕਨਵੋਕੇਸ਼ਨਾਂ ਚੱਲ ਰਹੀਆਂ ਹਨ। ਤਨਵੀਰ ਸਿੰਘ ਗਰੇਵਾਲ ਟਹੋਮਾ ਹਾਈ ਸਕੂਲ ਵਿਚ ਪੜ੍ਹਾਈ ਵਿਚ ਕਈ ਐਵਾਰਡ ਪ੍ਰਾਪਤ ਕਰ ਚੁੱਕਾ ਹੈ। ਅਮਰੀਕਾ ਦੇ ਜੰਮਪਲ ਤਨਵੀਰ ਸਿੰਘ ਗਰੇਵਾਲ ਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਦਸਤਖਤਾਂ ਹੇਠ ਸਨਮਾਨ ਪੱਤਰ ਮਿਲਿਆ ਹੈ।




**ਟਹੋਮਾ ਹਾਈ ਸਕੂਲ ਮੈਪਲ ਵੈਲੀ ਦੇ ਉੱਚ ਅਧਿਕਾਰੀ ਤਨਵੀਰ ਸਿੰਘ ਗਰੇਵਾਲ ਨੂੰ ਸਿੱਖ ਸਰਦਾਰ ਪੰਜਾਬੀ ਸਕਾਲਰ ਦੇ ਖਿਤਾਬ ਨਾਲ ਸਨਮਾਨਿਤ ਕਰਦੇ ਸਮੇਂ।**

ਤਨਵੀਰ ਸਿੰਘ ਗਰੇਵਾਲ ਡੈਕਾ ਕਾਨਫਰੰਸ ਵਿਚ ਇਨਾਮਹੀਨ ਕੈਲੀਫੋਰਨੀਆ ਵਿਚ ਫਰਵਰੀ 2023 ਨੂੰ ਨੁਮਾਇੰਦਗੀ ਕੀਤੀ ਸੀ। ਕਲੇਅਮਾਊਂਟ ਯੂਨੀਵਰਸਿਟੀ ਕੈਲੀਫੋਰਨੀਆ ਵੱਲੋਂ ਅਗੇਤੀ ਪੜ੍ਹਾਈ ਸਾਇੰਸ ਵਿਚ ਚੋਣ ਹੋਣ ਦੀ ਲੈਟਰ ਮਿਲ ਚੁੱਕੀ ਹੈ। ਪੰਜਾਬੀ ਭਾਈਚਾਰੇ ਵੱਲੋਂ ਮਾਂ-ਬਾਪ ਤੇ ਤਨਵੀਰ ਸਿੰਘ ਨੂੰ ਵਧਾਈਆਂ ਮਿਲ ਰਹੀਆਂ ਹਨ ਅਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ।

## ਅਮਰੀਕਾ 'ਚ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਦੀ ਦਰਦਨਾਕ ਮੌਤ

**ਨਿਊਯਾਰਕ/ਟਾਂਡਾ ਉੜਮੁੜ, (ਪੰਜਾਬ ਮੇਲ)-**ਅਮਰੀਕਾ 'ਚ ਸ਼ਨੀਵਾਰ ਨੂੰ ਹੋਏ




ਇਕ ਸੜਕ ਹਾਦਸੇ 'ਚ ਪੰਜਾਬੀ ਨੌਜਵਾਨ ਅਮਨਦੀਪ ਸਿੰਘ ਦੀ ਮੌਤ ਹੋ ਗਈ। ਉਹ ਪੰਜਾਬ ਦੇ ਪਿੰਡ ਟਾਂਡਾ ਦਾ ਰਹਿਣ ਵਾਲਾ ਸੀ।

ਜਾਣਕਾਰੀ ਮੁਤਾਬਕ ਬੀਤੇ ਦਿਨੀਂ 17 ਜੂਨ ਨੂੰ ਅਮਨਦੀਪ ਸਿੰਘ (18) ਆਪਣੇ ਕੰਮ ਤੋਂ ਛੁੱਟੀ ਕਰ ਕੇ ਸ਼ਾਮ ਨੂੰ ਵਾਪਸ ਆ ਕੇ ਆਪਣੇ 3 ਦੋਸਤਾਂ ਨਾਲ ਆਪਣੇ ਇਕ ਹੋਰ ਦੋਸਤ ਦੇ ਜਨਮ ਦਿਨ ਦੀ ਪਾਰਟੀ 'ਚ ਸ਼ਾਮਲ ਹੋਣ ਲਈ ਜਾ ਰਿਹਾ ਸੀ। ਕੁਝ ਦੂਰ ਜਾਣ 'ਤੇ ਹੀ ਉਨ੍ਹਾਂ ਦੀ ਗੱਡੀ ਸੜਕ 'ਤੇ ਬਣੇ ਇਕ ਡਿਵਾਈਡਰ ਨਾਲ ਟਕਰਾ ਗਈ। ਇਸ ਹਾਦਸੇ 'ਚ ਅਮਨਦੀਪ ਗੰਭੀਰ ਤੌਰ 'ਤੇ ਜ਼ਖ਼ਮੀ ਹੋ ਗਿਆ। ਉਸ ਨੂੰ ਨੇੜੇ ਦੇ ਇਕ ਹਸਪਤਾਲ 'ਚ ਲਿਜਾਇਆ ਗਿਆ, ਜਿਥੇ ਉਸ ਦੀ ਮੌਤ ਹੋ ਗਈ।

# ਜਾਸੂਸਾਂ ਨੇ ਲਗਭਗ 50 ਸਾਲ ਪੁਰਾਣੇ ਬਲਾਤਕਾਰ ਅਤੇ ਕਤਲ ਕੇਸ ਨੂੰ ਸੁਲਝਾਇਆ

**ਫਰਿਜ਼ਨੋ, (ਪੰਜਾਬ ਮੇਲ)-** 1 ਜਨਵਰੀ, 1974 ਨੂੰ, 17 ਸਾਲਾ ਡੇਬਰਾ ਕਰਬ ਨੂੰ ਫਰਿਜ਼ਨੋ (ਅਸ਼ਲਾਨ/ਮਾਰੋਆ ਖੇਤਰ) ਵਿਚ ਕਾਲਜ ਐਵੇਨਿਊ ਦੇ 4000 ਬਲਾਕ 'ਚ ਸਥਿਤ ਇੱਕ ਘਰ ਵਿਚ ਗਲਾ ਘੁੱਟ ਕੇ ਮਾਰਿਆ ਗਿਆ। ਕਰਬ ਫਰਿਜ਼ਨੋ ਹਾਈ ਸਕੂਲ ਦਾ ਵਿਦਿਆਰਥੀ ਸੀ, ਜਿਸਨੇ ਨਵੇਂ ਸਾਲ ਦੀ ਸ਼ਾਮ ਨੂੰ ਸੰਗੀਤ ਸੁਣਨ ਅਤੇ ਦੋਸਤਾਂ ਨਾਲ ਪਹੇਲੀਆਂ ਬਣਾਉਣ ਵਿਚ ਬਿਤਾਇਆ ਸੀ। ਇਸ ਵਿਚ ਡੇਬਰਾ ਦਾ ਬੁਆਏਫ੍ਰੈਂਡ ਅਤੇ ਇੱਕ ਹੋਰ ਜੋੜਾ, 17 ਸਾਲ ਦਾ ਜੇਮਸ ਆਰਥਰ ਬਲੇਲਾਕ ਅਤੇ ਉਸਦੀ ਪ੍ਰੇਮਿਕਾ ਸ਼ਾਮਲ ਸੀ। ਤਿੰਨੇ ਦੋਸਤ ਆਖਰਕਾਰ ਘਰ ਛੱਡ ਗਏ। ਜਾਂਚ ਦੌਰਾਨ, ਬਲੇਲਾਕ ਨੂੰ ਦਿਲਚਸਪੀ ਵਾਲਾ ਵਿਅਕਤੀ ਮੰਨਿਆ ਗਿਆ ਸੀ। ਮੰਨਿਆ ਜਾਂਦਾ ਹੈ ਕਿ ਉਹ ਰਾਤ ਨੂੰ ਦੁਬਾਰਾ ਵਾਪਸ ਆਇਆ, ਇੱਕ ਛੁਪੀ ਹੋਈ ਚਾਬੀ ਲੱਭੀ ਅਤੇ ਘਰ ਵਿਚ ਦਾਖਲ ਹੋਇਆ। ਜਾਸੂਸਾਂ ਦਾ ਮੰਨਣਾ ਹੈ ਕਿ ਉਸਨੇ ਡੇਬਰਾ ਨਾਲ ਬਲਾਤਕਾਰ ਕੀਤਾ ਅਤੇ ਮਾਰਿਆ, ਹਾਲਾਂਕਿ ਉਨ੍ਹਾਂ ਕੋਲ ਕੋਈ ਠੋਸ ਸਬੂਤ ਨਹੀਂ ਸੀ। 2006 'ਚ ਬਲੇਲਾਕ ਦਾ ਡੀ.ਐੱਨ.ਏ. ਨਮੂਨਾ 1974 'ਚ ਡੇਬਰਾ ਤੋਂ ਲਈ ਗਈ ਜਿਨਸੀ ਹਮਲੇ ਦੀ ਕਿੱਟ ਤੋਂ ਇੱਕ ਮੈਚ ਦੇ ਰੂਪ 'ਚ ਵਾਪਸ ਆਇਆ। 2006 'ਚ ਡੇਬਰਾ ਦੇ ਸਰੀਰ ਨੂੰ ਉਸ ਤੋਂ ਇੱਕ ਵਾਧੂ ਡੀ.ਐੱਨ.ਏ. ਨਮੂਨਾ ਇਕੱਠਾ ਕਰਨ ਲਈ ਬਾਹਰ ਕੱਢਿਆ ਗਿਆ ਸੀ। ਫਿਰ ਇਸਨੂੰ ਸੇਰੋਲੋਜੀਕਲ ਰਿਸਰਚ ਇੰਸਟੀਚਿਊਟ (ਐੱਸ.ਈ.ਆਰ.ਆਈ.), ਜੋ ਕਿ ਕੈਲੀਫੋਰਨੀਆ 'ਚ ਇੱਕ ਗੈਰ-ਮੁਨਾਫ਼ਾ ਫੋਰੈਂਸਿਕ ਲੈਬ ਹੈ, ਨੂੰ ਜਮ੍ਹਾਂ ਕਰਾਇਆ ਗਿਆ ਸੀ। ਫਰਿਜ਼ਨੋ ਕਾਉਂਟੀ ਸ਼ੈਰਿਫ ਦੇ ਜਾਸੂਸ ਮਾਰਟੀ ਰਿਵੇਰਾ ਅਤੇ ਜੈਫ ਕਰਟਸਨ ਨੇ ਫਿਰ ਬਲੇਲਾਕ ਦੀ

**■ ਡੀ.ਐੱਨ.ਏ. ਨਤੀਜੇ ਰਾਹੀਂ ਹੋਇਆ ਖੁਲਾਸਾ**





ਇੰਟਰਵਿਊ ਕੀਤੀ, ਜੋ ਉਸ ਸਮੇਂ ਜੇਲ੍ਹ ਵਿਚ ਸੀ। ਉਸਨੇ ਡੇਬਰਾ ਨਾਲ ਸੈਕਸ ਕਰਨ ਅਤੇ ਉਸਦੀ ਹੱਤਿਆ ਕਰਨ ਤੋਂ ਇਨਕਾਰ ਕੀਤਾ। ਇੱਕ ਵਾਰ ਜਾਸੂਸਾਂ ਨੇ ਉਸਦੇ ਵੀਰਜ ਦੇ ਡੀ.ਐੱਨ.ਏ. ਮੈਚ ਨਾਲ ਉਸਦਾ ਸਾਹਮਣਾ ਕੀਤਾ, ਬਲੇਲਾਕ ਨੇ ਆਪਣੀ ਕਹਾਣੀ ਬਦਲ ਦਿੱਤੀ, ਇਹ ਕਹਿੰਦੇ ਹੋਏ ਕਿ ਉਸਨੇ ਡੇਬਰਾ ਨਾਲ ਸਹਿਮਤੀ ਨਾਲ ਸੈਕਸ ਕੀਤਾ ਸੀ, ਪਰ ਉਸਦਾ ਕਤਲ ਨਹੀਂ ਕੀਤਾ। ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਨੇ ਦੋਸ਼ਾਂ ਦੀ ਪੈਰਵੀ ਨਾ ਕਰਨ ਦੀ ਚੋਣ ਕੀਤੀ। ਦਸੰਬਰ 2021 'ਚ ਸਾਬਕਾ ਫਰਿਜ਼ਨੋ ਕਾਉਂਟੀ ਸ਼ੈਰਿਫ ਦੇ ਡਿਪਟੀ ਅਤੇ ਮੌਜੂਦਾ ਕੋਲਡ ਕੇਸ ਡਿਟੈਕਟਿਵ ਸਰਜੀਓ ਟੋਸਕਾਨੋ ਨੇ ਕੇਸ ਦੀ ਸਮੀਖਿਆ ਕੀਤੀ ਅਤੇ ਡੇਬਰਾ ਦਾ ਗਲਾ ਘੁੱਟਣ ਲਈ ਵਰਤੇ ਗਏ ਲਿਗਚਰ (ਲੀਓਟਾਰਡ) 'ਤੇ ਡੀ.ਐੱਨ.ਏ. ਲਈ ਦੁਬਾਰਾ ਟੈਸਟ ਦੀ ਬੇਨਤੀ ਕੀਤੀ। ਬਲੇਲਾਕ ਦੇ ਡੀ.ਐੱਨ.ਏ. ਨਤੀਜੇ ਹਾਲ ਹੀ ਵਿਚ ਵਾਪਸ ਆਏ ਅਤੇ ਲਿਗਚਰ 'ਤੇ ਦਿਖਾਈ ਦਿੱਤੇ ਅਤੇ ਜਿਨਸੀ ਹਮਲੇ ਦੀ ਕਿੱਟ 'ਤੇ ਦੁਬਾਰਾ ਪੁਸ਼ਟੀ ਕੀਤੀ ਗਈ। ਜਦੋਂ ਜਾਸੂਸ ਬਲੇਲਾਕ ਨਾਲ ਸੰਪਰਕ ਕਰਨ ਲਈ ਕੰਮ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਸਦੀ 2022 'ਚ ਹਸਪਤਾਲ ਵਿਚ ਮੌਤ ਹੋ ਗਈ ਸੀ।




# ਇੱਕ ਸ਼ਾਮ ਪੰਜਾਬੀ ਮਾਂ ਬੋਲੀ ਦੇ ਨਾਮ

**ਫਰਿਜ਼ਨੋ, (ਮਾਛੀਕੇ/ ਧਾਲੀਆਂ/ ਪੰਜਾਬ ਮੇਲ)-** ਇੰਡੋ ਯੂ.ਐੱਸ. ਹੈਰੀਟੇਜ਼ ਪੰਜਾਬੀ ਮਾਂ ਬੋਲੀ ਦੀ ਸਾਂਭ-ਸੰਭਾਲ ਅਤੇ ਪ੍ਰਫੁਲਤਾ ਲਈ ਸੈਮੀਨਰ ਪੰਜਾਬੀ ਸੈਂਟਰ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਹੁੰਚ ਕੇ ਬੁਲਾਰਿਆਂ ਦੇ ਵਿਚਾਰ ਸੁਣੇ ਅਤੇ ਬਾਅਦ ਵਿਚ ਕਵੀ ਦਰਬਾਰ ਹੋਇਆ ਅਤੇ ਗਾਇਕੀ ਦਾ ਦੌਰ ਚੱਲਿਆ। ਸਟੇਜ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਨੇ ਸ਼ਾਇਰਾਨਾਂ ਅੰਦਾਜ਼ ਵਿਚ ਸਭ ਨੂੰ ਨਿੱਘੀ ਜੀ ਆਇਆਂ ਆਖਕੇ ਕੀਤੀ। ਉਪਰੰਤ ਯਮਲੇ ਜੱਟ ਦੇ ਸ਼ਾਗਿਰਦ ਰਾਜ ਬਰਾੜ ਨੇ ਪੰਜਾਬੀ ਬੋਲੀ ਨੂੰ ਸਮਰਪਿਤ ਗੀਤ ਨਾਲ ਪ੍ਰੋਗਰਾਮ ਨੂੰ ਅੱਗੇ ਤੋਰਿਆ। ਸੰਸਥਾ ਦੇ ਕਨਵੀਨਰ ਸਾਧੂ ਸਿੰਘ ਸੰਘਾ ਨੇ ਪੰਜਾਬੀ ਮਾਂ ਬੋਲੀ 'ਤੇ ਪਰਚਾ ਪੜ੍ਹਿਆ। ਸ਼ਾਇਰ ਹਰਜਿੰਦਰ ਕੰਗ ਨੇ ਪੰਜਾਬੀ ਦੇ ਪ੍ਰਸਾਰ ਲਈ ਹੋ ਰਹੇ ਉਪਰਾਲਿਆਂ 'ਤੇ ਝਾਤ ਪਵਾਈ। ਇਸ ਮੌਕੇ ਕਹਾਣੀਕਾਰ ਕਰਮ ਸਿੰਘ ਮਾਨ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਬੋਲੀ ਨਹੀਂ ਮਰਦੀ, ਪਰ ਪੰਜਾਬੀ ਮਰ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਬਚਾਉਣ ਦੇ ਉਪਰਾਲੇ ਸਾਨੂੰ ਘਰੋਂ ਸ਼ੁਰੂ ਕਰਨੇ ਪੈਣਗੇ। ਮਲਕੀਤ ਸਿੰਘ ਕਿੰਗਰਾ ਨੇ ਪੰਜਾਬੀ ਮਾਂ ਬੋਲੀ ਵਿਚ ਘਸੋੜੇ ਜਾ ਰਹੇ ਹਿੰਦੀ ਭਾਸ਼ਾ ਦੇ ਸ਼ਬਦਾਂ 'ਤੇ ਚਿੰਤਾ ਜ਼ਾਹਰ ਕੀਤੀ। ਸੰਸਥਾ ਦੇ ਸੈਕਟਰੀ ਹੈਰੀ ਮਾਨ ਨੇ ਪੰਜਾਬੀ ਮਾਂ ਬੋਲੀ ਵਿਚ ਆ ਰਹੇ ਨਿਘਾਰ ਅਤੇ ਇਸ ਪ੍ਰਸਾਰ ਸਬੰਧੀ ਲੇਖਾ-ਜੋਖਾ ਕੀਤਾ।



ਹੋਰ ਬੋਲਣ ਵਾਲੇ ਬੁਲਾਰਿਆਂ ਵਿਚ ਕੁੰਦਨ ਸਿੰਘ ਧਾਮੀ, ਸੁਰਿੰਦਰ ਮਡਾਲੀ, ਪਰਮਪਾਲ ਸਿੰਘ, ਗੁਰਬਿੰਦਰ ਸੰਘਾ ਆਦਿ ਨੇ ਆਪਣੇ ਵਿਚਾਰ ਰੱਖੇ।

ਕਵੀ ਦਰਬਾਰ ਦੀ ਸ਼ੁਰੂਆਤ ਸ਼ਾਇਰ ਰਣਜੀਤ ਗਿੱਲ (ਜੱਗਾ ਸਧਾਰ) ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸ਼ੇਅਰਾਂ ਨਾਲ ਕੀਤੀ। ਸ਼ਾਇਰ ਸੁੱਖੀ ਧਾਲੀਵਾਲ ਨੇ ਫਾਦਰ ਡੇਅ ਨੂੰ ਮੁੱਖ ਰੱਖਕੇ ਭਾਵਪੂਰਕ ਕਵਿਤਾ "ਬੁੱਢਾ ਹੋ ਗਿਆ ਬਾਪੂ" ਪੜ੍ਹੀ। ਸ਼ਾਇਰ ਦਲਜੀਤ ਰਿਆੜ ਨੇ "ਮਿਸਾਲਾਂ ਬਾਲ਼ਕੇ ਰੱਖਿਓ" ਕਵਿਤਾ ਪੜ੍ਹਕੇ ਸਭਨਾਂ ਤੋਂ ਵਾਹ-ਵਾਹ ਖੱਟੀ। ਸ਼ਾਇਰ ਪਿਸ਼ੌਰਾ ਸਿੰਘ ਢਿੱਲੋਂ ਨੇ ਪੰਜਾਬੀ ਮਾਂ ਨੂੰ ਸਮਰਪਿਤ ਗੀਤ ਨਾਲ ਹਾਜ਼ਰੀ ਲਵਾਈ।

ਉਪਰੰਤ ਗਾਇਕੀ ਦੇ ਦੌਰ ਵਿਚ ਗਾਇਕ ਪੱਪੀ ਭਦੌੜ, ਕਮਲਜੀਤ ਬੈਨੀਪਾਲ ਅਤੇ ਗੁਰਦੀਪ ਕੁੱਸਾ ਨੇ ਆਪਣੇ ਗੀਤਾਂ ਨਾਲ ਐਸਾ ਸਮਾਂ ਬੰਨ੍ਹਿਆਂ ਕਿ ਹਰ ਕੋਈ ਅੱਸ਼-ਅੱਸ਼ ਕਰ ਉੱਠਿਆ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਦਾ ਸਿਹਰਾ ਸੰਸਥਾ ਦੇ ਅਣਥੱਕ ਮੈਂਬਰਾਂ ਸਾਧੂ ਸਿੰਘ ਸੰਘਾ, ਮਨਜੀਤ ਕੁਲਾਰ, ਨਿਰਮਲ ਸਿੰਘ ਧਨੌਲਾ, ਰਾਜ ਵੈਰੋਕੇ, ਸਤਵੰਤ ਸਿੰਘ ਵਿਰਕ, ਹੈਰੀ ਮਾਨ, ਸੰਤੋਖ ਸਿੰਘ ਢਿੱਲੋ ਅਤੇ ਰਣਜੀਤ ਗਿੱਲ, ਸੁਲੱਖਣ ਗਿੱਲ, ਬਿਲੂ ਢੀਂਡਸਾ ਸਿਰ ਜਾਂਦਾ ਹੈ। ਇਸ ਮੌਕੇ ਉੱਘੇ ਕਿਰਸਾਨ ਸੌਂਗੀ ਕਿੰਗ ਚਰਨਜੀਤ ਸਿੰਘ ਬਾਠ, ਟਰਾਂਸਪੋਰਟ ਜਸਪਾਲ ਸਿੰਘ ਬਿਲਾਸਪੁਰ, ਕੋਸਟ ਟੂ ਕੋਸਟ ਵਾਲ਼ੇ ਹੈਰੀ, ਐਥਲੀਟ ਗੁਰਬਖਸ਼ ਸਿੰਘ ਸਿੱਧੂ, ਸੁਰਜੀਤ ਜੰਡੂ ਆਦਿ ਤੋਂ ਬਿਨਾ ਖਾਲੜਾ ਪਾਰਕ ਵਾਲੇ ਬਾਬੇ, ਜੀ.ਐੱਚ.ਜੀ. ਦੇ ਮੈਂਬਰ ਅਤੇ ਇੰਡੋ-ਅਮੈਰਕਿਨ ਹੈਰੀਟੇਜ ਦੇ ਸਮੂਹ ਸੱਜਣ ਮੌਜੂਦ ਰਹੇ। ਅਖੀਰ ਅਲੀ ਦੇ ਚਾਹ ਪਕੌੜਿਆਂ ਦੇ ਲੰਗਰ ਨਾਲ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ।

# ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਇੰਡੋ-ਅਮੈਰੀਕਨ ਗਰੁੱਪ ਨਾਲ ਮੁਲਾਕਾਤ


**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬਧਕ ਕਮੇਟੀ ਦੇ ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਸਿੱਖ ਇੰਡੋ-ਅਮੈਰੀਕਨ ਗਰੁੱਪ ਨਾਲ ਮੁਲਾਕਤ ਕੀਤੀ। ਇਸ ਮੌਕੇ ਉਨ੍ਹਾਂ ਬੋਲਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼ਹੀਦਾਂ ਦੇ ਖੂਨ ਨਾਲ ਸਿੰਜੀ ਹੋਈ ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਹੈ, ਇਸ ਦੇ ਸ਼ਾਨਾਂਮਤੇ ਇਤਿਹਾਸ ਅਤੇ ਹੋਂਦ ਨੂੰ ਢਾਹ ਨਹੀਂ ਲੱਗਣੀ ਚਾਹੀਦੀ। ਉਨ੍ਹਾਂ ਸੰਸਥਾ ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਸਾਨੂੰ ਸੰਸਥਾ ਦੀ ਮਜ਼ਬੂਤੀ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਭਰੋਸਾ ਦੁਆਇਆ ਕਿ ਕਮੇਟੀ ਵਲੋਂ ਅਮਰੀਕਨ ਸਿੱਖਾਂ ਦੀ ਸਲਾਹ ਅਤੇ ਸਹਿਯੋਗ ਲੈ ਕੇ ਕਾਰਜ ਕਰੇਗੀ। ਉਨ੍ਹਾਂ ਗਿਆਨੀ ਰਘਵੀਰ ਸਿੰਘ ਦੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਨਿਯੁਕਤੀ ਨੂੰ ਵੀ ਸ਼ਲਾਘਾਯੋਗ ਕਦਮ ਦੱਸਦਿਆਂ ਸਵਾਗਤ ਕੀਤਾ। ਮੀਟਿੰਗ ਨੂੰ ਡਾ. ਪਰਮਜੀਤ ਸਿੰਘ ਸਰੋਆ ਅਤੇ ਰਮੇਸ਼ ਸਿੰਘ ਖਾਲਸਾ ਕਰਾਚੀ ਨੇ ਵੀ ਸੰਬੋਧਨ ਕੀਤਾ। ਨਰਿੰਦਰਪਾਲ ਸਿੰਘ ਹੁੰਦਲ ਨੇ ਸਵਾਗਤ ਕਰਦਿਆਂ ਭਰੋਸਾ ਦਿੱਤਾ ਕਿ ਅਮਰੀਕਾ ਦੀਆਂ ਸੰਗਤਾਂ ਪੂਰਨ ਸਹਿਯੋਗ ਦੇਣ ਲਈ ਵਚਨਬੱਧ ਹੈ। ਮੀਟਿਗ 'ਚ ਪ੍ਰੋਫੈਸਰ ਮੁਖ਼ਤਿਆਰ ਸਿੰਘ ਗਿੱਲ, ਮਨਜੀਤ ਸਿੰਘ ਸੈਣੀ, ਜਾਨੋਲ ਸਿਘ ਭਿੰਡਰ, ਦਵਿੰਦਰ ਸਿੰਘ ਢਿੱਲੋਂ, ਸੋਹਣ ਸਿੰਘ ਧੂਰੀ, ਗੁਦਿਆਲ ਸਿੰਘ ਪੱਡਾ, ਹਰਬੰਸ ਸਿੰਘ, ਲਖਤਾਰ ਸਿੰਘ ਪੱਡਾ, ਰਘਬੀਰ ਸਿੰਘ ਚੌਧਰੀ, ਸੰਤੋਖ ਸਿੰਘ, ਗੁਰਦੇਵ ਸਿੰਘ ਢਿੱਲੋਂ ਹਾਜ਼ਰ ਸਨ।



**ਗੋਬਿੰਦ ਸਿੰਘ ਲੌਂਗੋਵਾਲ, ਸੈਕਰਾਮੈਂਟੋ ਵਿਖੇ ਸੰਤ ਸਾਗਰ ਗੁਰਦੁਆਰਾ ਸਾਹਿਬ ਤੋਂ ਸਨਮਾਨ ਲੈਂਦੇ ਹੋਏ।**

# ਫਰਿਜ਼ਨੋ ਨਿਵਾਸੀ ਹਰਭਜਨ ਸਿੰਘ ਰੰਧਾਵਾ ਨੇ ਪੰਜਾਬੀਆਂ ਦਾ ਨਾਮ ਚਮਕਾਇਆ

**ਫਰਿਜ਼ਨੋ, (ਮਾਛੀਕੇ/ਧਾਲੀਆਂ/ ਪੰਜਾਬ ਮੇਲ)-** ਬੀਤੇ ਐਤਵਾਰ ਫਰਿਜ਼ਨੋ ਦੇ ਵੁਡਵਰਡ ਪਾਰਕ ਵਿਚ ਪਿਤਾ ਦਿਵਸ ਨੂੰ ਮੁੱਖ ਰੱਖਕੇ 10ਕੇ ਰਨ ਦੌੜ ਕੈਲੀਫੋਰਨੀਆ ਕਲਾਸਿਕ ਈਵੈਂਟ ਵੱਲੋਂ ਕਰਵਾਈ ਗਈ। ਇਸ ਦੌੜ ਵਿਚ 100 ਤੋਂ ਵੱਧ ਲੋਕਾਂ ਨੇ ਭਾਗ ਲਿਆ, ਇਹ ਦੌੜ 10 ਕਿਲੋਮੀਟਰ ਲੰਮੀ ਸੀ ਅਤੇ ਇਸ ਦੌੜ ਵਿਚ 60 ਤੋਂ 69 ਸਾਲ ਵਰਗ ਵਿਚ ਫਰਿਜ਼ਨੋ ਨਿਵਾਸੀ ਸੰਨੀ ਸਿੰਘ ਰੰਧਾਵਾ ਦੇ ਪਿਤਾ ਹਰਭਜਨ ਸਿੰਘ ਰੰਧਾਵਾ (67) ਨੇ ਤੀਸਰਾ ਸਥਾਨ ਹਾਸਲ ਕਰਕੇ ਪੰਜਾਬੀ ਭਾਈਚਾਰੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ। ਉਹ ਪੰਜਾਬ ਤੋਂ ਅੰਮ੍ਰਿਤਸਰ ਸ਼ਹਿਰ ਦੀ ਰਣਜੀਤ ਐਵੇਨਿਊ ਕਲੋਨੀ, ਏ ਬਲਾਕ ਨਾਲ ਸਬੰਧ ਰੱਖਦੇ ਹਨ। ਉਨ੍ਹਾਂ 2019 ਅਤੇ 20 ਵਿਚ ਚੰਡੀਗੜ ਵਿਖੇ ਹੋਈ ਮੈਰਾਥਾਨ ਵਿਚ ਵੀ ਭਾਗ ਲਿਆ ਸੀ। ਉਨ੍ਹਾਂ ਮਰਚੈਂਟ ਨੇਵੀ ਵਿਚ ਵੀ ਬਤੌਰ ਇੰਜੀਨੀਅਰ ਸੇਵਾਵਾਂ ਨਿਭਾਈਆਂ। ਉਨ੍ਹਾਂ ਨੂੰ ਹਾਰਟ ਦੀ ਪ੍ਰਾਬਲਮ ਹੋਣ ਕਰਕੇ ਦੋ ਸਟੰਟ ਵੀ ਪੈ ਚੁੱਕੇ ਹਨ। ਪਰ ਉਨ੍ਹਾਂ ਦਿਲ ਦੀ ਬਿਮਾਰੀ ਨੂੰ ਆਪਣੇ ਰਾਹ ਦਾ ਰੋੜਾ ਨਹੀਂ ਬਣਨ ਦਿੱਤਾ, ਸਗੋਂ ਹਰ ਰੋਜ ਸਵੇਰੇ ਚਾਰ ਵਜੇ ਉੱਠਕੇ ਕਸਰਤ ਕਰਦੇ ਹਨ ਤੇ ਆਪਣੇ ਆਪ ਨੂੰ ਪੂਰਾ ਫਿੱਟ ਰੱਖਿਆ ਹੋਇਆ ਹੈ। ਫਰਿਜ਼ਨੋ ਦਾ ਪੰਜਾਬੀ ਭਾਈਚਾਰਾ ਹਰਭਜਨ ਸਿੰਘ ਰੰਧਾਵਾ ਦੀ ਜਿੱਤ 'ਤੇ ਮਾਣ ਮਹਿਸੂਸ ਕਰ ਰਿਹਾ ਹੈ।






# ਕੈਨੇਡਾ 'ਚ ਪੰਜਾਬੀ ਪਰਿਵਾਰ ਦੇ ਦੇਸ਼ ਨਿਕਾਲੇ ਦੇ ਹੁਕਮਾਂ 'ਤੇ ਰੋਕ



ਐਬਟਸਫੋਰਡ, (ਪੰਜਾਬ ਮੇਲ)- ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ 3 ਮੈਂਬਰੀ ਪੰਜਾਬੀ ਪਰਿਵਾਰ ਦਾ ਦੇਸ਼ ਨਿਕਾਲਾ ਰੋਕ ਦਿੱਤਾ ਗਿਆ ਹੈ। ਪਹਿਲਾਂ ਖ਼ਬਰਾਂ ਆਈਆਂ ਸਨ ਪੈਂਟਿਕਟਨ ਦੇ ਰਹਿਣ ਵਾਲੇ ਹਰਦੀਪ ਸਿੰਘ ਚਾਹਲ, ਉਨ੍ਹਾਂ ਦੀ ਗਰਭਵਤੀ ਪਤਨੀ ਕਮਲਦੀਪ ਕੌਰ ਅਤੇ ਉਨ੍ਹਾਂ ਦੀ 3 ਸਾਲਾ ਧੀ ਨੂੰ ਪਿਛਲੇ ਮਹੀਨੇ ਦੇਸ਼ ਨਿਕਾਲੇ ਦੇ ਹੁਕਮ ਦਿੱਤੇ ਗਏ ਸਨ। ਹਾਲਾਂਕਿ ਚਾਹਲ ਪਰਿਵਾਰ ਦੀ ਮਦਦ ਲਈ ਨਿੱਤਰੇ ਸੰਸਦ ਮੈਂਬਰ ਰਿਚਰਡ ਕੈਨਿੰਗਜ਼, ਗੁਰਦੁਆਰਾ ਸਾਹਿਬ ਪੈਂਟਿਕਟਨ ਦੇ ਪ੍ਰਬੰਧਕ ਸਾਹਿਬਾਨ ਅਤੇ ਭਾਈਚਾਰੇ ਵੱਲੋਂ ਕੀਤੀਆਂ ਕੋਸ਼ਿਸ਼ਾਂ ਕਾਰਨ ਕੈਨੇਡਾ ਦੇ ਇੰਮੀਗ੍ਰੇਸ਼ਨ ਵਿਭਾਗ ਨੇ ਚਾਹਲ ਪਰਿਵਾਰ ਨੂੰ ਕੈਨੇਡਾ ਤੋਂ ਭਾਰਤ ਡਿਪੋਰਟ ਕਰਨ ਦਾ ਫ਼ੈਸਲਾ ਬਦਲ ਕੇ ਉਨ੍ਹਾਂ ਨੂੰ ਫਿਲਹਾਲ ਕੈਨੇਡਾ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਤੋਂ ਇਲਾਵਾ ਹਰਦੀਪ ਸਿੰਘ ਅਤੇ ਕਮਲਦੀਪ ਕੌਰ ਨੂੰ ਦੁਬਾਰਾ ਵਰਕ ਵੀਜ਼ੇ ਵਾਸਤੇ ਅਪਲਾਈ ਕਰਨ ਲਈ ਕਿਹਾ ਗਿਆ ਹੈ।

ਦੱਸ ਦੇਈਏ ਕਿ ਜੋੜੇ ਨੂੰ ਕੈਨੇਡੀਅਨ ਸਰਕਾਰ ਵੱਲੋਂ 10 ਸਾਲ ਦਾ ਵਿਜ਼ਟਰ ਵੀਜ਼ਾ ਅਤੇ ਬਾਅਦ ਵਿਚ ਵਰਕ ਵੀਜ਼ਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਸ਼ਰਨਾਰਥੀ ਦਾ ਦਰਜਾ ਹਾਸਲ ਕਰਨ ਲਈ ਅਰਜ਼ੀ ਦਿੱਤੀ ਸੀ। ਹਾਲਾਂਕਿ, ਉਸ ਦਾਅਵੇ ਅਤੇ ਉਸ ਦੇ ਬਾਅਦ ਦੀਆਂ 2 ਅਪੀਲਾਂ ਨੂੰ 2021 ਅਤੇ 2022 ਵਿਚ ਰੱਦ ਕਰ ਦਿੱਤਾ ਗਿਆ ਸੀ, ਕਿਉਂਕਿ ਉਹ ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਸਹੀ ਦਸਤਾਵੇਜ਼ ਪ੍ਰਦਾਨ ਕਰਨ ਵਿਚ ਅਸਮਰੱਥ ਸਨ, ਜਿਸ ਕਾਰਨ ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਗਿਆ ਸੀ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਭਾਈਚਾਰਾ ਪਰਿਵਾਰ ਦੇ ਸਮਰਥਨ ਵਿਚ ਸਾਹਮਣੇ ਆਇਆ ਅਤੇ ਓਕਾਨਾਗਨ ਦੇ ਐੱਮ.ਪੀ. ਰਿਚਰਡ ਕੈਨਿੰਗਜ਼ ਦੇ ਦਫ਼ਤਰ ਨੂੰ ਉਨ੍ਹਾਂ ਵੱਲੋਂ ਸਮਰਥਨ ਲਈ 100 ਤੋਂ ਵੱਧ ਈਮੇਲਾਂ ਭੇਜੀਆਂ ਗਈਆਂ ਸਨ। ਇਸ ਤੋਂ ਬਾਅਦ ਦੱਖਣੀ ਓਕਾਨਾਗਨ-ਵੈਸਟ ਕੂਟੇਨੇ ਦੇ ਐੱਮ.ਪੀ. ਕੈਨਿੰਗਜ਼ ਨੇ ਇਸ ਪਰਿਵਾਰ ਦੇ ਦੇਸ਼ ਨਿਕਾਲੇ ਦੇ ਆਦੇਸ਼ 'ਤੇ ਰੋਕ ਲਗਾਉਣ ਅਤੇ ਇਨ੍ਹਾਂ ਨੂੰ ਸਥਾਈ ਨਿਵਾਸ ਦਾ ਦਰਜਾ ਦਿਵਾਉਣ ਲਈ ਬਹੁਤ ਸਖ਼ਤ ਮਿਹਨਤ ਕੀਤੀ।

# ਕੈਨੇਡਾ ਦੀ ਆਬਾਦੀ ਚਾਰ ਕਰੋੜ ਤੋਂ ਟੱਪੀ




ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੀ ਆਬਾਦੀ 16 ਜੂਨ ਨੂੰ ਚਾਰ ਕਰੋੜ ਦਾ ਅੰਕੜਾ ਪਾਰ ਕਰ ਗਈ ਹੈ। ਅੰਕੜਾ ਵਿਭਾਗ ਅਨੁਸਾਰ ਇੱਕ ਸਾਲ ਦੌਰਾਨ ਵਿਦੇਸ਼ਾਂ ਤੋਂ ਆ ਕੇ ਵੱਸੇ ਲੋਕਾਂ ਕਾਰਨ 2022 ਵਿਚ ਆਬਾਦੀ 'ਚ ਰਿਕਾਰਡ ਸਾਢੇ ਦਸ ਲੱਖ (10,50,111) ਦਾ ਵਾਧਾ ਦਰਜ ਕੀਤਾ ਗਿਆ। ਇਸ ਤੋਂ ਪਹਿਲਾਂ ਦੂਜੀ ਵਿਸ਼ਵ ਜੰਗ ਮਗਰੋਂ ਵੱਧ ਬੱਚੇ ਪੈਦਾ ਕਰਨ ਦੀ ਲਹਿਰ ਤਹਿਤ 1957 ਵਿਚ ਦੇਸ਼ 'ਚ ਆਬਾਦੀ ਦੇ ਵਾਧੇ ਦਾ ਰਿਕਾਰਡ ਦਰਜ ਕੀਤਾ ਗਿਆ ਸੀ।

ਅੰਕੜਾ ਵਿਭਾਗ ਦੇ ਮੁਖੀ ਅਨਿਲ ਅਰੋੜਾ ਨੇ ਕਿਹਾ ਕਿ ਕੈਨੇਡਾ ਦੇ ਇਤਿਹਾਸ ਵਿਚ ਮੀਲ ਪੱਥਰ ਬਣਿਆ ਇਹ ਅੰਕੜਾ ਅਨੁਮਾਨ ਤੋਂ ਪੰਜ ਮਿੰਟ ਪਹਿਲਾਂ ਪੂਰਾ ਹੋ ਗਿਆ। ਉਨ੍ਹਾਂ ਦੱਸਿਆ ਕਿ ਇਹ ਅਨੁਮਾਨ ਸੀ ਕਿ ਚਾਰ ਕਰੋੜ ਆਬਾਦੀ ਦਾ ਅੰਕੜਾ 16 ਜੂਨ ਨੂੰ ਬਾਅਦ ਦੁਪਹਿਰ ਤਿੰਨ ਵਜੇ ਹਾਸਲ ਹੋਵੇਗਾ, ਜੋ ਕਿ ਉਸ ਤੋਂ ਪੰਜ ਮਿੰਟ ਪਹਿਲਾਂ ਹੀ ਪੂਰਾ ਹੋ ਗਿਆ। ਉਨ੍ਹਾਂ ਕਿਹਾ ਕਿ ਜੇਕਰ ਆਬਾਦੀ 'ਚ ਵਾਧੇ ਦਾ ਇਹੀ ਰੁਝਾਨ ਰਿਹਾ, ਤਾਂ ਅਗਲੇ 20 ਸਾਲਾਂ ਦੌਰਾਨ ਕੈਨੇਡਾ ਦੀ ਆਬਾਦੀ ਪੰਜ ਕਰੋੜ ਤੋਂ ਟੱਪ ਜਾਵੇਗੀ। ਅੰਕੜਾ ਵਿਭਾਗ ਅਨੁਸਾਰ 2016 ਤੋਂ 2021 ਦੇ ਪੰਜ ਸਾਲਾਂ ਦੌਰਾਨ ਸਥਾਈ ਵਾਧਾ ਸਿਰਫ਼ 9.4 ਫੀਸਦੀ ਹੋਇਆ, ਜਦਕਿ ਇਸੇ ਸਮੇਂ ਦੌਰਾਨ 5.3 ਫੀਸਦੀ ਵਾਧਾ ਪ੍ਰਵਾਸੀਆਂ ਕਾਰਨ ਹੋਇਆ। ਆਬਾਦੀ ਦੇ ਵਾਧੇ ਵਿਚ ਤੇਜ਼ੀ ਬਾਰੇ ਮਾਹਿਰਾਂ ਦੇ ਵਿਚਾਰਾਂ 'ਚ ਵੱਡਾ ਫਰਕ ਹੈ।

# ਏਅਰ ਇੰਡੀਆ ਬੰਬ ਧਮਾਕੇ ਦੇ ਪੀੜਤਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਰੋਹ 23 ਜੂਨ ਨੂੰ




**ਸਰੀ, (ਹਰਦਮ ਮਾਨ/ਪੰਜਾਬ ਮੇਲ)**- 1985 ਵਿਚ ਹੋਏ ਏਅਰ ਇੰਡੀਆ ਬੰਬ ਕਾਂਡ ਵਿਚ ਮਾਰੇ ਗਏ 331 ਪੀੜਤਾਂ (ਜਿਨ੍ਹਾਂ ਵਿਚ 82 ਬੱਚੇ ਵੀ ਸ਼ਾਮਲ ਸਨ) ਦੀ 38ਵੀਂ ਸਾਲਾਨਾ ਬਰਸੀ 23 ਜੂਨ 2023 ਨੂੰ ਸ਼ਾਮ 6:30 ਵਜੇ, ਵੈਨਕੂਵਰ ਵਿਖੇ ਸਟੈਨਲੇ ਪਾਰਕ ਦੇ ਸੇਪਰਲੇ ਖੇਡ ਮੈਦਾਨ 'ਚ ਮਨਾਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਸਰੀ-ਟਾਈਨਹੈੱਡ ਦੇ ਸਾਬਕਾ ਵਿਧਾਇਕ ਦੇਵ ਐੱਸ. ਹੇਅਰ ਨੇ ਦੱਸਿਆ ਹੈ ਕਿ ਕੈਨੇਡੀਅਨ ਇਤਿਹਾਸ ਦੀ ਸਭ ਤੋਂ ਵੱਡੀ ਹਵਾਈ ਤਬਾਹੀ ਦੇ ਇਸ 38ਵੇਂ ਸਾਲਾਨਾ ਸ਼ਰਧਾਂਜਲੀ ਸਮਾਰੋਹ ਵਿਚ ਨਾ ਸਿਰਫ ਇਸ ਭਿਆਨਕ ਅੱਤਵਾਦੀ ਬੰਬ ਧਮਾਕੇ ਦੇ 329 ਪੀੜਤਾਂ ਨੂੰ ਯਾਦ ਕੀਤਾ ਜਾਵੇਗਾ, ਬਲਕਿ ਨਾਰੀਤਾ (ਜਾਪਾਨ) ਵਿਚ ਸਮਾਨ ਸੰਭਾਲਣ ਵਾਲੇ 2 ਪੀੜਤਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਜਾਵੇਗੀ, ਜੋ ਏਅਰ ਇੰਡੀਆ ਦੀ ਇੱਕ ਹੋਰ ਉਡਾਣ ਵਿਚ ਹੋਏ ਦੂਜੇ ਅੱਤਵਾਦੀ ਬੰਬ ਧਮਾਕੇ ਵਿਚ ਮਾਰੇ ਗਏ ਸਨ, ਜੋ ਸਮੇਂ ਤੋਂ ਪਹਿਲਾਂ ਫਟ ਗਿਆ ਸੀ।


ਦੇਵ ਹੇਅਰ ਨੇ ਕਿਹਾ ਕਿ ਇਸ ਭਿਆਨਕ ਦਰਦਨਾਕ ਕਾਂਡ ਦੇ ਪੀੜਤ ਪਰਿਵਾਰਾਂ ਦੇ ਮੈਂਬਰ ਹਰ ਪਲ ਦਰਦ ਹੰਢਾ ਰਹੇ ਹਨ। ਇਹ ਸਾਲਾਨਾ ਯਾਦਗਾਰੀ ਸਮਾਰੋਹ ਸਾਨੂੰ ਸਾਰਿਆਂ ਨੂੰ ਯਾਦ ਦਿਵਾਉਂਦਾ ਹੈ ਕਿ ਇੱਕ ਸਭਿਅਕ ਸੰਸਾਰ ਵਿਚ ਅੱਤਵਾਦ ਲਈ ਕੋਈ ਥਾਂ ਨਹੀਂ ਹੈ ਅਤੇ ਇਸ ਨੂੰ ਹਰ ਕੀਮਤ 'ਤੇ ਖਤਮ ਕੀਤਾ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਦੇਵ ਹੇਅਰ 2001 ਤੋਂ 2013 ਤੱਕ 12 ਸਾਲਾਂ ਦੌਰਾਨ ਇੱਕ ਵਿਧਾਇਕ ਦੇ ਰੂਪ ਵਿਚ ਅਕਸਰ ਬੀ.ਸੀ. ਵਿਧਾਨ ਸਭਾ ਵਿਚ ਏਅਰ ਇੰਡੀਆ ਬੰਬਾਰੀ ਤਬਾਹੀ, ਪੀੜਤਾਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਅਤੇ ਅੱਤਵਾਦ ਦੇ ਵਿਰੁੱਧ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਇਸ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਣ ਲਈ ਸਾਰਿਆਂ ਨੂੰ ਸੱਦਾ ਦਿੱਤਾ ਹੈ। ਮੀਡੀਆ ਦੇ ਮੈਂਬਰਾਂ ਨੂੰ ਵੀ ਹਾਜ਼ਰ ਹੋਣ ਲਈ ਸੱਦਾ ਦਿੰਦਿਆਂ ਉਨ੍ਹਾਂ ਇਸ ਮੌਕੇ ਦੀ ਗੰਭੀਰਤਾ ਅਤੇ ਉਨ੍ਹਾਂ ਪਰਿਵਾਰਾਂ ਦੀ ਪ੍ਰਾਈਵੇਸੀ ਦਾ ਆਦਰ ਕਰਨ ਲਈ ਕਿਹਾ ਹੈ, ਜੋ ਆਪਣੇ ਪਿਆਰਿਆਂ ਦੇ ਸਦੀਵੀ ਵਿਛੋੜੇ 'ਤੇ ਸੋਗ ਕਰਨ ਲਈ ਉੱਥੇ ਸ਼ਾਮਲ ਹੋਣਗੇ।

## 31 ਅਗਸਤ ਤੋਂ 17 ਸਤੰਬਰ ਤੱਕ ਖੇਡਿਆ ਜਾਵੇਗਾ ਏਸ਼ੀਆ ਕੱਪ ਕ੍ਰਿਕਟ

**ਨਵੀਂ ਦਿੱਲੀ, (ਪੰਜਾਬ ਮੇਲ)**- ਏਸ਼ੀਆ ਕੱਪ ਬਾਰੇ ਮਹੀਨਿਆਂ ਦੀ ਬੇਯਕੀਨੀ ਖਤਮ ਕਰਦੇ ਹੋਏ ਏਸ਼ੀਅਨ ਕ੍ਰਿਕਟ ਕੌਂਸਲ (ਏ.ਸੀ.ਸੀ.) ਨੇ ਐਲਾਨ ਕੀਤਾ ਕਿ ਟੂਰਨਾਮੈਂਟ 31 ਅਗਸਤ ਤੋਂ 17 ਸਤੰਬਰ ਤੱਕ ਹਾਈਬ੍ਰਿਡ ਮਾਡਲ 'ਤੇ ਖੇਡਿਆ ਜਾਵੇਗਾ, ਜਿਸ ਦੇ ਚਾਰ ਮੈਚ ਪਾਕਿਸਤਾਨ 'ਚ ਹੋਣਗੇ ਅਤੇ 9 ਸ੍ਰੀਲੰਕਾ ਵਿਚ ਹੋਣਗੇ। ਇਕ ਦਿਨਾਂ ਕ੍ਰਿਕਟ ਟੂਰਨਾਮੈਂਟ ਬਾਰੇ ਬੇਯਕੀਨੀ ਪਿਛਲੇ ਹਫਤੇ ਉਦੋਂ ਖਤਮ ਹੋ ਗਈ, ਜਦੋਂ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਸਕੱਤਰ ਜੈ ਸ਼ਾਹ ਦੀ ਅਗਵਾਈ ਵਾਲੀ ਏ.ਸੀ.ਸੀ. ਨੇ ਪਾਕਿਸਤਾਨ ਕ੍ਰਿਕਟ ਬੋਰਡ ਦੇ ਹਾਈਬ੍ਰਿਡ ਮਾਡਲ ਨੂੰ ਮਨਜ਼ੂਰੀ ਦੇ ਦਿੱਤੀ। ਬੀ.ਸੀ.ਸੀ.ਆਈ. ਨੇ ਸਾਫ਼ ਤੌਰ 'ਤੇ ਕਿਹਾ ਸੀ ਕਿ ਉਹ ਦੋਵਾਂ ਮੁਲਕਾਂ ਵਿਚਾਲੇ ਚੱਲ ਰਹੇ ਸਿਆਸੀ ਤਣਾਅ ਕਾਰਨ ਉਹ ਆਪਣੀ ਟੀਮ ਪਾਕਿਸਤਾਨ ਨਹੀਂ ਭੇਜੇਗਾ। ਏ.ਸੀ.ਸੀ. ਨੇ ਬਿਆਨ 'ਚ ਕਿਹਾ, 'ਸਾਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਏਸ਼ੀਆ ਕੱਪ 2023 ਭਾਰਤ, ਪਾਕਿਸਤਾਨ, ਸ੍ਰੀਲੰਕਾ, ਬੰਗਲਾਦੇਸ਼, ਅਫਗਾਨਿਸਤਾਨ ਅਤੇ ਨੇਪਾਲ ਦੀਆਂ ਟੀਮਾਂ ਦੇ ਨਾਲ 31 ਅਗਸਤ ਤੋਂ 17 ਸਤੰਬਰ ਤੱਕ ਖੇਡਿਆ ਜਾਵੇਗਾ।' ਟੂਰਨਾਮੈਂਟ ਹਾਈਬ੍ਰਿਡ ਮਾਡਲ 'ਤੇ ਖੇਡਿਆ ਜਾਵੇਗਾ, ਜਿਸ 'ਚ ਚਾਰ ਮੈਚ ਪਾਕਿਸਤਾਨ 'ਚ ਅਤੇ ਬਾਕੀ 9 ਸ੍ਰੀਲੰਕਾ 'ਚ ਖੇਡੇ ਜਾਣਗੇ।



# ਯੂਰਪ ਜਾਣ ਦੀ ਕੋਸ਼ਿਸ਼ ਕਰ ਰਹੇ ਗੈਰ ਕਾਨੂੰਨੀਆਂ ਦੀ ਕਿਸ਼ਤੀ ਗ੍ਰੀਸ ਦੇ ਤੱਟ 'ਤੇ ਪਲਟੀ

- 79 ਲੋਕਾਂ ਦੀ ਮੌਤ
- 500 ਤੋਂ ਵੱਧ ਲੋਕ ਸਨ ਸਵਾਰ

**ਕਾਲਾਮਾਟਾ (ਗ੍ਰੀਸ), (ਪੰਜਾਬ ਮੇਲ)**- ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਮੱਛੀ ਫੜਨ ਵਾਲੀ ਕਿਸ਼ਤੀ ਗ੍ਰੀਸ ਦੇ ਤੱਟ 'ਤੇ ਪਲਟ ਗਈ, ਜਿਸ ਕਾਰਨ ਘੱਟੋ-ਘੱਟ 79 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਹੋਰ ਲਾਪਤਾ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਸਾਰੇ ਪ੍ਰਵਾਸੀ ਯੂਰਪ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਤੱਟ ਰੱਖਿਅਕ, ਜਲ ਸੈਨਾ ਅਤੇ ਹਵਾਈ ਜਹਾਜ਼ਾਂ ਨੇ ਰਾਤ ਭਰ ਵੱਡੇ ਪੱਧਰ 'ਤੇ ਖੋਜ ਅਤੇ ਬਚਾਅ ਮੁਹਿੰਮ ਚਲਾਈ। ਅਜੇ ਤੱਕ ਇਹ ਸਪੱਸ਼ਟ ਨਹੀਂ ਹੈ ਕਿ ਕਿੰਨੇ ਯਾਤਰੀ ਲਾਪਤਾ ਹਨ।

ਕੋਸਟ ਗਾਰਡ ਦੇ ਬੁਲਾਰੇ ਨਿਕੋਸ ਅਲੈਕਸੀਓਸ ਨੇ ਦੱਸਿਆ ਕਿ ਯਾਤਰੀਆਂ ਦੀ ਸੰਖਿਆ ਦਾ ਸਹੀ ਅੰਦਾਜ਼ਾ ਦੇਣਾ ਅਸੰਭਵ ਹੈ। ਅਜਿਹਾ ਜਾਪਦਾ ਹੈ ਕਿ 80-100 ਫੁੱਟ ਦਾ ਕਿਸ਼ਤੀ ਅਚਾਨਕ ਇਕ ਪਾਸੇ ਜਾਣ ਤੋਂ ਬਾਅਦ ਪਲਟ ਗਈ ਅਤੇ ਕੁਝ ਸਮੇਂ ਬਾਅਦ ਡੁੱਬ ਗਈ। ਦੱਖਣੀ ਬੰਦਰਗਾਹ ਸ਼ਹਿਰ ਕਾਲਾਮਾਤਾ ਦੇ ਡਿਪਟੀ ਮੇਅਰ ਇਓਨਿਸ ਜ਼ਾਫਿਰੋਪੋਲੋਸ ਨੇ ਕਿਹਾ ਕਿ ਸ਼ੁਰੂਆਤੀ ਜਾਣਕਾਰੀ ਤੋਂ ਪਤਾ ਚੱਲਦਾ ਹੈ ਕਿ ਜਹਾਜ਼ ਵਿਚ "500 ਤੋਂ ਵੱਧ ਲੋਕ" ਸਵਾਰ ਸਨ।

ਤੱਟ ਰੱਖਿਅਕ ਦੇ ਇਕ ਬਿਆਨ ਅਨੁਸਾਰ ਜਦੋਂ ਉਨ੍ਹਾਂ ਦੇ ਜਹਾਜ਼ਾਂ ਅਤੇ ਵਪਾਰਕ ਜਹਾਜ਼ਾਂ ਨੇ ਕਿਸ਼ਤੀ ਨੂੰ ਬਚਾਉਣ ਦੀ ਵਾਰ-ਵਾਰ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਗਿਆ। ਕਿਸ਼ਤੀ 'ਤੇ ਸਵਾਰ ਲੋਕ ਕਹਿੰਦੇ ਰਹੇ ਕਿ ਉਹ ਇਟਲੀ ਜਾਣਾ ਚਾਹੁੰਦੇ ਹਨ। ਤੱਟ ਰੱਖਿਅਕ ਅਧਿਕਾਰੀਆਂ ਨੇ ਦੱਸਿਆ ਕਿ ਕਿਸ਼ਤੀ ਦਾ ਇੰਜਣ ਟੁੱਟਣ ਤੋਂ ਬਾਅਦ ਕਿਸ਼ਤੀ ਡੁੱਬਣ ਲੱਗੀ। ਬਿਆਨ ਮੁਤਾਬਕ ਕਿਸ਼ਤੀ 10 ਤੋਂ 15 ਮਿੰਟ ਬਾਅਦ ਡੁੱਬ ਗਈ।

ਅਧਿਕਾਰੀਆਂ ਨੇ ਦੱਸਿਆ ਕਿ ਕਿਸ਼ਤੀ ਗ੍ਰੀਸ ਦੇ ਦੱਖਣੀ ਪੇਲੋਪੋਨੀਜ਼ ਪ੍ਰਾਇਦੀਪ ਤੋਂ ਲਗਭਗ 75 ਕਿਲੋਮੀਟਰ ਦੱਖਣ-ਪੱਛਮ 'ਚ ਅੰਤਰਰਾਸ਼ਟਰੀ ਪਾਣੀ 'ਚ ਡੁੱਬ ਗਈ। ਜਹਾਜ਼ ਵਿਚ ਸਵਾਰ 104 ਲੋਕਾਂ ਨੂੰ ਬਚਾ ਲਿਆ ਗਿਆ ਹੈ। ਬਚਾਏ ਗਏ ਲੋਕਾਂ ਵਿਚੋਂ 25 ਨੂੰ 'ਹਾਈਪੋਥਰਮੀਆ' ਜਾਂ ਬੁਖ਼ਾਰ ਦੀ ਸ਼ਿਕਾਇਤ ਕਾਰਨ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਸੀ।

# ਅਮਰੀਕਾ ਤੇ ਕੈਨੇਡਾ 'ਚ ਭਾਰਤੀ ਮਿਸ਼ਨਾਂ 'ਤੇ ਹੋਏ ਹਮਲੇ ਦੀ ਜਾਂਚ ਐੱਨ.ਆਈ.ਏ. ਹਵਾਲੇ

**ਨਵੀਂ ਦਿੱਲੀ, (ਪੰਜਾਬ ਮੇਲ)**- ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਅਮਰੀਕਾ ਤੇ ਕੈਨੇਡਾ 'ਚ ਮਾਰਚ ਮਹੀਨੇ ਭਾਰਤੀ ਮਿਸ਼ਨਾਂ 'ਤੇ ਖਾਲਿਸਤਾਨ ਦੇ ਹਮਾਇਤੀਆਂ ਵੱਲੋਂ ਕੀਤੇ ਗਏ ਹਮਲਿਆਂ ਦੀ ਜਾਂਚ ਆਪਣੇ ਹੱਥ 'ਚ ਲੈ ਲਈ ਹੈ। ਇਸ ਤੋਂ ਪਹਿਲਾਂ ਇਸ ਸਾਲ ਮਾਰਚ 'ਚ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹੋਏ ਹਿੰਸਕ ਮੁਜ਼ਾਹਰਿਆਂ ਤੇ ਭੰਨਤੋੜ ਦੀ ਕੋਸ਼ਿਸ਼ ਕੀਤੇ ਜਾਣ ਦੀਆਂ ਘਟਨਾਵਾਂ ਦੀ ਜਾਂਚ ਵੀ ਐੱਨ.ਆਈ.ਏ. ਨੂੰ ਸੌਂਪੀ ਗਈ ਸੀ। ਸੂਤਰਾਂ ਨੇ ਦੱਸਿਆ ਕਿ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਮਾਰਚ 'ਚ ਹੋਏ ਹਮਲਿਆਂ ਦੇ ਸਿਲਸਿਲੇ 'ਚ ਯੂ.ਏ.ਪੀ.ਏ. ਤਹਿਤ ਕੇਸ ਦਰਜ ਕੀਤੇ ਸੀ। ਉਨ੍ਹਾਂ ਦੱਸਿਆ ਕਿ ਅਮਰੀਕਾ ਤੇ ਕੈਨੇਡਾ 'ਚ ਹੋਏ ਹਮਲਿਆਂ ਦੀ ਜਾਂਚ ਹੁਣ ਐੱਨ.ਆਈ.ਏ. ਹਵਾਲੇ ਕਰ ਦਿੱਤੀ ਗਈ ਹੈ।

ਖਾਲਿਸਤਾਨ ਹਮਾਇਤੀ ਦੇ ਗਰੁੱਪ ਨੇ ਅਮਰੀਕਾ ਦੇ ਸਾਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲੇਟ 'ਤੇ ਹਮਲਾ ਕੀਤਾ ਤੇ ਉਸ ਨੂੰ ਨੁਕਸਾਨ ਪਹੁੰਚਾਇਆ। ਪ੍ਰਦਰਸ਼ਨਕਾਰੀਆਂ ਨੇ ਆਰਜ਼ੀ ਸੁਰੱਖਿਆ ਰੋਕਾਂ ਤੋੜ ਕੇ ਕੌਂਸਲੇਟ 'ਚ ਖਾਲਿਸਤਾਨੀ ਝੰਡੇ ਲਗਾ ਦਿੱਤੇ। ਦੂਤਾਵਾਸ ਕਰਮੀਆਂ ਨੇ ਹਾਲਾਂਕਿ ਬਾਅਦ ਵਿਚ ਇਹ ਝੰਡੇ ਹਟਾ ਦਿੱਤੇ। ਇਸ ਘਟਨਾ ਤੋਂ ਬਾਅਦ ਭਾਰਤ ਨੇ ਨਵੀਂ ਦਿੱਲੀ 'ਚ ਅਮਰੀਕੀ ਦੂਤਾਵਾਸ ਕੋਲ ਸਖਤ ਵਿਰੋਧ ਦਰਜ ਕਰਵਾਇਆ ਸੀ। ਸਰਕਾਰ ਨੇ ਕੈਨੇਡਿਆਈ ਹਾਈ ਕਮਿਸ਼ਨਰ ਨੂੰ ਵੀ ਤਲਬ ਕੀਤਾ ਤੇ ਭਾਰਤੀ ਕੂਟਨੀਤਕ ਮਿਸ਼ਨ ਨੂੰ ਨਿਸ਼ਾਨਾ ਬਣਾਏ ਜਾਣ ਨੂੰ ਲੈ ਕੇ ਆਪਣੀ ਚਿੰਤਾ ਤੋਂ ਜਾਣੂ ਕਰਾਇਆ ਸੀ।

# ਬ੍ਰਿਜ ਭੂਸ਼ਨ ਮਾਮਲਾ: ਸਾਕਸ਼ੀ ਅਤੇ ਬਬੀਤਾ ਵਿਚਾਲੇ ਛਿੜੀ ਸ਼ਬਦੀ ਜੰਗ

**ਨਵੀਂ ਦਿੱਲੀ, (ਪੰਜਾਬ ਮੇਲ)**- ਬ੍ਰਿਜ ਭੂਸ਼ਨ ਸ਼ਰਨ ਸਿੰਘ ਖ਼ਿਲਾਫ਼ ਪਹਿਲਵਾਨਾਂ ਦੇ ਵਿਰੋਧ ਦੇ ਮੁੱਦੇ 'ਤੇ ਓਲੰਪਿਕ ਤਗ਼ਮਾ ਜੇਤੂ ਪਹਿਲਵਾਨ ਸਾਕਸ਼ੀ ਮਲਿਕ ਤੇ ਰਾਸ਼ਟਰਮੰਡਲ ਖੇਡਾਂ 'ਚ ਸੋਨ ਤਗ਼ਮਾ ਜੇਤੂ ਬਬੀਤਾ ਫੋਗਾਟ ਵਿਚਾਲੇ ਸ਼ਬਦੀ ਜੰਗ ਛਿੜ ਪਈ ਹੈ। ਸਾਕਸ਼ੀ ਨੇ ਜਿੱਥੇ ਸਾਬਕਾ ਪਹਿਲਵਾਨ ਤੇ ਭਾਜਪਾ ਆਗੂ ਬਬੀਤਾ ਫੋਗਾਟ 'ਤੇ ਸਰਕਾਰ ਦਾ ਸਾਥ ਦੇਣ ਦਾ ਦੋਸ਼ ਲਾਇਆ, ਉੱਥੇ ਹੀ ਬਬੀਤਾ ਨੇ ਸਾਕਸ਼ੀ ਨੂੰ 'ਕਾਂਗਰਸ ਦੀ ਕਠਪੁਤਲੀ' ਦੱਸਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਸਾਕਸ਼ੀ ਤੇ ਉਸ ਤੇ ਪਤੀ ਸੱਤਿਆਵ੍ਰਤ ਕਾਦਿਆਨ ਨੇ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਪਹਿਲਵਾਨਾਂ ਦਾ ਪ੍ਰਦਰਸ਼ਨ ਸਿਆਸਤ ਜਾਂ ਕਾਂਗਰਸ ਤੋਂ ਪ੍ਰੇਰਿਤ ਨਹੀਂ ਹੈ ਅਤੇ ਬਬੀਤਾ ਤੇ ਭਾਜਪਾ ਦੇ ਇਕ ਹੋਰ ਆਗੂ ਤੀਰਥ ਰਾਣਾ ਨੇ ਸ਼ੁਰੂਆਤ 'ਚ ਪਹਿਲਵਾਨਾਂ ਦੇ ਜੰਤਰ-ਮੰਤਰ 'ਤੇ ਪ੍ਰਦਰਸ਼ਨ ਲਈ ਪੁਲਿਸ ਤੋਂ ਪ੍ਰਵਾਨਗੀ ਲੈਣ 'ਚ ਮਦਦ ਕੀਤੀ ਸੀ। ਸਾਕਸ਼ੀ ਮਲਿਕ ਨੇ ਭਾਰਤੀ ਜਨਤਾ ਪਾਰਟੀ ਦੀ ਆਗੂ ਤੇ ਰਾਸ਼ਟਰ ਮੰਡਲ ਖੇਡਾਂ 'ਚ ਸੋਨ ਤਗ਼ਮਾ ਜੇਤੂ ਪਹਿਲਵਾਨ ਬਬੀਤਾ ਫੋਗਾਟ 'ਤੇ ਦੋਸ਼ ਲਾਇਆ ਕਿ ਉਹ ਪਹਿਲਵਾਨਾਂ ਦੀ ਵਰਤੋਂ ਆਪਣੇ ਨਿੱਜੀ ਸਵਾਰਥ ਲਈ ਕਰ ਰਹੀ ਹੈ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰ ਰਹੀ ਹੈ। ਸਾਕਸ਼ੀ ਮਲਿਕ ਨੇ ਆਪਣੀ ਸ਼ਨਿੱਚਰਵਾਰ ਦੀ ਵੀਡੀਓ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਬਬੀਤਾ ਤੇ ਰਾਣਾ 'ਤੇ ਤਨਜ਼ ਕੱਸਿਆ ਸੀ ਕਿ ਕਿਵੇਂ ਉਨ੍ਹਾਂ ਆਪਣੇ ਸਵਾਰਥ ਲਈ ਪਹਿਲਵਾਨਾਂ ਨੂੰ ਵਰਤਣ ਦੀ ਕੋਸ਼ਿਸ਼ ਕੀਤੀ ਪਰ ਸਮਝ ਦੀ ਘਾਟ ਹੋਣ ਕਾਰਨ ਉਨ੍ਹਾਂ ਨੂੰ ਇਹ ਟਿੱਪਣੀ ਪੱਲੇ ਨਾ ਪਈ। ਸਾਕਸ਼ੀ ਨੇ ਟਵੀਟ ਕੀਤਾ, 'ਵੀਡੀਓ (ਬੀਤੇ ਦਿਨੀਂ) ਵਿਚ ਅਸੀਂ ਤੀਰਥ ਰਾਣਾ ਤੇ ਬਬੀਤਾ ਫੋਗਾਟ ਬਾਰੇ ਟਿੱਪਣੀ ਕੀਤੀ ਸੀ ਕਿ ਕਿਵੇਂ ਉਹ ਆਪਣੇ ਸਵਾਰਥ ਲਈ ਪਹਿਲਵਾਨਾਂ ਦੀ ਵਰਤੋਂ ਕਰਨਾ ਚਾਹੁੰਦੇ ਸੀ ਤੇ ਕਿਵੇਂ ਜਦੋਂ ਪਹਿਲਵਾਨਾਂ 'ਤੇ ਮੁਸੀਬਤ ਪਈ, ਤਾਂ ਉਹ ਜਾ ਕੇ ਸਰਕਾਰ ਦੀ ਗੋਦੀ ਵਿਚ ਬੈਠ ਗਏ।' ਉਨ੍ਹਾਂ ਕਿਹਾ, 'ਅਸੀਂ ਮੁਸੀਬਤ 'ਚ ਜ਼ਰੂਰ ਹਾਂ ਪਰ ਸਮਝ ਇੰਨੀ ਕਮਜ਼ੋਰ ਵੀ ਨਹੀਂ ਹੋਣੀ ਚਾਹੀਦੀ ਕਿ ਤਾਕਤਵਰ ਨੂੰ ਵੱਢੀ ਚੂੰਡੀ 'ਤੇ ਤੁਸੀਂ ਹੱਸ ਵੀ ਨਾ ਸਕੋ।' ਦੂਜੇ ਪਾਸੇ ਜਨਵਰੀ 'ਚ ਪਹਿਲਵਾਨਾਂ ਦੇ ਤਿੰਨ ਰੋਜ਼ਾ ਪ੍ਰਦਰਸ਼ਨ ਦੌਰਾਨ ਪਹਿਲਵਾਨਾਂ ਤੇ ਸਰਕਾਰ ਵਿਚਾਲੇ ਸਾਲਸੀ ਕਰਨ ਵਾਲੀ ਬਬੀਤਾ ਫੋਗਾਟ ਨੇ ਸਾਕਸ਼ੀ ਮਲਿਕ ਨੂੰ ਜਵਾਬ ਦਿੰਦਿਆਂ ਟਵੀਟ 'ਚ ਦਾਅਵਾ ਕੀਤਾ ਕਿ ਉਸ ਦਾ ਪਹਿਲਵਾਨਾਂ ਦੇ ਪ੍ਰਦਰਸ਼ਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਕਿਉਂਕਿ ਉਹ ਪਹਿਲੇ ਦਿਨ ਤੋਂ ਹੀ ਸੜਕ 'ਤੇ ਸੰਘਰਸ਼ ਦੇ ਖ਼ਿਲਾਫ਼ ਸੀ।

# ਭਾਰਤੀ ਕੁਸ਼ਤੀ ਫੈਡਰੇਸ਼ਨ ਚੋਣਾਂ: ਬ੍ਰਿਜ ਭੂਸ਼ਨ ਦੇ ਹਮਾਇਤੀ ਨੂੰ ਪ੍ਰਧਾਨ ਬਣਾਉਣ ਦੀ ਤਿਆਰੀ!

- ਪੰਜਾਬ ਤੇ ਮਹਾਰਾਸ਼ਟਰ ਨੂੰ ਛੱਡ ਕੇ ਮਾਨਤਾ ਪ੍ਰਾਪਤ 23 ਇਕਾਈਆਂ ਦੇ ਬ੍ਰਿਜ ਭੂਸ਼ਨ ਦੇ ਉਮੀਦਵਾਰ ਦੇ ਹੱਕ 'ਚ ਵੋਟ ਪਾਉਣ ਦੀ ਸੰਭਾਵਨਾ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਕੁਸ਼ਤੀ ਫੈਡਰੇਸ਼ਨ (ਡਬਲਯੂ.ਐੱਫ.ਆਈ.) ਦੀਆਂ 6 ਜੁਲਾਈ ਨੂੰ ਹੋਣ ਵਾਲੀਆਂ ਚੋਣਾਂ ਵਿਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਕਿਸੇ ਹਮਾਇਤੀ/ਨੇੜਲੇ ਨੂੰ ਪ੍ਰਧਾਨ ਬਣਾਏ ਜਾਣ ਦੀ ਸੰਭਾਵਨਾ ਹੈ। ਦੱਸ ਦੇਈਏ ਕਿ ਬ੍ਰਿਜ ਭੂਸ਼ਣ ਖਿਲਾਫ਼ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੀ ਲੜਾਈ ਲੜ ਰਹੇ ਪਹਿਲਵਾਨਾਂ ਨੇ ਸਰਕਾਰ ਕੋਲੋਂ ਮੰਗ ਕੀਤੀ ਸੀ ਕਿ ਸਿੰਘ, ਉਸ ਦੇ ਪਰਿਵਾਰਕ ਮੈਂਬਰਾਂ ਤੇ ਹਮਾਇਤੀਆਂ ਨੂੰ ਇਨ੍ਹਾਂ ਚੋਣਾਂ ਤੋਂ ਦੂਰ ਰੱਖਿਆ ਜਾਵੇ। ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਰਾਜਾਂ ਤੇ ਯੂਟੀਜ਼ ਦੀਆਂ ਇਕਾਈਆਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਚੋਣਾਂ ਮਗਰੋਂ ਜੋ ਵੀ ਪ੍ਰਧਾਨ ਬਣੇਗਾ ਉਹ ਬ੍ਰਿਜ ਭੂਸ਼ਨ ਦਾ ਹੀ ਕੋਈ ਨੇੜਲਾ ਹੋਵੇਗਾ। ਦੇਸ਼ ਵਿਚ ਇਸ ਸਮੇਂ ਡਬਲਯੂ.ਐੱਫ.ਆਈ. ਤੋਂ ਮਾਨਤਾ ਪ੍ਰਾਪਤ 25 ਇਕਾਈਆਂ ਹਨ। ਇਹ ਇਕਾਈਆਂ ਇਲੈਕਟੋਰਲ ਕਾਲਜ ਦਾ ਹਿੱਸਾ ਬਣਨ ਲਈ ਦੋ ਨਾਂ ਭੇਜਣਗੀਆਂ ਜੋ ਉਨ੍ਹਾਂ ਦੀ ਕਾਰਜਕਾਰੀ ਸੰਸਥਾ ਦੇ ਮੈਂਬਰ ਹੋਣਗੇ। ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਸੂਬਾਈ ਤੇ ਯੂਟੀ ਇਕਾਈਆਂ ਦੀਆਂ ਕਾਰਜਕਾਰੀ ਸੰਸਥਾਵਾਂ ਦੇ ਮੈਂਬਰ ਹੀ ਇਸ ਚੋਣ 'ਚ ਵੋਟ ਪਾ ਸਕਦੇ ਹਨ। ਮਹਾਰਾਸ਼ਟਰ ਤੇ ਪੰਜਾਬ ਨੂੰ ਛੱਡ ਕੇ ਬਾਕੀ 23 ਇਕਾਈਆਂ ਦੇ ਬ੍ਰਿਜ ਭੂਸ਼ਨ ਦੇ ਉਮੀਦਵਾਰ ਦੇ ਹੱਕ 'ਚ ਵੋਟ ਪਾਉਣ ਦੀ ਸੰਭਾਵਨਾ ਹੈ।




# ਯੂ.ਕੇ. ’ਚ ਗੈਰ ਕਾਨੂੰਨੀ ਪ੍ਰਵਾਸੀਆਂ ’ਤੇ ਛਾਪੇਮਾਰੀ ’ਚ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਹੋਏ ਸ਼ਾਮਲ

**■ ਇਕ ਦਿਨ ਲਈ ਇਮੀਗ੍ਰੇਸ਼ਨ ਅਫਸਰ ਬਣ ਕੇ ਕੀਤਾ ਕੀਤਾ: 100 ਤੋਂ ਵੱਧ ਲੋਕ ਗ੍ਰਿਫ਼ਤਾਰ**

**ਲੰਡਨ, (ਪੰਜਾਬ ਮੇਲ)-** ਯੂ.ਕੇ. ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਇਕ ਦਿਨ ਲਈ ਇਮੀਗ੍ਰੇਸ਼ਨ ਅਫਸਰ ਬਣ ਕੇ ਕੰਮ ਕੀਤਾ। ਇਸ ਦੌਰਾਨ ਸੁਨਕ ਛਾਪੇਮਾਰੀ ਵਿਚ ਅਧਿਕਾਰੀਆਂ ਨਾਲ ਸ਼ਾਮਲ ਹੋਏ ਅਤੇ 20 ਵੱਖ-ਵੱਖ ਦੇਸ਼ਾਂ ਦੇ 100 ਤੋਂ ਵੱਧ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਯੂ.ਕੇ. ਸਰਕਾਰ ਦੁਆਰਾ ਜਾਰੀ ਬਿਆਨ ’ਚ ਇਹ ਜਾਣਕਾਰੀ ਦਿੱਤੀ ਗਈ। ਸੁਨਕ ਨੇ ਇਮੀਗੇਸ਼ਨ ਅਫਸਰ ਬਣਨ ਦੀ ਜਾਣਕਾਰੀ ਖ਼ੁਦ ਸੋਸ਼ਲ ਮੀਡੀਆ ’ਤੇ ਦਿੱਤੀ। ਰਿਸ਼ੀ ਸੁਨਕ ਨੇ ਹਲਕੇ ਨੀਲੇ ਰੰਗ ਦੀ ਕਮੀਜ਼ ਅਤੇ ਨੇਵੀ ਬਲੂ ਪੈਂਟ ਦੇ ਨਾਲ ਬੁਲੇਟਪਰੂਫ ਵੈਸਟ ਪਹਿਨ ਕੇ ਬ੍ਰੈਂਟ, ਉੱਤਰੀ ਲੰਡਨ ਦਾ ਸਵੇਰੇ ਤੜਕੇ ਦੌਰਾ ਕੀਤਾ।

ਇਮੀਗ੍ਰੇਸ਼ਨ ਅਫਸਰ ਵਜੋਂ ਕੰਮ ਕਰਨ ਤੋਂ ਬਾਅਦ ਸੁਨਕ ਨੇ ਸੋਸ਼ਲ ਮੀਡੀਆ ’ਤੇ ਲਿਖਿਆ ਕਿ ਇਕ ਦਿਨ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਕੰਮ ਕਰਦੇ ਹੋਏ, ਮੈਂ ਛੋਟੀਆਂ ਕਿਸ਼ਤੀਆਂ ਅਤੇ ਹੋਰ ਤਰੀਕਿਆਂ ਨਾਲ ਆਉਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਰੋਕਣ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਸੁਨਕ ਨੇ ਵੀਰਵਾਰ ਨੂੰ ਪ੍ਰਵਾਸੀਆਂ ਖ਼ਿਲਾਫ਼ ਮੁਹਿੰਮ ’ਚ ਹਿੱਸਾ ਲਿਆ। ਬਿਆਨ ਅਨੁਸਾਰ ਗ੍ਰਿਫ਼ਤਾਰੀਆਂ ਵਪਾਰਕ ਸਥਾਨਾਂ ’ਤੇ ਕੀਤੀਆਂ ਗਈਆਂ, ਜਿਨ੍ਹਾਂ ਵਿਚ ਰੈਸਟੋਰੈਂਟ, ਕਾਰ ਧੋਣ, ਨੇਲ ਬਾਰ, ਨਾਈ ਦੀਆਂ ਦੁਕਾਨਾਂ ਅਤੇ ਸੁਵਿਧਾ ਸਟੋਰ ਸ਼ਾਮਲ ਹਨ। ਯੂ.ਕੇ. ਇਮੀਗ੍ਰੇਸ਼ਨ ਵਿਭਾਗ ਨੇ 159 ਛਾਪੇ ਮਾਰੇ। ਸ਼ੱਕੀਆਂ ਨੂੰ ਗੈਰ-ਕਾਨੂੰਨੀ ਕੰਮ ਕਰਨ ਅਤੇ ਝੂਠੇ ਦਸਤਾਵੇਜ਼ ਰੱਖਣ ਸਮੇਤ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ, ਕੁਝ ਥਾਵਾਂ ’ਤੇ ਨਕਦੀ ਜ਼ਬਤ ਕੀਤੀ ਗਈ।

ਬ੍ਰਿਟੇਨ ਦੀ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਉਨ੍ਹਾਂ ਬਾਰੇ ਕਿਹਾ ਕਿ ਸਾਡੇ ਭਾਈਚਾਰਿਆਂ ਨੂੰ ਉਨ੍ਹਾਂ ਲੋਕਾਂ ਤੋਂ ਖਤਰਾ ਹੈ, ਜੋ ਜ਼ਬਰਦਸਤੀ ਸਾਡੇ ਦੇਸ਼ ਵਿਚ ਦਾਖਲ ਹੁੰਦੇ ਹਨ ਅਤੇ ਕੰਮ ਕਰਦੇ ਹਨ। ਉਹ ਟੈਕਸ ਨਹੀਂ ਭਰਦੇ ਅਤੇ ਇਨ੍ਹਾਂ ਕਾਰਨ ਇਮਾਨਦਾਰ ਵਰਕਰਾਂ ਨਾਲ ਬੇਈਮਾਨੀ ਹੁੰਦੀ ਹੈ। ਯੂ.ਕੇ. ਦੇ ਗ੍ਰਹਿ ਦਫਤਰ ਨੇ ਇੱਕ ਦਿਨ ਵਿਚ ਗੈਰ-ਕਾਨੂੰਨੀ ਕੰਮ ਕਰਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਰਿਕਾਰਡ ਗਿਣਤੀ ਵਿਚ ਦੌਰੇ ਕੀਤੇ ਅਤੇ ਇਮੀਗ੍ਰੇਸ਼ਨ ਇਨਫੋਰਸਮੈਂਟ ਅਫਸਰਾਂ ਨੇ ਅਧਿਕਾਰ ਤੋਂ ਬਿਨਾਂ ਕੰਮ ਕਰਦੇ 105 ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ। ਗ੍ਰਹਿ ਸਕੱਤਰ ਨੇ ਇਹ ਵੀ ਦੱਸਿਆ ਕਿ 2023 ਦੀ ਪਹਿਲੀ ਤਿਮਾਹੀ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਟੀਮਾਂ ਨੇ 1,303 ਐਨਫੋਰਸਮੈਂਟ ਦੌਰੇ ਕੀਤੇ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 57 ਪ੍ਰਤੀਸ਼ਤ ਵੱਧ ਹਨ ਅਤੇ ਜਦੋਂ ਤੋਂ ਪ੍ਰਧਾਨ ਮੰਤਰੀ ਨੇ ਦਸੰਬਰ ਵਿਚ ਕਿਸ਼ਤੀਆਂ ਨੂੰ ਰੋਕਣ ਦੀ ਆਪਣੀ ਯੋਜਨਾ ਬਣਾਈ ਹੈ, ਗ੍ਰਿਫਤਾਰੀਆਂ ਹੋਈਆਂ ਹਨ। ਇਕ ਰਿਪੋਰਟ ਅਨੁਸਾਰ ਸਾਲ 2022 ਵਿਚ 233 ਤੋਂ ਵੱਧ ਭਾਰਤੀ ਪ੍ਰਵਾਸੀਆਂ ਨੇ ਛੋਟੀਆਂ ਕਿਸ਼ਤੀਆਂ ਰਾਹੀਂ ਗ਼ੈਰਕਾਨੂੰਨੀ ਢੰਗ ਨਾਲ ਇੰਗਲਿਸ਼ ਚੈਨਲ ਪਾਰ ਕੀਤਾ ਸੀ।


ਅਤੇ 2023 ਵਿਚ ਇਹ ਅੰਕੜਾ ਸਿਰਫ ਇੱਕ ਮਹੀਨੇ ਵਿਚ 250 ਨੂੰ ਪਾਰ ਕਰ ਗਿਆ ਹੈ। ਇਸ ਨਾਲ ਭਾਰਤੀ ਸਮੂਹ ਅਫਗਾਨਿਸਤਾਨ ਅਤੇ ਸੀਰੀਆ ਤੋਂ ਬਾਅਦ ਅਜਿਹਾ ਕਰਨ ਵਾਲਾ ਸਭ ਤੋਂ ਵੱਡਾ ਸਮੂਹ ਬਣ ਗਿਆ ਹੈ। ਹਾਲਾਂਕਿ ਪਿਛਲੇ ਸਾਲ ਨਵੰਬਰ ਵਿਚ ਯੂ.ਕੇ. ਦੇ ਗ੍ਰਹਿ ਦਫਤਰ ਨੇ ਇੰਗਲਿਸ਼ ਚੈਨਲ ਨੂੰ ਪਾਰ ਕਰਕੇ ਗੈਰ-ਕਾਨੂੰਨੀ ਢੰਗ ਨਾਲ ਯੂ.ਕੇ. ਵਿਚ ਦਾਖਲ ਹੋਣ ਵਾਲੇ ਲੋਕਾਂ ਦੀ ਸੂਚੀ ਜਾਰੀ ਕੀਤੀ ਸੀ। ਇਸ ਅਨੁਸਾਰ 2022 ਦੇ ਪਹਿਲੇ 6 ਮਹੀਨਿਆਂ ਵਿਚ ਛੋਟੀ ਕਿਸ਼ਤੀ ਦੁਆਰਾ ਬ੍ਰਿਟੇਨ ਪਹੁੰਚਣ ਵਾਲੇ ਸਭ ਤੋਂ ਵੱਧ ਲੋਕ ਅਲਬਾਨੀਆ (51%), ਅਫਗਾਨਿਸਤਾਨ (18%) ਅਤੇ ਈਰਾਨ (15%) ਤੋਂ ਸਨ। ਇਸ ਸੂਚੀ ਵਿਚ ਭਾਰਤੀਆਂ ਦਾ ਜ਼ਿਕਰ ਨਹੀਂ ਸੀ।

# ਵਿਦਿਆਰਥੀ ਦੇਸ਼ ਨਿਕਾਲਾ ਮਾਮਲਾ: ਨਿੱਜੀ ਪੜਤਾਲ ਤੈਅ ਕਰੇਗੀ ਹਰ ਵਿਦਿਆਰਥੀ ਦਾ ਭਵਿੱਖ

**■ ਕੈਨੇਡਾ ਦੇ ਆਵਾਸ ਮੰਤਰੀ ਮੁਤਾਬਕ ਸਰਹੱਦੀ ਸੁਰੱਖਿਆ ਏਜੰਸੀ ਕਰੇਗੀ ਵਿਦਿਆਰਥੀਆਂ ਦੇ ਕੈਨੇਡਾ ਆਉਣ ਦੇ ਮਨਸ਼ਿਆਂ ਦੀ ਜਾਂਚ**

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਆਵਾਸ ਮੰਤਰੀ ਸੀਨ ਫ਼ਰੇਜ਼ਰ ਨੇ ਡਿਪੋਰਟ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਦੇ ਮਾਮਲੇ ’ਚ ਮੀਡੀਆ ਰਿਪੋਰਟਾਂ ’ਤੇ ਪ੍ਰਤੀਕਿਰਿਆ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਸਮੁੱਚੇ ਵਿਦਿਆਰਥੀਆਂ ਦੇ ਭਵਿੱਖ ਬਾਰੇ ਫ਼ਿਲਹਾਲ ਕੋਈ ਭਰੋਸਾ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨਿਕਾਲੇ ਦੇ ਠੱਪੇ ਵਾਲੇ (ਡਿਪੋਰਟੇਸ਼ਨ) ਵਿਦਿਆਰਥੀਆਂ ਦੀਆਂ ਫਾਈਲਾਂ ਦੀ ਵਿਅਕਤੀਗਤ ਪੱਧਰ ’ਤੇ ਜਾਂਚ ਕਰ ਕੇ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ, ਜੋ ਹਰੇਕ ਲਈ ਵੱਖ-ਵੱਖ ਹੋ ਸਕਦਾ ਹੈ। ਆਵਾਸ ਮੰਤਰੀ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਜੋ ਜ਼ਿਆਦਾਤਰ ਭਾਰਤ ਤੋਂ ਹਨ, ਨੂੰ ਸੁਣਵਾਈ ਦਾ ਮੌਕਾ ਦੇ ਕੇ ਇਹ ਪਤਾ ਲਾਇਆ ਜਾਵੇਗਾ ਕਿ ਉਹ ਪੀੜਤ ਹਨ ਜਾਂ ਉਨ੍ਹਾਂ ਨੂੰ ਇਸ ਧੋਖਾਧੜੀ ਬਾਰੇ ਜਾਣਕਾਰੀ ਸੀ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੜ੍ਹਾਈ ਦੇ ਉਦੇਸ਼ ਨਾਲ ਕੈਨੇਡਾ ਵਿਚ ਹਨ, ਉਨ੍ਹਾਂ ਨੂੰ ਪੀੜਤ ਮੰਨ ਕੇ ਵਿਚਾਰਿਆ ਜਾਏਗਾ, ਪਰ ਜਿਹੜੇ ਪੜ੍ਹਾਈ ਦੇ ਪਰਦੇ ’ਚ ਸਥਾਈ ਰਿਹਾਇਸ਼ (ਪੀ.ਆਰ.) ਦੇ ਇਰਾਦੇ ਨਾਲ ਆਏ ਹਨ, ਉਨ੍ਹਾਂ ਨੂੰ ਹਰ ਹਾਲਤ ਵਾਪਸ ਭੇਜਿਆ ਜਾਏਗਾ। ਮੰਤਰੀ ਨੇ ਕਿਹਾ ਕਿ ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ (ਸੀ.ਬੀ.ਐੱਸ.ਏ.) ਦੇ ਅਫ਼ਸਰਾਂ ਨੂੰ ਇਸ ਬਾਰੇ ਨਿਰਦੇਸ਼ ਦਿੱਤੇ ਗਏ ਹਨ, ਹਰੇਕ ਵਿਦਿਆਰਥੀ ਦੀ ਸੁਣਵਾਈ ਕਰ ਕੇ ਸੱਚਾਈ ਪਰਖਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਹਰੇਕ ਕੇਸ ਦਾ ਵਿਸ਼ਲੇਸ਼ਣ ਕੀਤੇ ਜਾਣ ਤੱਕ ‘ਅੰਤਰਿਮ ਮਿਆਦ’ ਲਈ ਵਿਦਿਆਰਥੀਆਂ ਦਾ ਦੇਸ਼ ਨਿਕਾਲਾ ਫ਼ਿਲਹਾਲ ਰੋਕਿਆ ਜਾ ਰਿਹਾ ਹੈ। ਜਾਂਚ ਲਈ ਆਈ.ਆਰ.ਸੀ.ਸੀ. ਤੇ ਸੀ.ਬੀ.ਐੱਸ.ਏ. ਦੇ ਸੀਨੀਅਰ ਅਧਿਕਾਰੀਆਂ ਦੀ ਇੱਕ ‘ਟਾਸਕ ਫੋਰਸ’ ਬਣਾਈ ਜਾ ਰਹੀ ਹੈ। ਮੰਤਰੀ ਫਰੇਜ਼ਰ ਨੇ ਕਿਹਾ ਕਿ ਜਿਹੜਾ ਵਿਦਿਆਰਥੀ ਕੈਨੇਡਾ ਅਸਲ ’ਚ ਪੜ੍ਹਾਈ ਕਰਨ ਦੇ ਹੀ ਇਰਾਦੇ ਨਾਲ ਆਇਆ ਸੀ, ਤੇ ਉਸ ਨੂੰ ਧੋਖਾਧੜੀ ਵਾਲੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਨਹੀਂ ਸੀ, ਉਸ ਨੂੰ ਅਸਥਾਈ ਵਸਨੀਕ ਪਰਮਿਟ (ਟੈਂਪਰੇਰੀ ਰੈਜ਼ੀਡੈਂਟ ਪਰਮਿਟ) ਜਾਰੀ ਕਰਨ ਲਈ ਹਦਾਇਤਾਂ ਦਿੱਤੀਆਂ ਗਈਆਂ ਹਨ। ਦੱਸਣਯੋਗ ਹੈ ਕਿ ਇਹ ਸਾਰੇ ਵਿਦਿਆਰਥੀ ਜਲੰਧਰ ਅਧਾਰਿਤ ਏਜੰਟ ਬ੍ਰਿਜੇਸ਼ ਮਿਸ਼ਰਾ ਵੱਲੋਂ 2018-19 ਤੇ 2020 ’ਚ ਕਥਿਤ ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਵੀਜ਼ਾ ਲਗਵਾ ਕੇ ਭੇਜੇ ਗਏ ਸਨ, ਜਿਨ੍ਹਾਂ ਜਦ ਪੱਕੇ ਹੋਣ ਲਈ ਫਾਈਲਾਂ ਭਰੀਆਂ ਤਾਂ ਇਸ ਧੋਖਾਧੜੀ ਦਾ ਖੁਲਾਸਾ ਹੋਇਆ ਹੈ। ਜਾਣਕਾਰੀ ਅਨੁਸਾਰ ਬ੍ਰਿਜੇਸ਼ ਮਿਸ਼ਰਾ ਦਫ਼ਤਰ ਬੰਦ ਕਰਕੇ ਰੂਪੋਸ਼ ਹੋ ਚੁੱਕਾ ਹੈ। ਅਜਿਹੇ ਵਿਦਿਆਰਥੀਆਂ ਦੀ ਗਿਣਤੀ 600-700 ਦੇ ਵਿਚਾਲੇ ਹੈ, ਉਨ੍ਹਾਂ ਸਿਰ ਕਈ ਮਹੀਨਿਆਂ ਤੋਂ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਤੇ ਉਹ ਆਪਣੀ ਮਸੂਮੀਅਤ ਦੀ ਗੁਹਾਰ ਲਗਾ ਰਹੇ ਹਨ। ਉਨ੍ਹਾਂ ਟੋਰਾਂਟੋ ਏਅਰਪੋਰਟ ਰੋਡ ਉਤੇ ਕਈ ਦਿਨਾਂ ਤੋਂ ਧਰਨਾ ਵੀ ਲਾਇਆ ਹੋਇਆ ਹੈ। ਕੈਨੇਡੀਅਨ ਮੰਤਰੀ ਨੇ ਕਿਹਾ ਕਿ ਉਹ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਦੇਸ਼ ਲਈ ਦਿੱਤੇ ਜਾਂਦੇ ਯੋਗਦਾਨ ਨੂੰ ਮਾਨਤਾ ਦਿੰਦੇ ਹਨ। ਉਨ੍ਹਾਂ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪੱਧਰ ਉਤੇ ਵੀ ਸਾਰੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕਰਨ ਤੇ ਅਧਿਕਾਰਤ ਵੈੱਬਸਾਈਟਾਂ ਦੇਖਣ।

# ਕੈਨੇਡਾ ’ਚ ਕਾਲੇ ਨੂੰ ਕੁੱਟਣ ਵਾਲੇ ਪੰਜਾਬੀ ਪੁਲਿਸ ਅਫ਼ਸਰ ਨੇ ਮੰਗੀ ਮੁਆਫ਼ੀ




**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ’ਚ ਕਾਲੇ ਵਿਅਕਤੀ ਨੂੰ ਕੁੱਟਣ ਵਾਲੇ ਪੰਜਾਬੀ ਮੂਲ ਦੇ ਪੁਲਿਸ ਅਫ਼ਸਰ ਨੂੰ ਆਖਿਰਕਾਰ ਮੁਆਫ਼ੀ ਮੰਗਣੀ ਹੀ ਪਈ ਹੈ। ਇਹ ਘਟਨਾ ਪੰਜ ਸਾਲ ਪਹਿਲਾਂ ਵਾਪਰੀ ਸੀ। ਵੈਨਕੂਵਰ ਵਿਖੇ 5 ਸਾਲ ਪਹਿਲਾਂ ਪੁਲਿਸ ਅਫ਼ਸਰ ਜੈਰਡ ਸਿੱਧੂ ਨੇ ਇੱਕ ਕਾਲੇ ’ਤੇ ਹਥਿਆਰ ਨਾਲ ਹਮਲਾ ਕੀਤਾ ਸੀ। ਜਿਸ ਤੋਂ ਬਾਅਦ ਹੁਣ ਪੁਲਿਸ ਅਫ਼ਸਰ ਜੈਰਡ ਸਿੱਧੂ ਨੇ ਅਦਾਲਤ ਵਿਚ ਮੁਆਫ਼ੀ ਮੰਗ ਲਈ ਹੈ। ਬੀ.ਸੀ. ਪ੍ਰੋਵਿੰਸ਼ੀਅਲ ਕੋਰਟ ਵਿਚ ਸੁਣਵਾਈ ਦੌਰਾਨ ਕਾਂਸਟੇਬਲ ਜੈਰਡ ਸਿੱਧੂ ਨੇ ਕਿਹਾ ਕਿ ਉਸ ਨੂੰ ਮੁਆਫ਼ੀ ਮੰਗਣ ਲਈ ਢੁਕਵੇਂ ਸ਼ਬਦ ਨਹੀਂ ਮਿਲ ਰਹੇ ਪਰ ਆਪਣੀ ਹਰਕਤ ’ਤੇ ਸ਼ਰਮਿੰਦਗੀ ਮਹਿਸੂਸ ਕਰ ਰਿਹਾ ਹਾਂ। ਇਸ ਮਾਮਲੇ ਵਿਚ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਕਾਂਸਟੇਬਲ ਜੈਰਡ ਸਿੱਧੂ ਨੂੰ ਘੱਟੋ ਘੱਟ 2 ਮਹੀਨੇ ਘਰ ਵਿਚ ਨਜ਼ਰਬੰਦ ਕਰਨ ਦੀ ਮੰਗ ਕੀਤੀ ਅਤੇ ਇਸ ਤੋਂ ਇਲਾਵਾ ਸਰਕਾਰ ਵਕੀਲ ਨੇ ਕਿਹਾ ਕਿ ਇੱਕ ਸਾਲ ਦੀ ਪ੍ਰੋਬੇਸ਼ਨ ਅਤੇ ਅਪਰਾਧੀਆਂ ਵਾਲੇ ਰਿਕਾਰਡ ਵਿਚ ਜੈਰਡ ਸਿੱਧੂ ਸ਼ਾਮਲ ਨਾ ਹੋਣ। ਇਨ੍ਹਾਂ ’ਤੇ ਬਚਾਅ ਕਰਦੇ ਹੋਏ ਜੈਰਡ ਸਿੱਧੂ ਦੇ ਵਕੀਲ ਨੇ ਕਿਹਾ ਕਿ ਮੇਰੇ ਮੁਵੱਕਲ ਯਾਨੀ ਜੈਰਡ ਸਿੱਧੂ ਨੂੰ ਸ਼ਰਤਾਂ ਦੇ ਆਧਾਰ ’ਤੇ ਬਰੀ ਕੀਤਾ ਜਾਵੇ।

ਵੈਨਕੁਵਰ ਪੁਲਿਸ ਵਿਚ ਕਾਂਸਟੇਬਲ ਤਾਇਨਾਤ ਜੈਰਡ ਸਿੱਧੂ ਦੀ ਉਮਰ 30 ਸਾਲ ਹੈ। ਜੈਡਰ ਸਿੱਧੂ ਵੈਨਕੁਵਰ ਪੁਲਿਸ ਵਿਚ ਫੀਲਡ ਡਿਊਟੀ ਕਰਦਾ ਹੈ। ਫਰਵਰੀ 2018 ਵਿਚ ਵਾਪਰੀ ਇਸ ਘਟਨਾਂ ਵਿਚ ਜੈਰਡ ਸਿੱਧੂ ਨੇ 22 ਸਾਲ ਦੇ ਇੱਕ ਕਾਲੇ ਨੌਜਵਾਨ ਨੂੰ ਲਾਲ ਬੱਤੀ ਲੱਗੀ ਹੋਣ ਕਾਰਨ ਸੜਕ ਪਾਰ ਕਰਨ ’ਤੇ ਰੋਕਿਆ ਸੀ ਅਤੇ ਗ੍ਰਿਫ਼ਤਾਰੀ ਦੌਰਾਨ ਦੋਵਾਂ ਵਿਚਾਲੇ ਖਿੱਚਧੂਹ ਵੀ ਹੋਈ ਸੀ। ਮਾਮਲੇ ਵਿਚ ਇਸ ਸਾਲ 13 ਫਰਵਰੀ 2023 ਨੂੰ ਜੈਰਡ ਸਿੱਧੂ ਨੂੰ ਹਮਲਾ ਕਰਨ ਦੇ ਜ਼ੁਰਮ ਵਿਚ ਦੋਸ਼ੀ ਕਰਾਰ ਦੇ ਦਿੱਤਾ ਗਿਆ ਸੀ। ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਜੈਰਡ ਸਿੱਧੂ ਨੇ ਦਫ਼ਤਰੀ ਕੰਮਕਾਜ ਸਾਂਭ ਲਿਆ ਸੀ। ਜੈਰਡ ਸਿੱਧੂ ਦੇ ਪਿਤਾ ਵੀ ਪੁਲਿਸ ਅਫ਼ਸਰ ਸਨ ਅਤੇ ਕੈਨੇਡੀਅਨ ਪੁਲਿਸ ਵਿੱਚ ਆਪਣੇ ਪਿਤਾ ਨਾਲ ਜੈਰਡ ਸਿੱਧੂ ਕੰਮ ਵੀ ਕਰ ਚੁੱਕੇ ਹਨ।

# ਬਰਤਾਨਵੀ ਅਰਬਪਤੀ ਸਮੇਤ ਟਾਈਟੈਨਿਕ ਦਾ ਮਲਬਾ ਵੇਖਣ ਗਏ 5 ਲੋਕ ਲਾਪਤਾ

**■ ਟਾਈਟੈਨਿਕ ਦਾ ਮਲਬਾ ਦੇਖਣ ਗਏ ਲਾਪਤਾ ਹੋਏ ਲੋਕ**



**ਲੰਡਨ, (ਪੰਜਾਬ ਮੇਲ)-** 1912 ’ਚ ਸਮੁੰਦਰ ਵਿਚ ਡੁੱਬੇ ਟਾਈਟੈਨਕ ਜਹਾਜ਼ ਦੇ ਮਲਬੇ ਨੂੰ ਵੇਖਣ ਲਈ ਗਏ 5 ਲੋਕ ਸਮੁੰਦਰ ਵਿਚ ਲਾਪਤਾ ਹਨ। ਇਹ ਲੋਕ ਇਕ ਛੋਟੀ ਪਣਡੁੱਬੀ ’ਚ ਸਵਾਰ ਸਨ। ਓਸੀਨਗੇਟ ਐਕਸਪੀਡੇਸਨਜ਼ ਕੰਪਨੀ ਵੱਲੋਂ ਟਾਈਟੈਨਕ ਜਹਾਜ਼ ਦਾ ਮਲਬਾ ਵਿਖਾਉਣ ਲਈ 8 ਦਿਨਾਂ ਦੀ ਸਮੁੰਦਰੀ ਸੈਰ ਕਰਵਾਈ ਜਾਂਦੀ ਹੈ ਅਤੇ ਇਸ ਦਾ ਪ੍ਰਤੀ ਵਿਅਕਤੀ 25,0000 ਅਮਰੀਕੀ ਡਾਲਰ ਖ਼ਰਚਾ ਹੈ। ਕੰਪਨੀ ਨੇ ਵੀ ਪਣਡੁੱਬੀ ਅਮਲੇ ਦੇ ਮੈਂਬਰ ਸਮੇਤ 5 ਲੋਕਾਂ ਦੇ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਹੈ। ਲਾਪਤਾ ਹੋਣ ਵਾਲੇ ਲੋਕਾਂ ’ਚ ਬਰਤਾਨਵੀ ਅਰਬਪਤੀ ਹਮੇਸ਼ ਹਾਰਡਿੰਗ ਵੀ ਸ਼ਾਮਿਲ ਹੈ, ਜਿਸ ਨੇ ਭਾਰਤ ’ਚ ਨਿਰੋਬੀਆ ਤੋਂ ਚੀਤੇ ਲਿਆਉਣ ਵਿਚ ਭਾਰਤ ਸਰਕਾਰ ਦੀ ਮਦਦ ਕੀਤੀ ਸੀ। ਇਸ ਤੋਂ ਇਲਾਵਾ ਪਾਕਿਸਤਾਨੀ ਮੂਲ ਦਾ ਬਰਤਾਨਵੀ ਕਾਰੋਬਾਰੀ ਸ਼ਾਜ਼ਾਦਾ ਦਾਊਦ ਅਤੇ ਉਸ ਦਾ ਬੇਟਾ ਸੂਲੇਮਾਨ ਵੀ ਸ਼ਾਮਲ ਹੈ। ਖ਼ਬਰਾਂ ਅਨੁਸਾਰ ਐਤਵਾਰ ਨੂੰ ਐਟਲੈਂਟਿਕ ਦੇ ਮੱਧ ’ਚ ਦਾਖਲ ਹੋਣ ਤੋਂ 1 ਘੰਟਾ 45 ਮਿੰਟ ਬਾਅਦ ਹੀ ਪਣਡੁੱਬੀ ਨਾਲੋਂ ਸੰਪਰਕ ਟੁੱਟ ਗਿਆ ਸੀ। ਯੂ.ਐੱਸ. ਕੋਸਟ ਗਾਰਡ ਦੇ ਰੀਅਰ ਐਡਮਿਰਲ ਜੌਨ ਮਾਊਗਰ ਨੇ ਕਿਹਾ ਉਨ੍ਹਾਂ ਕੋਲ ਤਿੰਨ ਕੁ ਹੋਰ ਦਿਨਾਂ ਦੀ ਆਕਸਜੀਨ ਹੋਵੇਗੀ।

ਸਫਾ 1 ਦਾ ਬਾਕੀ

## ਸਿੱਖ ਗੁਰਦੁਆਰਾ ਸੋਧ (ਬਿੱਲ) ਪਾਸ ਕਰਨ ਤੋਂ ਬਾਅਦ...

ਮੁੱਖ ਮੰਤਰੀ ਨੇ ਕਿਹਾ ਕਿ ਇਕ ਨਿਮਾਣੇ ਤੇ ਸ਼ਰਧਾਵਾਨ ਸਿੱਖ ਵਜੋਂ ਉਹ ਦੁਨੀਆਂ ਭਰ ਵਿਚ ਗੁਰਬਾਣੀ ਦੇ ਮੁਫ਼ਤ ਪ੍ਰਸਾਰਨ ਲਈ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨਗੇ। ਭਗਵੰਤ ਮਾਨ ਨੇ ਹੈਰਾਨੀ ਜ਼ਾਹਰ ਕਰਦਿਆਂ ਕਿਹਾ ਕਿ ਇਕ ਵਿਸ਼ੇਸ਼ ਚੈਨਲ ਵੱਲੋਂ ਗੁਰਬਾਣੀ ਦੇ ਪ੍ਰਸਾਰਨ ਉਤੇ ਕੰਟਰੋਲ ਕੀਤੇ ਹੋਣ ਦਾ ਵਿਰੋਧ ਕਰਨ ਨਾਲ ਪੰਥ ਉਤੇ ਹਮਲਾ ਕਿਵੇਂ ਆਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸਾਰਨ ਦੇ ਹੱਕ ਇਕ ਚੈਨਲ ਤੱਕ ਸੀਮਿਤ ਰੱਖਣਾ ਪੂਰੀ ਤਰ੍ਹਾਂ ਅਨਿਆਂਪੂਰਨ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਸਰਕਾਰ ਦੇ ਕਿਸੇ ਵਿਸ਼ੇਸ਼ ਚੈਨਲ ਜਾਂ ਪ੍ਰਾਈਵੇਟ ਤੌਰ ਉਤੇ ਕਿਸੇ ਵਿਅਕਤੀ ਨੂੰ ਦੇਣ ਦਾ ਨਹੀਂ ਹੈ, ਸਗੋਂ ਇਸ ਦਾ ਮਨੋਰਥ ਦੁਨੀਆਂ ਦੇ ਕੋਨੇ-ਕੋਨੇ ਵਿਚ ਗੁਰਬਾਣੀ ਦਾ ਸੰਦੇਸ਼ ਫੈਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਹ ਸੋਧ ਕਰਨ ਲਈ ਸਮਰੱਥ ਹੈ ਕਿਉਂਕਿ ਸੁਪਰੀਮ ਕੋਰਟ ਪਹਿਲਾਂ ਹੀ ਫੈਸਲਾ ਦੇ ਚੁੱਕੀ ਹੈ ਕਿ ਇਹ ਐਕਟ ਅੰਤਰ-ਰਾਜੀ ਐਕਟ ਨਹੀਂ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਲੰਮੇ ਸਮੇਂ ਤੋਂ ਇੱਕ ਹੀ ਪਰਿਵਾਰ ਦਾ ਦਬਦਬਾ ਰਿਹਾ ਹੈ, ਜਿਸ ਕਾਰਨ ਸਿੱਖ ਪੰਥ ਦਾ ਨਾ ਪੂਰਿਆ ਜਾਣ ਵਾਲਾ ਨੁਕਸਾਨ ਹੋਇਆ ਹੈ। ਭਗਵੰਤ ਮਾਨ ਨੇ ਕਿਹਾ ਕਿ ਗੰਦੀ ਖੇਡ ਖੇਡਦੇ ਹੋਏ ਇਸ ਪਰਿਵਾਰ ਨੇ ਆਪਣੇ ਚਹੇਤੇ ਚੈਨਲ ਨੂੰ ਗੁਰਬਾਣੀ ਦੇ ਪ੍ਰਸਾਰਨ ਦਾ ਵਿਸ਼ੇਸ਼ ਅਧਿਕਾਰ ਦੇ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ, ਜਦਕਿ ਐਕਟ ਵਿਚ ਸ਼ਬਦ ਟੈਲੀਕਾਸਟ ਜਾਂ ਪ੍ਰਸਾਰਣ ਦਾ ਕੋਈ ਜ਼ਿਕਰ ਨਹੀਂ ਹੈ।



# ਬਰੇਨ-ਡਰੇਨ, ਪੰਜਾਬ ਦੀ ਤਬਾਹੀ ਦਾ ਸੰਕੇਤ

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)



ਮਨੀ (ਧੰਨ), ਬਰੇਨ (ਦਿਮਾਗ), ਪੰਜਾਬ ਵਿਚੋਂ ਡਰੇਨ (ਬਾਹਰ ਵਗਣਾ) ਹੁੰਦਾ ਜਾ ਰਿਹਾ ਹੈ। ਪਿਛਲੇ ਛੇ ਸਾਲਾਂ ਵਿਚ ਵਿਦੇਸ਼ ਜਾਣ ਦੀ ਹੋੜ/ਚਾਹਤ ਨੇ ਪੰਜਾਬ ਦੇ ਕਾਲਜਾਂ ਵਿਚੋਂ ਵਿੱਚ-ਵਿਚਾਲੇ ਪੜ੍ਹਾਈ ਛੱਡਣ ਵਾਲਿਆਂ ਦੀ ਗਿਣਤੀ 'ਚ 15 ਤੋਂ 40 ਫ਼ੀਸਦੀ ਤੱਕ ਵਾਧਾ ਕਰ ਦਿੱਤਾ ਹੈ।

ਸਿਆਣੇ ਕਹਿੰਦੇ ਹਨ ਪੈਸਾ/ਧੰਨ ਤਾਂ ਹੱਥਾਂ ਦੀ ਮੈਲ ਹੈ, ਕਮਾਇਆਂ ਮੁੜ ਆਏਗਾ, ਪਰ ਜਿਹੜੀ ਸਿਆਣਪ ਪੰਜਾਬ ਵਿਚੋਂ ਲਗਾਤਾਰ ਪਿਛਲੇ ਦੋ ਦਹਾਕਿਆਂ ਤੋਂ ਰੁਖ਼ਸਤ ਹੋ ਰਹੀ ਹੈ, ਆਖ਼ਰ ਉਸਦਾ ਬਣੇਗਾ ਕੀ? ਕੀ ਉਹ ਮੁੜ ਪੰਜਾਬ ਪਰਤੇਗੀ?

ਪੰਜਾਬ ਦਾ ਛੋਟਾ ਸ਼ਹਿਰ ਲੈ ਲਓ ਜਾਂ ਵੱਡਾ, ਆਇਲਟਸ ਕੇਂਦਰਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਵਪਾਰਕ ਕੇਂਦਰਾਂ ਅੱਗੇ ਲੱਗੀਆਂ ਨੌਜਵਾਨਾਂ ਦੀਆਂ ਵੱਡੀਆਂ ਕਤਾਰਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ ਅਤੇ ਦਹਾਕਿਆਂ ਤੋਂ ਸਿੱਖਿਆ ਖੇਤਰ ਦੀ ਸੇਵਾ 'ਚ ਲੱਗੇ ਕਾਲਜਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟਦੀ ਜਾ ਰਹੀ ਹੈ। ਕਈ ਕਾਲਜ ਤਾਂ ਲਗਭਗ ਖਾਲੀ ਹੀ ਹੋ ਗਏ ਹਨ, ਬੀ.ਏ., ਬੀ.ਐੱਸ.ਸੀ., ਬੀ.ਕਾਮ. ਦੀਆਂ ਕਲਾਸਾਂ 'ਚ ਸੀਟਾਂ ਭਰਦੀਆਂ ਨਹੀਂ, ਸਿੱਟੇ ਵਜੋਂ ਮਾਸਟਰਜ਼ ਡਿਗਰੀ ਕੋਰਸ ਬੰਦ ਹੋ ਰਹੇ ਹਨ। ਬਹੁਤੀਆਂ ਬੈਚਲਰ ਕਲਾਸਾਂ 'ਚ ਪਲੱਸ ਟੂ ਪਾਸ ਕਰਨ ਵਾਲੇ ਵਿਦਿਆਰਥੀ ਕਾਲਜਾਂ 'ਚ ਦਾਖ਼ਲ ਹੀ ਇਸ ਕਰਕੇ ਹੁੰਦੇ ਹਨ ਕਿ ਉਨ੍ਹਾਂ ਨੂੰ ਜਦੋਂ ਵਿਦੇਸ਼ ਦਾ ਵੀਜ਼ਾ ਮਿਲ ਗਿਆ, ਉਹ ਤੁਰੰਤ ਕਾਲਜ ਛੱਡ ਦੇਣਗੇ।

ਪੰਜਾਬ ਦੇ ਪ੍ਰੋਫ਼ੈਸ਼ਨਲ ਕਾਲਜਾਂ ਵਿਚੋਂ ਬਹੁਤੇ ਕਾਲਜ ਤਾਂ ਪਹਿਲਾਂ ਹੀ ਆਪਣੇ ਕਈ ਕੋਰਸ ਬੰਦ ਕਰੀ ਬੈਠੇ ਹਨ, ਕਿਉਂਕਿ ਘੱਟੋ-ਘੱਟ ਯੋਗਤਾ ਪੂਰੀ ਕਰਨ ਵਾਲੇ ਵਿਦਿਆਰਥੀ ਉਨ੍ਹਾਂ ਨੂੰ ਮਿਲਦੇ ਨਹੀਂ ਅਤੇ ਵੱਡੀ ਗਿਣਤੀ 'ਚ ਸੀਟਾਂ ਇਨ੍ਹਾਂ ਕੋਰਸਾਂ 'ਚ ਖਾਲੀ ਰਹਿੰਦੀਆਂ ਹਨ। ਪੰਜਾਬ ਦੀਆਂ ਕੁਝ ਪ੍ਰੋਫ਼ੈਸ਼ਨਲ ਯੂਨੀਵਰਸਿਟੀਆਂ ਤਾਂ ਇਸ ਕਰਕੇ ਚੱਲ ਰਹੀਆਂ ਹਨ ਕਿ ਦੇਸ਼ ਦੇ ਸੂਬਿਆਂ ਅਤੇ ਵਿਦੇਸ਼ਾਂ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਇਥੇ ਦਾਖ਼ਲਾ ਲੈਂਦੇ ਹਨ।

ਆਖ਼ਰ ਕਾਰਨ ਕੀ ਬਣਿਆ, ਪੰਜਾਬ 'ਚੋਂ ਵਿਦੇਸ਼ ਵੱਲ ਨੌਜਵਾਨਾਂ ਦੇ ਪ੍ਰਵਾਸ ਦਾ ਅਤੇ ਉਹ ਵੀ ਬਹੁਤ ਵੱਡੀ ਗਿਣਤੀ 'ਚ:-

1. ਨੌਜਵਾਨਾਂ ਦਾ ਸਰਕਾਰੀ ਤੰਤਰ 'ਚ ਯਕੀਨ ਖ਼ਤਮ ਹੋ ਗਿਆ ਹੈ।

2. ਨੌਜਵਾਨਾਂ ਨੂੰ ਪੰਜਾਬ 'ਚ ਨੌਕਰੀਆਂ ਦੀ ਆਸ ਹੀ ਨਹੀਂ ਰਹੀ।

3. ਨਸ਼ਿਆਂ ਦੀ ਬਹੁਤਾਤ ਕਾਰਨ ਮਾਪੇ ਅਤੇ ਨੌਜਵਾਨ ਆਪ ਵੀ ਪ੍ਰਦੇਸ਼ਾਂ 'ਚ ਜਾ ਕੇ ਸੁਰੱਖਿਅਤ ਹੋਣਾ ਚਾਹੁੰਦੇ ਹਨ।

4. ਕਾਨੂੰਨ ਵਿਵਸਥਾ ਦੀ ਸਥਿਤੀ ਨੌਜਵਾਨਾਂ 'ਚ ਭੈਅ ਪੈਦਾ ਕਰ ਰਹੀ ਹੈ। ਗੈਂਗਸਟਰ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ ਅਤੇ ਸਿਆਸਤਦਾਨ ਉਨ੍ਹਾਂ ਨੂੰ ਸ਼ਹਿ ਦਿੰਦੇ ਹਨ। ਨੌਜਵਾਨ ਇਸ ਸਥਿਤੀ 'ਚ ਸੂਬੇ 'ਚ ਵਸਣਾ ਨਹੀਂ ਚਾਹੁੰਦੇ।



5. ਪੰਜਾਬੀਆਂ 'ਚ ਵਿਦੇਸ਼ ਵਸਣ ਦੀ ਹੋੜ ਲੱਗੀ ਹੋਈ ਹੈ, ਉਸ ਤੋਂ ਨੌਜਵਾਨ ਪ੍ਰਭਾਵਿਤ ਹੋ ਰਹੇ ਹਨ ਅਤੇ ਧੜਾਧੜ ਇਸ ਰਸਤੇ ਤੁਰ ਰਹੇ ਹਨ।

ਵਿਦੇਸ਼ਾਂ 'ਚ ਕਾਲਜਾਂ/ਯੂਨੀਵਰਸਿਟੀਆਂ 'ਚ ਦਾਖ਼ਲਾ ਸੌਖਾ ਨਹੀਂ। ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਫ਼ੀਸਾਂ ਵੀ ਲੱਖਾਂ ਵਿਚ ਹਨ ਅਤੇ ਸਥਾਨਕ ਵਿਦਿਆਰਥੀਆਂ ਦੀਆਂ ਫ਼ੀਸਾਂ ਨਾਲੋਂ ਕਈ ਗੁਣਾ ਜ਼ਿਆਦਾ। ਨੌਜਵਾਨਾਂ ਨੂੰ ਪਹਿਲਾਂ ਆਇਲਟਸ ਕੇਂਦਰਾਂ 'ਚ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ, ਫਿਰ ਏਜੰਟਾਂ ਹੱਥ ਆ ਕੇ, ਇੰਮੀਗ੍ਰੇਸ਼ਨ ਕੰਪਨੀਆਂ ਦੀਆਂ ਸ਼ਰਤਾਂ ਉਤੇ ਯੂਨੀਵਰਸਿਟੀਆਂ ਕਾਲਜਾਂ ਦੀਆਂ ਹਜ਼ਾਰਾਂ ਡਾਲਰ ਫੀਸ ਜਮ੍ਹਾਂ ਕਰਾਉਣੀ ਪੈਂਦੀ ਹੈ, ਜਿਸ ਵਿਚੋਂ "ਮੋਟਾ ਕਮਿਸ਼ਨ" ਇਨ੍ਹਾਂ ਏਜੰਟਾਂ ਦਾ ਹੁੰਦਾ ਹੈ। ਦੁਖਾਂਤ ਇਹ ਵੀ ਹੈ ਕਿ ਕਈ ਜਾਅਲੀ ਯੂਨੀਵਰਸਿਟੀਆਂ ਠੱਗ ਏਜੰਟਾਂ ਨਾਲ ਰਲਕੇ ਵਿਦਿਆਰਥੀਆਂ ਨਾਲ ਠੱਗੀ ਮਾਰਦੀਆਂ ਹਨ। ਮੌਜੂਦਾ ਸਮੇਂ ਇਨ੍ਹਾਂ ਠੱਗਾਂ ਦੇ ਸ਼ਿਕਾਰ ਹੋਏ 700 ਵਿਦਿਆਰਥੀ, ਕੈਨੇਡਾ ਤੋਂ ਡਿਪੋਰਟ ਹੋਣ ਦੇ ਡਰ 'ਚ ਬੈਠੇ ਹਨ। ਉਨ੍ਹਾਂ ਦਾ ਭਵਿੱਖ ਧੁੰਦਲਾ ਹੈ।

ਅਸਲ 'ਚ ਤਾਂ ਪੜ੍ਹਾਈ ਕਰਨ ਜਾਣ ਦੇ ਨਾਮ ਉਤੇ ਵਿਦਿਆਰਥੀ ਪੰਜਾਬ ਛੱਡਕੇ, ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟ੍ਰੇਲੀਆ ਅਤੇ ਹੋਰ ਮੁਲਕਾਂ 'ਚ ਪੱਕਾ ਟਿਕਾਣਾ ਲੱਭਦੇ ਹਨ ਅਤੇ ਇਨ੍ਹਾਂ ਮੁਲਕਾਂ 'ਚ ਹੀ ਆਪਣਾ ਭਵਿੱਖ ਸੁਰੱਖਿਅਤ ਸਮਝਦੇ ਹਨ।

ਸਾਲ 2016 ਤੋਂ 2021 ਦਰਮਿਆਨ 4.78 ਲੱਖ ਪੰਜਾਬੀਆਂ ਨੇ ਪੰਜਾਬ ਛੱਡਿਆ, ਦੂਜੇ ਮੁਲਕਾਂ 'ਚ ਬਿਹਤਰ ਭਵਿੱਖ ਲਈ। ਇਸੇ ਸਮੇਂ 'ਚ 2.62 ਲੱਖ ਵਿਦਿਆਰਥੀ ਵੀ ਵਿਦੇਸ਼ਾਂ 'ਚ ਪੜ੍ਹਨ ਲਈ ਗਏ। ਪਿਛਲੇ 75 ਸਾਲਾਂ 'ਚ ਪੰਜਾਬ ਦੇ ਲੋਕਾਂ ਨੇ ਵੱਡੀ ਗਿਣਤੀ 'ਚ ਪ੍ਰਵਾਸ ਕੀਤਾ ਅਤੇ ਇਸਦਾ ਆਰੰਭ 1947-48 ਗਿਣਿਆ ਜਾਂਦਾ ਹੈ, ਪਰ 1960 'ਚ ਭਾਰੀ ਗਿਣਤੀ 'ਚ ਪੰਜਾਬੀ, ਬਰਤਾਨੀਆ (ਯੂ.ਕੇ.) ਗਏ।

ਮੁੱਢਲੇ ਸਾਲਾਂ 'ਚ ਪੰਜਾਬੀਆਂ ਨੇ ਜਿਹੜੇ ਡਾਲਰ, ਪੌਂਡ, ਬਰਤਾਨੀਆ, ਕੈਨੇਡਾ, ਅਮਰੀਕਾ 'ਚ ਕਮਾਏ ਉਸਦਾ ਵੱਡਾ ਹਿੱਸਾ ਪੰਜਾਬ ਭੇਜਿਆ। ਇਥੇ ਜ਼ਮੀਨਾਂ, ਜਾਇਦਾਦਾਂ ਖਰੀਦੀਆਂ, ਵੱਡੇ ਘਰ ਬਣਾਏ। ਪਰ ਜਿਉਂ-ਜਿਉਂ ਇਨ੍ਹਾਂ ਪੰਜਾਬੀਆਂ ਨੇ ਆਪਣੇ ਪਰਿਵਾਰ, ਆਪਣੀ ਜਨਮਭੂਮੀ ਤੋਂ ਕਰਮ ਭੂਮੀ ਵੱਲ ਸੱਦੇ, ਉਥੇ ਹੀ ਪਰਿਵਾਰਾਂ 'ਚ ਵਾਧਾ ਹੋਇਆ। ਉਥੇ ਹੀ ਉਨ੍ਹਾਂ ਦੀ ਔਲਾਦ ਨੇ ਸਿੱਖਿਆ ਪ੍ਰਾਪਤ ਕੀਤੀ ਅਤੇ ਅੱਜ ਸਥਿਤੀ ਇਹ ਹੈ ਕਿ ਇਹ ਪੰਜਾਬੀ ਆਪਣੀ ਜਨਮ ਭੂਮੀ ਵਾਲੀ ਜ਼ਮੀਨ, ਜਾਇਦਾਦ ਵੇਚ ਵੱਟਕੇ ਆਪਣੀ ਕਰਮ ਭੂਮੀ ਵੱਲ ਲੈ ਜਾ ਰਹੇ ਹਨ, ਕਿਉਂਕਿ ਉਨ੍ਹਾਂ ਦੇ ਉਥੇ ਪੈਦਾ ਹੋਏ ਬੱਚੇ, ਇਧਰ ਪੰਜਾਬ ਵੱਲ ਮੁੜਨਾ ਹੀ ਨਹੀਂ ਚਾਹੁੰਦੇ। ਇੰਜ ਵੱਡਾ ਧੰਨ ਪੰਜਾਬ ਵਿਚੋਂ ਵਿਦੇਸ਼ ਜਾ ਰਿਹਾ ਹੈ। ਧੰਨ ਦਾ ਚਲਣ ਹੁਣ ਉੱਲਟ ਦਿਸ਼ਾ ਵੱਲ ਚੱਲਣ ਲੱਗਾ ਹੈ।

ਆਇਲਟਸ ਪਾਸ ਕਰਕੇ ਜਿਹੜੇ ਵਿਦਿਆਰਥੀ ਵਿਦੇਸ਼ ਜਾਂਦੇ ਹਨ, ਉਨ੍ਹਾਂ ਦੀਆਂ ਫ਼ੀਸਾਂ ਅਤੇ ਹੋਰ ਖ਼ਰਚੇ ਲਈ ਪ੍ਰਤੀ ਵਿਦਿਆਰਥੀ 20 ਤੋਂ 25 ਲੱਖ ਘੱਟੋ-ਘੱਟ ਖ਼ਰਚਾ ਪਰਿਵਾਰ ਨੂੰ ਚੁੱਕਣਾ ਪੈਂਦਾ ਹੈ, ਜੋ ਪੰਜਾਬ ਵਿਚ ਰੁਪਏ ਤੋਂ ਡਾਲਰਾਂ ਦੇ ਬਦਲਾਅ 'ਚ ਬਾਹਰ ਜਾਂਦਾ ਹੈ। ਇੰਜ ਵੱਡੀ ਰਾਸ਼ੀ ਹਰ ਵਰ੍ਹੇ ਵਿਦੇਸ਼ ਵੱਲ ਜਾ ਰਹੀ ਹੈ। ਵਿਦੇਸ਼ ਜਾਣ ਦਾ ਵਰਤਾਰਾ ਪਹਿਲਾਂ ਆਮ ਤੌਰ 'ਤੇ ਪੇਂਡੂ ਪੰਜਾਬ ਵਿਚ ਹੀ ਵੇਖਣ ਨੂੰ ਮਿਲਦਾ ਸੀ, ਪਰ ਹੁਣ ਸ਼ਹਿਰੀ ਨੌਜਵਾਨ ਵੀ ਵਿਦੇਸ਼ਾਂ ਵੱਲ ਚਾਲੇ ਪਾਉਣ ਲੱਗ ਪਏ ਹਨ। ਕਦੇ ਸਮਾਂ ਸੀ ਕਿ ਸਿਰਫ਼ ਨੌਜਵਾਨ ਮੁੰਡੇ ਹੀ ਵਿਦੇਸ਼ ਜਾਂਦੇ ਸਨ, ਪਰ ਹੁਣ ਵਿਦਿਆਰਥੀ ਦੇ ਰੂਪ 'ਚ ਖ਼ਾਸ ਕਰਕੇ ਵਿਦਿਆਰਥਣਾਂ ਆਇਲਟਸ ਪਾਸ ਕਰਕੇ ਵਿਦੇਸ਼ ਜਾਂਦੀਆਂ ਹਨ ਅਤੇ ਸਪਾਂਸਰ ਵਜੋਂ ਕਿਸੇ ਹੋਰ ਨੌਜਵਾਨ ਨੂੰ ਜੀਵਨ ਸਾਥੀ ਬਣਾਕੇ ਵੀ ਕਈ ਦੇਸ਼ਾਂ 'ਚ ਲੈ ਜਾਂਦੀਆਂ ਹਨ। ਇਹ ਇੱਕ ਅਜੀਬ ਗੌਰਖ ਧੰਦਾ ਅਤੇ ਵਪਾਰ ਬਣਿਆ ਹੋਇਆ ਹੈ।

ਨੌਜਵਾਨ ਮੁੰਡੇ, ਕੁੜੀਆਂ, ਜਿਹੜੇ ਪੜ੍ਹਨ 'ਚ ਹੁਸ਼ਿਆਰ ਹਨ, ਪੜ੍ਹਾਈ 'ਚ ਮੋਹਰੀ ਹਨ, ਜਿਨ੍ਹਾਂ ਮੈਡੀਕਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਹੋਰ ਪ੍ਰੋਫ਼ੈਸ਼ਨਲ ਕਾਲਜਾਂ 'ਚ ਦਾਖ਼ਲੇ ਲੈ ਕੇ ਜਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠ ਕੇ ਚੰਗੇ ਅਹੁਦੇ ਪ੍ਰਾਪਤ ਕਰਨੇ ਸਨ, ਉਹ ਵਿਦੇਸ਼ ਦੀ ਧਰਤੀ ਵੱਲ "ਹਰ ਕਿਸਮ" ਦੀ ਨੌਕਰੀ ਕਰਕੇ ਉਥੇ ਹੀ ਪੱਕੇ ਹੋਣ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੇ ਹਨ। ਕਈ ਖੱਜਲ-ਖੁਆਰ ਹੁੰਦੇ ਹਨ, ਕਈ ਸਿਰੇ ਲੱਗ ਜਾਂਦੇ ਹਨ। ਇੰਜ ਆਖ਼ਰ ਕਿਉਂ ਹੋ ਰਿਹਾ ਹੈ? ਕੀ ਨੌਜਵਾਨਾਂ ਲਈ ਪੰਜਾਬ 'ਚ ਸਾਰੇ ਰਸਤੇ ਬੰਦ ਹਨ?

ਕੀ ਪੰਜਾਬ ਦੇ ਕਿਸੇ ਕੋਨੇ 'ਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਪੀ.ਸੀ.ਐੱਸ., ਆਈ.ਏ.ਐੱਸ., ਆਈ.ਪੀ.ਐੱਸ., ਜਾਂ ਹੋਰ ਪ੍ਰੀਖਿਆਵਾਂ ਲਈ ਕੋਈ ਕੋਚਿੰਗ ਸੈਂਟਰ ਵਿਖਾਈ ਦਿੰਦੇ ਹਨ? ਕੀ ਪੰਜਾਬ 'ਚ ਵੱਡੇ ਉਦਯੋਗ ਹਨ, ਜੋ ਨੌਜਵਾਨਾਂ ਨੂੰ ਰੁਜ਼ਗਾਰ ਦੇ ਸਕਣ?

ਪਰ ਉਲਟਾ ਹਰ ਥਾਂ ਪੰਜਾਬ ਨੂੰ ਨੌਜਵਾਨਾਂ ਤੋਂ ਸੱਖਣੇ ਕਰਨ ਲਈ ਆਇਲਟਸ ਕੇਂਦਰਾਂ ਦੀ ਭਰਮਾਰ ਦਿਖਦੀ ਹੈ। ਇਹ ਕੇਂਦਰ ਹਰ ਵਰ੍ਹੇ ਲੱਖਾਂ ਨਹੀਂ ਕਰੋੜਾਂ ਰੁਪਏ ਵਿਦਿਆਰਥੀਆਂ ਦੀਆਂ ਜੇਬਾਂ 'ਚੋਂ ਕੱਢਦੇ ਹਨ ਅਤੇ ਹਰ ਵਰ੍ਹੇ ਅਰਬਾਂ ਰੁਪਏ ਪੰਜਾਬ ਦੀ ਧਰਤੀ ਤੋਂ ਲੈ ਜਾਂਦੇ ਵਿਦੇਸ਼ੀ ਯੂਨੀਵਰਸਿਟੀ ਦੇ ਪੇਟੇ ਪਾਉਂਦੇ ਹਨ।

ਬ੍ਰਿਟਿਸ਼ ਹਾਈ ਕਮਿਸ਼ਨ ਯੂ.ਕੇ. ਨੇ ਇਕ ਖ਼ਬਰ/ਰਿਪੋਰਟ 'ਚ ਦੱਸਿਆ ਹੈ ਕਿ ਸਾਲ 2022 'ਚ 1,17,965 ਭਾਰਤੀ ਵਿਦਿਆਰਥੀਆਂ ਨੂੰ ਵੀਜ਼ੇ ਦਿੱਤੇ ਗਏ। ਇਨ੍ਹਾਂ ਵਿਚ 40 ਫੀਸਦੀ ਪੰਜਾਬ ਵਿਚੋਂ ਸਨ। ਇਕ ਹੋਰ ਛਪੀ ਰਿਪੋਰਟ ਹੈ ਕਿ ਪਿਛਲੇ ਸਾਲ 4.60 ਲੱਖ ਵਿਦਿਆਰਥੀ ਵੀਜ਼ੇ ਅਮਰੀਕਾ, ਬਰਤਾਨੀਆ, ਕੈਨੇਡਾ, ਅਸਟਰੇਲੀਆ ਵਲੋਂ ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ, ਇਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀਆਂ ਦੀ ਸੀ।

ਕੀ ਪ੍ਰਵਾਸ ਪੰਜਾਬੀਆਂ ਦਾ ਸੁਪਨਾ ਹੈ ਜਾਂ ਪ੍ਰਵਾਸ ਪੰਜਾਬੀਆਂ ਦੀ ਮਜਬੂਰੀ ਹੈ। ਸਾਲ 2018 'ਚ ਲਗਭਗ 1.5 ਲੱਖ ਪੰਜਾਬੀ ਵਿਦਿਆਰਥੀ ਵਿਦੇਸ਼ਾਂ 'ਚ ਪੜ੍ਹਨ ਲਈ ਗਏ। ਇੱਕ ਅੰਦਾਜ਼ੇ ਮੁਤਾਬਕ ਕੈਨੇਡਾ, ਅਮਰੀਕਾ ਆਦਿ ਦੇਸ਼ਾਂ 'ਚ ਜਾਣ ਲਈ ਉਨ੍ਹਾਂ 15 ਤੋਂ 22 ਲੱਖ ਰੁਪਏ ਖ਼ਰਚੇ ਅਤੇ ਇਹ ਖ਼ਰਚ ਪੰਜਾਬੀਆਂ ਨੂੰ 27000 ਕਰੋੜ ਰੁਪਏ 'ਚ ਪਿਆ । ਇਹ ਇਕ ਅੰਦਾਜ਼ਾ ਹੈ। ਇਹ ਰਕਮ ਹਰ ਸਾਲ ਲਗਾਤਾਰ ਵੱਧਦੀ ਜਾ ਰਹੀ ਹੈ।

ਪੰਜਾਬ ਜਿਹੜਾ ਬੇਰੁਜ਼ਗਾਰੀ ਦੀ ਮਾਰ ਹੇਠ ਹੈ। ਪੰਜਾਬ ਜਿਹੜਾ ਪੋਟਾ-ਪੋਟਾ ਕਰਜ਼ਾਈ ਹੈ। ਪੰਜਾਬ ਜਿਸਦੇ ਸਿਆਸਤਦਾਨ, ਨੌਜਵਾਨਾਂ ਦੀਆਂ ਸਮੱਸਿਆਵਾਂ ਦੂਰ ਕਰਨ ਦੀ ਥਾਂ ਆਪਣੀਆਂ ਰੋਟੀਆਂ ਸੇਕਣ ਦੇ ਰਾਹ ਹਨ। ਕੌੜੇ, ਭੈੜੇ ਬੋਲ, ਇੱਕ ਦੂਜੇ ਪ੍ਰਤੀ ਦੋਸ਼, ਇੱਕ-ਦੂਜੇ ਨੂੰ ਮਸਲ ਸੁੱਟਣ, ਤਬਾਹ ਕਰਨ ਦੀਆਂ ਟਾਹਰਾਂ, ਖੂੰਡਾ ਖੜਕਾਉਣ ਵਾਲਾ ਰਾਹ ਤਾਂ ਅਖ਼ਤਿਆਰ ਕਰ ਰਹੇ ਹਨ ਪਰ ਆਪਣੀ ਅਗਲੀ ਪੀੜ੍ਹੀ ਦੇ ਭਵਿੱਖ ਪ੍ਰਤੀ ਰਤਾ ਵੀ ਚਿੰਤਤ ਨਹੀਂ ਹਨ।

ਸਮਾਂ ਰਹਿੰਦਿਆਂ ਜਿਥੇ ਪੰਜਾਬ ਦੀ ਜਵਾਨੀ, ਪੰਜਾਬ ਦਾ ਧੰਨ, ਪੰਜਾਬ ਦਾ ਦਿਮਾਗ ਬਚਾਉਣ ਦੀ ਲੋੜ ਹੈ, ਉਥੇ ਪੰਜਾਬ ਨੂੰ ਆਪਣੇ ਪੈਰੀਂ ਕਰਨ ਲਈ ਕੁਝ ਸਾਰਥਿਕ ਯਤਨਾਂ ਦੀ ਵੀ ਲੋੜ ਹੈ, ਜਿਹੜੇ ਨੇਤਾਵਾਂ ਵਲੋਂ ਇੱਕ-ਦੂਜੇ ਨੂੰ ਦਿੱਤੇ ਮਿਹਣਿਆਂ, ਦੋਸ਼ਾਂ, ਝਗੜਿਆਂ ਨਾਲ ਸੰਭਵ ਨਹੀਂ ਹੋ ਸਕਣੇ।

ਪੰਜਾਬ ਦੀ ਜਵਾਨੀ, ਜਿਹੜੀ ਦੇਸ਼ ਛੱਡਣ ਲਈ ਮਜਬੂਰ ਹੋ ਰਹੀ ਹੈ, ਵਿਦੇਸ਼ਾਂ 'ਚ ਰੁਲ ਰਹੀ ਹੈ, ਮਾਪਿਆਂ ਤੋਂ ਦੂਰ ਸੰਤਾਪ ਹੰਢਾ ਰਹੀ ਹੈ, ਉਮਰੋਂ ਪਹਿਲਾਂ ਵੱਡਿਆ ਫ਼ਿਕਰਾਂ ਕਾਰਨ ਬੁੱਢੀ ਹੋ ਰਹੀ ਹੈ, ਕਦੇ ਪੰਜਾਬ ਨੂੰ ਸਵਾਲ ਕਰੇਗੀ, "ਆਖ਼ਰ ਅਸੀਂ ਪੰਜਾਬ ਦਾ ਕੀ ਵਿਗਾੜਿਆ ਕੀ ਸੀ ਕਿ ਸਾਨੂੰ ਬਿਨ੍ਹਾਂ ਕਸੂਰੋਂ ਜਲਾਵਤਨ ਕਰ ਦਿੱਤਾ ਗਿਆ"?

ਤਾਂ ਪੰਜਾਬ ਕੀ ਜਵਾਬ ਦੇਵੇਗਾ?

---

# ਪਾਪਾ

## ਲਘੂ ਕਥਾ

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕੈਨੇਡਾ, 98156-25409
(Punjab Mail USA)



ਪਿਤਾ ਅਤੇ ਪੁੱਤਰ ਖਾਣੇ ਵਾਲੇ ਟੇਬਲ 'ਤੇ ਬੈਠੇ ਰਾਤ ਦਾ ਖ਼ਾਣਾ (ਭੋਜਨ) ਖਾ ਰਹੇ ਸਨ। ਦੋਵੇਂ ਆਪਸ ਵਿਚ ਕਈ ਤਰ੍ਹਾਂ ਦੀਆਂ ਗੱਲਾਂ-ਬਾਤਾਂ ਕਰ ਰਹੇ ਸਨ। ਪੁੱਤਰ ਕਹਿ ਰਿਹਾ ਸੀ, "ਪਾਪਾ, ਕੋਈ ਹੋਰ ਵਧੀਆ ਜਿਹੀ ਗੱਲ ਸੁਣਾਉ"। ਪਿਤਾ ਭੋਜਨ ਖ਼ਾਣ ਦੇ ਨਾਲ-ਨਾਲ ਉਸ ਨੂੰ ਕਈ ਹਲਕੇ-ਫੁਲਕੇ ਹਾਸ ਠਿਠੋਲੀ ਵਾਲੇ ਚੁਟਕਲੇ ਵੀ ਸੁਣਾ ਰਿਹਾ ਸੀ। ਭੋਜਨ ਖਾਣ ਤੋਂ ਬਾਅਦ ਅਚਾਨਕ ਹੀ ਪੁੱਤਰ ਨੇ ਪ੍ਰਸੰਨਚਿੱਤ ਮੁਦਰਾ ਵਿਚ ਕਿਹਾ, "ਪਾਪਾ, ਜਦੋਂ ਮੈਂ ਅਠਾਰ੍ਹਾਂ (18) ਸਾਲਾਂ ਦਾ ਹੋ ਜਾਵਾਂਗਾ, ਫਿਰ ਮੈਂ ਕਾਰ ਚਲਾ ਸਕਦਾ ਹਾਂ। ਫਿਰ ਮੈਂ ਡਰਾਈਵਿੰਗ ਦਾ ਰਿਟਨ ਟੈਸਟ ਕਲੀਅਰ ਕਰਕੇ, ਡਰਾਈਵਿੰਗ ਟੈਸਟ ਦੇ ਦੇਵਾਂਗਾ। ਪਾਪਾ, ਜਦੋਂ ਮੈਂ ਅਠਾਰ੍ਹਾਂ (ਸਾਲਾਂ) ਦਾ ਹੋ ਜਾਵਾਂਗਾ, ਤੁਸੀਂ ਮੈਨੂੰ ਮੇਰੇ ਜਨਮ ਦਿਨ 'ਤੇ ਕੀ ਗਿਫ਼ਟ ਦੇਵੋਗੇ?" ਪਿਤਾ ਨੇ ਨਿਮਰਤਾਪੂਰਵਕ ਮੋਹ ਵਿਚ ਉਤਰਦੇ ਹੋਏ ਕਿਹਾ, "ਬੇਟੇ, ਜਦੋਂ ਤੁਸੀਂ ਅਠਾਰ੍ਹਾਂ (18) ਸਾਲ ਦੇ ਹੋਵੋਗੇ, ਫ਼ਿਰ ਵੇਖਾਂਗੇ, ਕਿਹੜੀ ਗਿਫ਼ਟ ਦੇਣੀ ਹੈ।" "ਪਰ, ਪਾਪਾ, ਤੁਸੀਂ ਮੇਰੀ ਮਨਪਸੰਦ, ਕੋਈ ਖ਼ੂਬਸੂਰਤ ਜਿਹੀ, ਕੋਈ ਵੱਡੀ ਗਿਫ਼ਟ ਦੇਵੋਗੇ ਨਾ।" "ਹਾਂ, ਪੁੱਤਰ, ਬਹੁਤ ਵੱਡੀ, ਖ਼ੂਬਸੂਰਤ ਗਿਫ਼ਟ ਦੇਵਾਂਗੇ, ਪੁੱਤਰ।" ਪੁੱਤਰ ਅੰਤਰਾਤਮਾਂ ਤੋਂ ਖੁਸ਼ ਹੋ ਗਿਆ। ਇਕ ਜਗਿਆਸਾ ਦੀ ਲਾਲਸਾ ਉਸ ਦੇ ਦਿਲ-ਦਿਮਾਗ ਵਿਚ ਤੈਰਨ ਲੱਗੀ। ਸਮਾਂ ਰੁਝੇਵਿਆਂ ਭਰੀ ਜ਼ਿੰਦਗੀ ਦੇ ਨਾਲ-ਨਾਲ ਪੁਲਾਂਘਾਂ ਪੁੱਟਦਾ ਚਲਾ ਗਿਆ। ਪੁੱਤਰ ਹੁਣ ਲਗਭਗ ਅਠਾਰ੍ਹਾਂ (18) ਸਾਲਾਂ ਦਾ ਹੋਣ ਵਾਲਾ ਸੀ। ਕੁਝ ਦਿਨਾਂ ਦੇ ਬਾਅਦ ਉਸ ਦਾ ਜਨਮ ਦਿਨ ਮਨਾਇਆ ਜਾਵੇਗਾ। ਪਰ, ਅਚਾਨਕ ਹੀ ਪੁੱਤਰ ਨੂੰ ਹਾਰਟ ਅਟੈਕ ਹੋ ਜਾਂਦਾ ਹੈ। ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ, ਸਾਰਾ ਪਰਿਵਾਰ ਸੋਕ ਅਵਸਥਾ ਵਿਚ। ਰਿਸ਼ਤੇਦਾਰ, ਯਾਰ, ਦੋਸਤ, ਸਨੇਹੀ, ਗਵਾਂਢੀ ਸਭ ਉਸ ਦੀ ਸਿਹਤਯਾਬੀ-ਤੰਦਰੁਸਤੀ ਲਈ ਪ੍ਰਮਾਤਮਾ ਅੱਗੇ ਅਰਦਾਸਾਂ, ਕਾਮਨਾ ਕਰਨ ਲੱਗੇ। ਡਾਕਟਰਾਂ ਨੇ ਗੰਭੀਰਤਾ ਅਤੇ ਬਚਾਓ ਢੰਗਾਂ ਲਈ ਕੁਝ ਕੀਮਤੀ-ਗੰਭੀਰ ਪ੍ਰਸਤਾਵ ਵੀ ਰੱਖੇ, ਜੋ ਸਭ ਕਬੂਲ ਕਰ ਲਏ ਗਏ। ਪੁੱਤਰ ਦਾ ਓਪਰੇਸ਼ਨ ਕਾਮਯਾਬ ਹੋ ਗਿਆ ਸੀ। ਉਸ ਦਾ ਦਿਲ ਬਦਲ ਦਿੱਤਾ ਗਿਆ ਸੀ, ਨਵਾਂ ਦਿਲ ਪਾ ਦਿੱਤਾ ਗਿਆ ਸੀ। ਕੁਝ ਦਿਨਾਂ ਬਾਅਦ ਉਸ ਦਾ ਜਨਮ ਦਿਨ ਸੀ। ਪੁੱਤਰ, ਤੰਦਰੁਸਤ ਹੋ ਕੇ ਠੀਕ-ਠਾਕ ਘਰ ਆ ਗਿਆ ਸੀ। ਪੁੱਤਰ ਨੇ, ਘਰ ਆਉਂਦੇ ਹੀ ਆਪਣੀ ਮਾਂ ਨੂੰ ਜਗਿਆਸਾ ਅਤੇ ਇਕ ਲਲਕ ਵਿਚ ਕਿਹਾ, "ਮੰਮੀ, ਪਾਪਾ ਕਿੱਥੇ ਹਨ?" ਤਾਂ ਮਾਂ ਨੇ ਸੰਜਮ ਅਤੇ ਸੰਤੋਖ ਵਿਚ ਰਹਿੰਦੇ ਹੋਏ ਇਕ ਕਾਗਜ਼ ਉਸ ਦੇ ਹੱਥਾਂ ਵਿਚ ਫੜਾਅ ਦਿੱਤਾ। ਪੁੱਤਰ ਹੈਰਾਨੀਜਨਕ ਚਿੱਤ ਨਾਲ ਜਦ ਉਸ ਕਾਗਜ਼ ਨੂੰ ਪੜ੍ਹਣ ਲੱਗਿਆ, ਤਾਂ ਉਸ ਵਿਚ ਲਿਖਿਆ ਹੋਇਆ ਸੀ, 'ਮੇਰੇ ਪਿਆਰੇ ਲਾਡਲੇ ਪੁੱਤਰ, ਮੇਰੀ ਜਾਨ, ਤੂੰ ਹੀ ਸਾਡਾ ਸਵਰਗ ਏਂ, ਸਾਡੀ ਪੀੜ੍ਹੀਆਂ ਦੀ ਹੋਂਦ ਏਂ, ਤੂੰ ਹੌਂਸਲਾ ਨਾ ਹਾਰੀਂ, ਧੀਰਜ ਰੱਖਣਾ, ਪ੍ਰਮਾਤਮਾ ਉੱਤੇ ਭਰੋਸਾ ਰੱਖਣ ਵਿਚ ਹੀ ਜੀਵਨ ਹੈ, ਇਹ ਸਭ ਕਿਸਮਤਾਂ ਦਾ ਖੇਲ ਹੈ ਬੇਟਾ, ਆਪਣੇ ਮਨ ਨੂੰ ਮਜ਼ਬੂਤੀ ਨਾਲ ਸੰਭਾਲ ਲਵੀਂ। ਅਪਣੀ ਮਾਂ ਅਤੇ ਭੈਣ ਨੂੰ ਤਸੱਲੀ ਦੇਵੀਂ ਮੇਰੇ ਪਿਆਰੇ ਪੁੱਤਰ, ਤੂੰ ਖੂਬ ਤਰੱਕੀ ਕਰੀਂ। ਸਾਰਾ ਪਰਿਵਾਰ ਦਾ ਨਾਮ ਰੌਸ਼ਨ ਕਰੇਂਗਾ ਪੁੱਤਰ। ਮੇਰੇ ਪਿਆਰੇ ਬੇਟੇ ਤੂੰ ਕਹਿੰਦਾ ਸੀ ਨਾ, ਪਾਪਾ ਮੇਰੇ ਜਨਮ ਦਿਨ 'ਤੇ ਇਕ ਖ਼ੂਬਸੂਰਤ ਵੱਡੀ ਗਿਫ਼ਟ ਦੇਵੋਗੇ, ਤੇ ਉਹ ਫਰਜ਼ ਅੱਜ ਮੈਂ ਪੂਰਾ ਕਰ ਚੱਲਿਆ ਹਾਂ। ਯੁਗ-ਯੁਗ ਜੀਵੇਂ ਮੇਰੇ ਲਾਲ, ਮੇਰਾ ਲਾਡਲਾ ਪੁੱਤਰ। ਇਕ ਸਪਨਾ ਬਣ ਚੁੱਕੇ-ਤੇਰੇ ਪਾਪਾ।



# ਕੀ ਉਮੀਦਾਂ ਹਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਯਾਤਰਾ ਤੋਂ ?

-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)







ਪ੍ਰਧਾਨ ਮੰਤਰੀ ਨਰਿੰਦਰ ਮੋਦੀ 21 ਤੋਂ 24 ਜੂਨ ਤੱਕ ਅਮਰੀਕਾ ਦੇ ਸਰਕਾਰੀ ਦੌਰੇ 'ਤੇ ਜਾ ਰਹੇ ਹਨ, ਜਿੱਥੇ ਉਨ੍ਹਾਂ ਦੀ ਮੇਜ਼ਬਾਨੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਕਰਨਗੇ। ਇਹ ਆਗਾਮੀ ਦੌਰਾ ਦੁਵੱਲੇ ਸਬੰਧਾਂ ਵਿਚ ਇੱਕ ਮਹੱਤਵਪੂਰਨ ਮੀਲ ਪੱਥਰ ਦੀ ਨਿਸ਼ਾਨਦੇਹੀ ਕਰਦਾ ਹੈ ਕਿਉਂਕਿ ਇਹ ਅਜਿਹੇ ਸਮੇਂ ਵਿਚ ਹੁੰਦਾ ਹੈ, ਜਦੋਂ ਵਿਸ਼ਵ ਕਈ ਚੁਣੌਤੀਆਂ ਨਾਲ ਜੂਝ ਰਿਹਾ ਹੁੰਦਾ ਹੈ।

ਇਹ ਦੌਰਾ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਕਰਨ, ਰਣਨੀਤਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਰਾਸ਼ਟਰਾਂ ਦਰਮਿਆਨ ਸਾਂਝੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਬਹੁਤ ਮਹੱਤਵ ਰੱਖਦਾ ਹੈ। ਭਾਰਤ-ਅਮਰੀਕਾ ਸਬੰਧਾਂ ਵਿਚ ਹਾਲ ਹੀ ਦੇ ਸਾਲਾਂ ਵਿਚ ਮਹੱਤਵਪੂਰਨ ਵਾਧਾ ਹੋਇਆ ਹੈ, ਜੋ ਸਾਂਝੇ ਲੋਕਤੰਤਰਿਕ ਕਦਰਾਂ-ਕੀਮਤਾਂ, ਆਰਥਿਕ ਸਹਿਯੋਗ ਅਤੇ ਸਾਂਝੀਆਂ ਸੁਰੱਖਿਆ ਚਿੰਤਾਵਾਂ ਦੁਆਰਾ ਮਜ਼ਬੂਤ ਹੋਇਆ ਹੈ। ਮੋਦੀ ਦਾ ਦੌਰਾ ਇਸ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਵਿਚਾਰ-ਵਟਾਂਦਰੇ ਵਿਚ ਰੱਖਿਆ ਸਹਿਯੋਗ, ਅੱਤਵਾਦ ਵਿਰੋਧੀ ਯਤਨਾਂ, ਸਾਇੰਸ, ਸਾਈਬਰ ਸੁਰੱਖਿਆ, ਜਲਵਾਯੂ ਤਬਦੀਲੀ ਅਤੇ ਸਿਹਤ ਸੰਭਾਲ ਸਹਿਯੋਗ ਸਮੇਤ ਕਈ ਮੁਦਿਆਂ ਤੇ ਸਾਂਝ ਦੀ ਨੀਂਹ ਰੱਖੀ ਜਾਵੇਗੀ।

ਆਰਥਿਕ ਸਹਿਯੋਗ ਭਾਰਤ-ਅਮਰੀਕਾ ਸਬੰਧਾਂ ਦਾ ਖਾਸ ਤੌਰ 'ਤੇ ਮਹੱਤਵਪੂਰਨ ਪਹਿਲੂ ਹੈ। ਭਾਰਤ ਦੇ ਆਰਥਿਕ ਸੁਧਾਰਾਂ ਅਤੇ ਪਹਿਲਕਦਮੀਆਂ ਜਿਵੇਂ ਕਿ 'ਮੇਕ ਇਨ ਇੰਡੀਆ', 'ਡਿਜੀਟਲ ਇੰਡੀਆ' ਅਤੇ 'ਆਤਮਨਿਰਭਰ ਭਾਰਤ' ਅਮਰੀਕੀ ਕਾਰੋਬਾਰਾਂ ਲਈ ਆਕਰਸ਼ਕ ਸੰਭਾਵਨਾਵਾਂ ਪੇਸ਼ ਕਰਦੇ ਹਨ, ਇਸ ਲਈ ਮੋਦੀ ਦੀ ਯਾਤਰਾ ਵਪਾਰ ਅਤੇ ਨਿਵੇਸ਼ ਦੇ ਮੌਕਿਆਂ ਨੂੰ ਵਧਾਉਣ 'ਤੇ ਕੇਂਦਰਿਤ ਹੋਣ ਦੀ ਉਮੀਦ ਹੈ। ਇਸ ਯਾਤਰਾ ਦੌਰਾਨ ਵਪਾਰਿਕ ਪਹੁੰਚ ਅਤੇ ਦੁਵੱਲੇ ਨਿਵੇਸ਼ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ। ਅਮਰੀਕਾ ਅਤੇ ਭਾਰਤ ਜੀਵੰਤ ਤਕਨਾਲੋਜੀ ਸੈਕਟਰਾਂ ਦਾ ਘਰ ਹਨ ਅਤੇ ਅਤਿ ਆਧੁਨਿਕ ਖੇਤਰਾਂ ਵਿਚ ਸਹਿਯੋਗ ਲਈ ਅਪਾਰ ਸੰਭਾਵਨਾਵਾਂ ਰੱਖਦੇ ਹਨ। ਮੋਦੀ ਦੀ ਯਾਤਰਾ ਦਾ ਉਦੇਸ਼ ਤਕਨਾਲੋਜੀ ਅਤੇ ਨਵੀਨਤਾ ਸਾਂਝੇਦਾਰੀ ਨੂੰ ਮਜ਼ਬੂਤ ਕਰਕੇ ਇਸ ਸੰਭਾਵਨਾ ਦਾ ਲਾਭ ਉਠਾਉਣਾ ਹੈ। ਵਿਚਾਰ-ਵਟਾਂਦਰੇ ਵਿੱਚ ਪੁਲਾੜ ਖੋਜ, ਸਵੱਛ ਊਰਜਾ ਅਤੇ ਡਿਜੀਟਲ ਗਵਰਨੈਂਸ ਵਰਗੇ ਖੇਤਰਾਂ 'ਤੇ ਕੇਂਦਰਿਤ ਹੋਣ ਦੀ ਉਮੀਦ ਵੀ ਹੈ, ਜਿਸ ਨਾਲ ਦੋਵਾਂ ਦੇਸ਼ਾਂ ਦੇ ਅਰਥਚਾਰਿਆਂ ਨੂੰ ਲਾਭ ਹੋਵੇਗਾ।

ਜਿਥੇ ਕਿ ਦੋ ਪ੍ਰਮੁੱਖ ਲੋਕਤੰਤਰੀ ਦੇਸ਼ਾਂ ਦੇ ਰੂਪ ਵਿਚ, ਭਾਰਤ ਅਤੇ ਅਮਰੀਕਾ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ, ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵਵਿਆਪੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਸਾਂਝੇ ਕਰਦੇ ਹਨ। ਪ੍ਰਧਾਨ ਮੰਤਰੀ ਦੀ ਅਮਰੀਕਾ ਫੇਰੀ ਦੋਵਾਂ ਦੇਸ਼ਾਂ ਨੂੰ ਜਲਵਾਯੂ ਪਰਿਵਰਤਨ, ਗਲੋਬਲ ਚੁਣੌਤੀਆਂ ਨਾਲ ਨਜਿੱਠਣ ਲਈ ਸਹਿਯੋਗ ਕਰਨ ਦਾ ਮੌਕਾ ਪ੍ਰਦਾਨ ਕਰੇਗਾ। ਇਹ ਯਾਤਰਾ ਭਾਰਤ ਨੂੰ ਵਿਸ਼ਵ ਲੀਡਰਸ਼ਿਪ ਅਤੇ ਬਹੁਪੱਖੀ ਰੁਝੇਵਿਆਂ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਸੁਨਿਹਰੀ ਪਲੇਟਫਾਰਮ ਪ੍ਰਦਾਨ ਕਰੇਗੀ।

ਮੋਦੀ ਦੀ ਫੇਰੀ ਵਿਚ ਭਾਰਤੀ-ਅਮਰੀਕੀ ਭਾਈਚਾਰੇ ਨਾਲ ਗੱਲਬਾਤ, ਉਨ੍ਹਾਂ ਦੇ ਯੋਗਦਾਨ ਲਈ ਸ਼ਲਾਘਾ ਦਾ ਪ੍ਰਦਰਸ਼ਨ ਅਤੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਤੱਕ ਸੀਮਿਤ ਰਹੇਗਾ, ਬਲਕਿ ਲੋਕਾ ਤੋਂ ਲੋਕਾਂ ਦੇ ਸੰਪਰਕ ਨੂੰ ਵੀ ਮਜ਼ਬੂਤ ਕਰੇਗੀ।

ਜਦੋਂ ਪ੍ਰਧਾਨ ਮੰਤਰੀ ਮੋਦੀ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਨਗੇ। ਭਾਰਤ ਦੀ ਜੀ20 ਪ੍ਰੈਜ਼ੀਡੈਂਸੀ ਨੇ ਦੇਸ਼ 'ਤੇ ਵਿਸ਼ਵਵਿਆਪੀ ਨਜ਼ਰਾਂ ਨੂੰ ਭਾਰਤ ਵੱਲ ਮੋੜਿਆ ਹੈ, ਕਿਉਂਕਿ ਦੇਸ਼ ਗਲੋਬਲ ਸਾਊਥ ਦੀ ਆਵਾਜ਼ ਬਣ ਗਿਆ ਹੈ।

ਜਿਥੇ ਵਿਸ਼ਵਵਿਆਪੀ ਮਨੁੱਖਤਾ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਤੁਰੰਤ ਧਿਆਨ ਦੇਣ ਦੀ ਲੋੜ ਹੈ। ਭਾਰਤ ਨੇ ਰੂਸ-ਯੂਕਰੇਨ ਜੰਗ ਵਿਚ ਸ਼ਾਂਤੀ ਦੀਆਂ ਕੋਸ਼ਿਸ਼ਾਂ ਦੀ ਵਕਾਲਤ ਕਰਨ ਸਮੇਤ ਸਾਰੇ ਗਲੋਬਲ ਮੁੱਦਿਆਂ ਵਿਚ ਅਗਵਾਈ ਦਿਖਾਈ ਹੈ।

ਪਿਛਲੇ ਵਿੱਤੀ ਸਾਲ 'ਚ ਭਾਰਤ ਨੇ 7.2 ਫੀਸਦੀ ਜੀ.ਡੀ.ਪੀ. ਵਾਧਾ ਦਰਜ ਕੀਤਾ ਹੈ। ਭਾਰਤ ਇੱਕ ਵਾਰ ਫਿਰ ਦੁਨੀਆਂ ਵਿਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀ ਅਰਥਵਿਵਸਥਾ ਦੇ ਰੂਪ ਵਿਚ ਸਾਹਮਣੇ ਆਇਆ ਹੈ। ਦੁਨੀਆਂ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣਕੇ ਭਾਰਤ ਨੂੰ ਵਿਕਸਿਤ ਦੁਨੀਆਂ ਦੀ ਮੰਗ ਕੀਤੀ ਜਾ ਰਹੀ ਹੈ। ਭਾਰਤ ਨਿਯਮਿਤ ਤੌਰ 'ਤੇ ਜੀ7 ਬੈਠਕਾਂ ਵਿਚ ਹਿੱਸਾ ਲੈਂਦਾ ਰਿਹਾ ਹੈ। ਭਾਰਤੀ ਅਰਥਵਿਵਸਥਾ ਜੀ7 ਦੇ ਚਾਰ ਦੇਸ਼ਾਂ ਤੋਂ ਵੱਡੀ ਹੈ। ਇਸ ਤਰ੍ਹਾਂ ਭਾਰਤ ਨੂੰ ਵਿਸ਼ਵ ਆਰਥਿਕ ਮਾਮਲਿਆਂ ਵਿਚ ਇੱਕ ਪ੍ਰਮੁੱਖ ਸਥਾਨ ਦਿੱਤਾ ਜਾ ਰਿਹਾ ਹੈ।

ਇਹ ਵੀ ਦੱਸਣਾ ਜ਼ਰੂਰੀ ਹੈ ਕਿ ਜਲਵਾਯੂ ਪਰਿਵਰਤਨ ਵਰਗੇ ਮੁੱਦਿਆਂ 'ਤੇ ਭਾਰਤ ਦੀ ਆਵਾਜ਼ ਪੂਰੀ ਗੰਭੀਰਤਾ ਨਾਲ ਸੁਣੀ ਜਾਂਦੀ ਹੈ। ਅੰਤਰਰਾਸ਼ਟਰੀ ਸੌਰ ਗਠਜੋੜ ਦਾ ਗਠਨ ਕਰਕੇ, ਭਾਰਤ ਨੇ ਸ਼ੁੱਧ ਜ਼ੀਰੋ ਨਿਕਾਸ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਸਵੱਛ ਊਰਜਾ ਤਬਦੀਲੀ ਲਈ ਰੋਡਮੈਪ ਦਿਖਾਇਆ ਹੈ। ਇਸ ਦੇ ਨਾਲ ਹੀ ਭਾਰਤ ਨੇ ਜੀ-7 ਬੈਠਕ ਦੇ ਹੀਰੋਸ਼ੀਮਾ ਸਿਖਰ ਸੰਮੇਲਨ 'ਚ ਗਲੋਬਲ ਸਾਊਥ ਅਤੇ ਗਰੀਬ ਦੇਸ਼ਾਂ ਦੀ ਆਵਾਜ਼ ਜ਼ੋਰਦਾਰ ਢੰਗ ਨਾਲ ਉਠਾਈ।

ਅਜਿਹੇ ਮੋੜ 'ਤੇ, ਅਜਿਹੀਆਂ ਗਲੋਬਲ ਚੁਣੌਤੀਆਂ 'ਤੇ ਦੇਸ਼ ਲਈ ਸਮੂਹਿਕ ਪ੍ਰਤੀਕਿਰਿਆ ਤਿਆਰ ਕਰਨ ਲਈ ਭਾਰਤੀ ਰਾਜਨੀਤਿਕ ਨੇਤਾਵਾਂ ਅਤੇ ਉਨ੍ਹਾਂ ਦੀਆਂ ਕਾਰਵਾਇਆ 'ਤੇ ਨਜ਼ਰ ਰੱਖਣਾ ਮਹੱਤਵਪੂਰਨ ਹੈ। ਅੰਤਰਰਾਸ਼ਟਰੀ ਮਾਮਲਿਆਂ ਦੇ ਮਾਮਲਿਆਂ ਵਿਚ, ਭਾਰਤ ਵਿਚ ਦਹਾਕਿਆਂ ਤੋਂ ਰਾਜਨੀਤਿਕ ਨੇਤਾਵਾਂ ਵਿਚ ਇੱਕ ਆਵਾਜ਼ ਵਿਚ ਬੋਲਣ ਲਈ ਸਹਿਮਤੀ ਵਾਲਾ ਰੁਖ ਰਿਹਾ ਹੈ। ਇਸ ਏਕਤਾ ਨੇ ਉਨ੍ਹਾਂ ਸਮਿਆਂ ਵਿਚ ਦੇਸ਼ ਦੇ ਰਾਸ਼ਟਰੀ ਹਿੱਤਾਂ ਦੀ ਸੇਵਾ ਕੀਤੀ ਜਦੋਂ ਭਾਰਤ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ।

ਜਦੋਂ ਵਿਸ਼ਵ ਕੋਵਿਡ-19 ਮਹਾਂਮਾਰੀ ਨਾਲ ਜੂਝ ਰਿਹਾ ਸੀ, ਤਾਂ ਭਾਰਤ ਦੋ ਟੀਕੇ ਲੈ ਕੇ ਆਇਆ ਸੀ। ਪੀ.ਐੱਮ. ਮੋਦੀ ਨੇ ਸਪੱਸ਼ਟ ਕੀਤਾ ਕਿ ਭਾਰਤੀ ਟੀਕੇ ਵਿਸ਼ਵ ਦੇ ਲੋਕਾਂ ਲਈ ਹਨ। ਜਦੋਂ ਵਿਕਸਿਤ ਸੰਸਾਰ ਟੀਕਿਆਂ ਦਾ ਸਟਾਕ ਕਰ ਰਿਹਾ ਸੀ, ਭਾਰਤ ਉਨ੍ਹਾਂ ਗਰੀਬ ਦੇਸ਼ਾਂ ਨੂੰ ਭੇਜ ਰਿਹਾ ਸੀ, ਜੋ ਬਹੁਰਾਸ਼ਟਰੀ ਕੰਪਨੀਆਂ ਤੋਂ ਮਹਿੰਗੀਆਂ ਖੁਰਾਕਾਂ ਨਹੀਂ ਖਰੀਦ ਸਕਦੇ ਸਨ। ਭਾਰਤ ਨੇ ਨਾ ਸਿਰਫ਼ ਆਪਣੀ ਆਬਾਦੀ ਦਾ ਟੀਕਾਕਰਨ ਕੀਤਾ, ਸਗੋਂ ਦੁਨੀਆਂ ਭਰ ਦੇ ਲੱਖਾਂ ਲੋਕਾਂ ਨੂੰ ਸੁਰੱਖਿਆ ਢਾਲ ਵੀ ਪ੍ਰਦਾਨ ਕੀਤੀ।

ਆਲਮੀ ਮੁੱਦਿਆਂ 'ਤੇ ਭਾਰਤ ਨੂੰ ਇਕ ਆਵਾਜ਼ ਵਿਚ ਬੋਲਣਾ ਚਾਹੀਦਾ ਹੈ। ਇਸ ਵਾਰ ਅਮਰੀਕਾ 'ਚ ਪ੍ਰਧਾਨ ਮੰਤਰੀ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਵਿਚ ਦੂਜੀ ਵਾਰ ਅਮਰੀਕੀ ਕਾਂਗਰਸ ਨੂੰ ਸੰਬੋਧਨ ਕਰਨਗੇ, ਤਾਂ ਦੁਨੀਆਂ ਉਨ੍ਹਾਂ ਵੱਲ ਇਸ ਉਮੀਦ ਨਾਲ ਦੇਖ ਰਹੀ ਹੋਵੇਗੀ ਕਿ ਭਾਰਤ ਵਿਸ਼ਵ ਮਨੁੱਖਤਾ ਨੂੰ ਦਰਪੇਸ਼ ਕਈ ਚੁਣੌਤੀਆਂ ਦਾ ਹੱਲ ਪ੍ਰਦਾਨ ਕਰਨ ਦੇ ਯੋਗ ਹੀ ਨਹੀਂ, ਬਲਕਿ ਬਹੁਤ ਸਾਰਿਆਂ ਆਸਾਂ ਲਗਾ ਕੇ ਬੈਠੇ ਹੋਣਗੇ। ਭਾਰਤ ਤੋਂ ਵਿਸ਼ਵਵਿਆਪੀ ਉਮੀਦ ਇਸ ਲਈ ਵੀ ਹੈ ਕਿਉਂਕਿ ਦੇਸ਼ ਨੇ ਉਨ੍ਹਾਂ ਦੇਸ਼ਾਂ ਨੂੰ ਅਨਾਜ ਪਹੁੰਚਾਇਆ, ਜੋ ਰੂਸ-ਯੂਕਰੇਨ ਯੁੱਧ ਦੇ ਸ਼ੁਰੂ ਹੋਣ ਤੋਂ ਬਾਅਦ ਭੁੱਖਮਰੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਸਨ। ਪੀ.ਐੱਮ. ਮੋਦੀ ਨੇ ਬਰਾਬਰ ਦੇ ਉਪਾਵਾਂ ਵਿਚ, ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਉਨ੍ਹਾਂ ਦੇ ਯੂਕਰੇਨ ਦੇ ਹਮਰੁਤਬਾ ਵੋਲੋਦੀਮੀਰ ਜ਼ੇਲੇਂਸਕੀ ਦੋਵਾਂ ਨੂੰ ਕਿਹਾ ਕਿ ਕੂਟਨੀਤੀ ਯੁੱਧ ਤੋਂ ਬਾਹਰ ਨਿਕਲਣ ਦਾ ਰਸਤਾ ਹੈ ਤੇ ਇਹ ਸਦੀ ਜੋ ਲੜਾਈ ਝਗੜੇ ਵਾਲੀ ਨਹੀਂ ਹੈ, ਬਲਕਿ ਇਕ ਦੂਜੇ ਨਾਲ ਰਲ-ਮਿਲ ਕੇ ਪਿਆਰ ਨਾਲ ਮਿਲ-ਵਰਤ ਕੇ ਰਹਿਣ ਵਾਲੀ ਹੈ।

ਅਜਿਹੀ ਹੀ ਇਕ ਸੋਚ ਨਾਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਯੁਕਤ ਰਾਜ ਅਮਰੀਕਾ ਯਾਤਰਾ ਹੈ। ਨਰਿੰਦਰ ਮੋਦੀ ਦੀ ਸੰਯੁਕਤ ਰਾਜ ਅਮਰੀਕਾ ਦੀ ਪ੍ਰਸਤਾਵਿਤ ਰਾਜ ਯਾਤਰਾ ਨੇ ਦੋਵਾਂ ਦੇਸ਼ਾਂ ਲਈ ਡੂੰਘੇ ਪ੍ਰਭਾਵ ਪਾਏਗੀ, ਜਿਸ ਵਿਚ ਕੂਟਨੀਤਕ, ਆਰਥਿਕ ਅਤੇ ਰਣਨੀਤਕ ਪਹਿਲੂ ਸ਼ਾਮਲ ਹੋਣਗੇ ਅਤੇ ਅੱਤਵਾਦ ਵਿਰੋਧੀ ਸ਼ਾਮਲ ਹਨ। ਰਾਜ ਦਾ ਦੌਰਾ ਭਾਰਤ ਲਈ ਹੋਰ ਪ੍ਰਮੁੱਖ ਗਲੋਬਲ ਖਿਡਾਰੀਆਂ ਨਾਲ ਜੁੜਨ ਲਈ ਇੱਕ ਪਲੇਟਫਾਰਮ ਵਜੋਂ ਵੀ ਸਾਹਮਣੇ ਆ ਸਕਦਾ ਹੈ। ਜਿਵੇਂ ਕਿ ਭਾਰਤ ਅੰਤਰਰਾਸ਼ਟਰੀ ਮੰਚਾਂ, ਜਿਵੇਂ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਇੱਕ ਵੱਡੀ ਭੂਮਿਕਾ ਦੀ ਮੰਗ ਕਰਦਾ ਹੈ, ਇਸ ਦੌਰੇ ਨੇ ਸਮਰਥਨ ਪ੍ਰਾਪਤ ਕਰਨ ਅਤੇ ਗੱਠਜੋੜ ਬਣਾਉਣ ਦਾ ਇਹ ਸਹੀ ਮੌਕਾ ਹੋ ਸਕਦਾ ਹੈ। ਭਾਰਤ ਦੇ ਵਧ ਰਹੇ ਸਟਾਰਟ-ਅੱਪ ਈਕੋਸਿਸਟਮ ਅਤੇ ਸੰਯੁਕਤ ਰਾਜ ਅਮਰੀਕਾ ਦੀ ਤਕਨੀਕੀ ਤਰੱਕੀ ਨੇ ਸਾਂਝੇ ਉੱਦਮਾਂ, ਖੋਜ ਸਾਂਝੇਦਾਰੀ ਅਤੇ ਗਿਆਨ ਸਾਂਝਾ ਕਰਨ ਦੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ।


ਇਹ ਦੌਰਾ ਚੀਨ ਦੇ ਵਧਦੇ ਵਿਸਤਾਰਵਾਦੀ ਇਰਾਦੇ ਨੂੰ ਸੰਬੋਧਿਤ ਕਰੇਗਾ, ਇਸ ਲਈ ਇੰਡੋਪੈਸਿਫਿਕ ਕੋਆਪਰੇਸ਼ਨ ਬੇਹੱਦ ਪ੍ਰਸੰਗਿਕ ਬਣ ਜਾਵੇਗਾ। ਰਾਜ ਦੇ ਦੌਰੇ ਨੇ ਹਿੰਦ-ਪ੍ਰਸ਼ਾਂਤ ਖੇਤਰ ਵਿਚ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦੇ ਸਾਂਝੇ ਹਿੱਤਾਂ ਨੂੰ ਉਜਾਗਰ ਕੀਤਾ। ਇਸ ਖੇਤਰ ਵਿਚ ਨਜ਼ਦੀਕੀ ਸਹਿਯੋਗ, ਸਮੁੰਦਰੀ ਸੁਰੱਖਿਆ, ਨੇਵੀਗੇਸ਼ਨ ਦੀ ਆਜ਼ਾਦੀ ਅਤੇ ਖੇਤਰੀ ਸੰਪਰਕ ਨੂੰ ਸ਼ਾਮਲ ਕਰਦਾ ਹੈ, ਜਿਸਦਾ ਉਦੇਸ਼ ਖੇਤਰ ਵਿਚ ਚੀਨ ਦੇ ਵਧਦੇ ਪ੍ਰਭਾਵ ਨੂੰ ਸੰਤੁਲਿਤ ਕਰਨਾ ਹੈ। ਭਾਰਤ ਵਿਚ ਅਮਰੀਕੀ ਰਾਜਦੂਤ ਐਰਿਕ ਗਾਰਸੇਟੀ ਦੀ ਭੂਮਿਕਾ 22 ਜੂਨ 2023 ਤੋਂ ਪ੍ਰਧਾਨ ਮੰਤਰੀ ਮੋਦੀ ਦੀ ਅਮਰੀਕਾ ਦੀ ਸਰਕਾਰੀ ਫੇਰੀ ਨੂੰ ਸੁਚਾਰੂ ਬਣਾਉਣ ਵਿਚ ਮਹੱਤਵਪੂਰਨ ਰਹੀ ਹੈ।

ਇਕੱਲੇ ਭਾਰਤ ਨੂੰ ਹੀ ਨਹੀਂ, ਬਲਕਿ ਸਾਰੇ ਸੰਸਾਰ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਬਾਇਡਨ ਦੀ ਇਸ ਮਿਲਣੀ ਤੋਂ ਬਹੁਤ ਆਸਾਂ ਹਨ। ਉਹ ਸਭ ਦੀਆਂ ਆਸਾਂ 'ਤੇ ਪੂਰੇ ਉਤਰੇ ਹਨ ਜਾਂ ਨਹੀਂ, ਸਮਾਂ ਹੀ ਦੱਸ ਸਕਦਾ ਹੈ।

## ਕੈਲਸ਼ੀਅਮ ਲੋਹ ਕਮੀ, ਮਾਨਸਿਕ ਸਰੀਰਕ ਨਿਪੁੰਸਕਤਾ, ਵੀਰਜ਼ ਵਰਧਕ, ਕਿਸੇ ਵੀ ਤਰ੍ਹਾਂ ਦੀ ਕਮਜ਼ੋਰੀ, ਪਾਚਨਤੰਤਰ, ਸਾਹ, ਦਿਲ ਦੇ ਰੋਗ, ਮਰਦਾਨਾ ਤਾਕਤ ਦਾ ਫਾਰਮੂਲਾ

### ਕੰਡੇ ਦਾ ਕੰਡਾ

-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ
ਨੇੜੇ ਨੈਸਲੇ ਮੋਗਾ (ਪੰਜਾਬ)
98557-35666
(Punjab Mail USA)



**ਸਮਾਨ:**-ਅਮਾਲਕੀ ਰਸਾਇਣ 100 ਮਿਲੀ, ਯਿਸਟਮਧੂ 50 ਮਿਲੀ, ਅਸ਼ਵਗੰਧਾ 100 ਮਿਲੀ, ਸਤਾਵਰੀ 100 ਮਿਲੀ, ਗਿਲੋਅ 50 ਮਿਲੀ, ਕਾਲੀ ਤੁਲਸੀ ਬੀਜ਼ 500 ਗਰਾਮ, ਗੋਖਰੂਮੂੰਡੀ 50ਮਿਲੀ। ਨੋਟ ਇਹ ਸਾਰੀਆਂ ਚੀਜ਼ਾਂ ਸ਼ੁੱਧ ਕੀਤੀਆਂ ਹੋਈਆਂ ਲਉ।

**ਵਿਧੀ:**- ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਸੁਕਾ ਕੇ ਕੁੱਟ ਕੇ ਕੱਪੜਛਾਨ ਕਰਕੇ ਭ੍ਰਿੰਗ ਰਾਜ ਦੇ ਤੇਲ ਗਿਆਰਾਂ ਵਾਰੀ ਭਾਵਨਾ ਦੇਣੀ ਹੈ। ਇਸੇ ਤਰ੍ਹਾਂ ਲੜੀ ਵਾਰ ਵਿਧਾਰਾ ਗੋਖਰੂ, ਵਿਧਾਰੀ ਕੰਧ, ਬੋਹੜ, ਬ੍ਰਹਮੀ, ਸ਼ੰਖਪੁਸ਼ਪੀ ਤੇ ਅਤਿਬਲਾ 100-100 ਮਿਲੀ ਲੈ ਕੇ ਗਿਆਰਾਂ-ਗਿਆਰਾਂ ਵਾਰੀ ਭਾਵਨਾ ਦੇ ਕੇ, ਫੇਰ ਇਸ ਨੂੰ ਸੁਕਾ ਕੇ ਬਾਅਦ ਵਿਚ ਸ਼ੁੱਧ ਸ਼ਿਲਾਜ਼ੀਤ ਤੇ ਰੂਮੀਮਸਤਗੀ, ਸਾਲਮਪੰਜਾ, ਛੋਟੀ ਇਲਾਇਚੀ ਪੀਸੀ ਹੋਈ ਪਾਉਣੀ ਹੈ। ਇਨ੍ਹਾਂ ਦੀਆਂ ਗੋਲੀਆਂ ਬਣਾ ਲਉ, ਸਵੇਰੇ ਸ਼ਾਮ ਦੁੱਧ ਨਾਲ ਲਉ।


ਬਾਅਦ ਵਿਚ ਸ਼ੁੱਧ ਸ਼ਿਲਾਜ਼ੀਤ ਤੇ ਰੂਮੀਮਸਤਗੀ, ਸਾਲਮਪੰਜਾ, ਛੋਟੀ ਇਲਾਇਚੀ ਪੀਸੀ ਹੋਈ ਪਾਉਣੀ ਹੈ।

### 25 ਜੂਨ ਐਮਰਜੰਸੀ ’ਤੇ ਵਿਸ਼ੇਸ਼ ਲੇਖ

# ਐਮਰਜੰਸੀ ’ਤੇ ਮੋਰਚਾ ਲਾਉਣਾ ਅਕਾਲੀਆਂ ਦੀ ਵੱਡੀ ਭੁਲ ਸੀ !




-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ : 99141-84794
(Punjab Mail USA)



1971 ਦੀਆਂ ਹੋਈਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੋ ਤਿਹਾਈ ਤੋਂ ਵੱਧ 352 ਸੀਟਾਂ ਲੈ ਕੇ ਸੱਤਾ ’ਤੇ ਕਾਬਜ਼ ਹੋ ਗਈ। ਰਾਏ ਬਰੇਲੀ (ਉੱਤਰ ਪ੍ਰਦੇਸ਼) ਸੀਟ ਤੋਂ ਸਮਾਜਵਾਦੀ ਨੇਤਾ ਰਾਜ ਨਰਾਇਣ ਨੂੰ ਇੰਦਰਾ ਗਾਂਧੀ ਨੇ ਇਕ ਲੱਖ ਵੋਟਾਂ ਤੋਂ ਵੀ ਵੱਧ ਦੇ ਫ਼ਰਕ ਨਾਲ ਹਰਾ ਦਿੱਤਾ ਸੀ। ਰਾਜ ਨਰਾਇਣ ਨੇ ਇੰਦਰਾ ਗਾਂਧੀ ਉਪਰ ਚੋਣਾਂ ਵਿਚ ਕੁਝ ਇਤਰਾਜ਼ ਜ਼ਾਹਰ ਕਰਦਿਆਂ ਕਿਹਾ, ਇੰਦਰਾ ਗਾਂਧੀ ਵਲੋਂ ਚੋਣਾਂ ਵਿਚ ਸਰਕਾਰੀ ਮਸ਼ੀਨਰੀ ਦੀ ਵਰਤੋਂ ਕੀਤੀ ਗਈ, ਜਿਸ ਵਿਚ ਸਿਰਫ ਦਿੱਲੀ ਪਰਮਿਟ ਗੱਡੀਆਂ ਸਨ, ਉਨ੍ਹਾਂ ਨੂੰ ਦਿਲੀ ਤੋਂ ਬਾਹਰ ਰਾਏ ਬਰੇਲੀ ਵਿਚ ਚਲਾਇਆ ਗਿਆ।

ਚੋਣਾਂ ਵਿਚ ਜ਼ਿਆਦਾ ਪੈਸੇ ਖਰਚ ਕਰਨ, ਵੋਟਰਾਂ ਨੂੰ ਭਰਮਾਉਣ ਤੇ ਵੋਟਾਂ ਵਿਚ ਸਰਕਾਰੀ ਕਰਮਚਾਰੀਆਂ ਦੀ ਵਰਤੋਂ ਕਰਨ ਦੇ ਦੋਸ਼ ਲਾਉਂਦਿਆਂ ਕੁਝ ਸਮੇਂ ਬਾਅਦ ਇਲਾਹਾਬਾਦ ਹਾਈਕੋਰਟ ਵਿਚ ਵਕੀਲ ਸ਼ਾਤੀ ਭੂਸ਼ਣ ਰਾਹੀਂ ਕੇਸ ਦਾਇਰ ਕਰ ਦਿੱਤਾ।

12 ਜੂਨ, 1975 ਨੂੰ ਅਦਾਲਤ ਨੇ ਫੈਸਲਾ ਸੁਣਾਉਂਦਿਆਂ ਇੰਦਰਾ ਗਾਂਧੀ ਉਪਰ ਲੱਗੇ ਦੋਸ਼ਾਂ ਨੂੰ ਸਹੀ ਠਹਿਰਾਇਆ। ਜੱਜ ਜਗਮੋਹਨ ਲਾਲ ਸਿਨਹਾ ਨੇ ਇੰਦਰਾ ਗਾਂਧੀ ’ਤੇ ਰੋਕ ਲਗਾਉਂਦਿਆਂ ਪ੍ਰਧਾਨ ਮੰਤਰੀ ਅਹੁਦੇ ਤੋਂ ਤੁਰੰਤ ਅਸਤੀਫ਼ਾ ਦੇਣ ਲਈ ਕਿਹਾ, ਨਾਲ ਹੀ ਸ਼ਰਤ ਰੱਖ ਦਿੱਤੀ ਕੇ ਉਹ ਛੇ ਸਾਲ ਲਈ ਕੋਈ ਚੋਣ ਨਹੀਂ ਲੜ ਸਕਦੀ, ਨਾ ਕੋਈ ਅਹੁਦਾ ਪ੍ਰਾਪਤ ਕਰ ਸਕਦੀ ਹੈ। ਹਾਈਕੋਰਟ ਨੇ ਕਾਂਗਰਸ ਨੂੰ ਤਿੰਨ ਹਫਤੇ ਤੱਕ ਅਗਲੀ ਕਾਰਵਾਈ ਕਰਨ ’ਤੇ ਵੀ ਰੋਕ ਲਗਾ ਦਿੱਤੀ।

ਇੰਦਰਾ ਗਾਂਧੀ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫ਼ਾ ਨਹੀਂ ਦੇਣਾ ਚਾਹੁੰਦੀ ਸੀ। ਉਸ ਨੇ ਹਰ ਹੀਲਾ ਵਰਤਣਾ ਸ਼ੁਰੂ ਕਰ ਦਿੱਤਾ। ਇੰਦਰਾ ਗਾਂਧੀ ਨੇ ਤਿੰਨ ਹਫਤਿਆਂ ਦਾ ਲਾਹਾ ਲੈਂਦਿਆਂ 23 ਜੂਨ ਨੂੰ ਸੁਪਰੀਮ ਕੋਰਟ ਵਿਚ ਕੇਸ ਦਾਇਰ ਕਰ ਦਿੱਤਾ ਤੇ ਨਾਲ ਹੀ ਮੰਗ ਕੀਤੀ ਕਿ ਹਾਈਕੋਰਟ ਦੇ ਫੈਸਲੇ ’ਤੇ ਤੁਰੰਤ ਰੋਕ ਲਗਾਈ ਜਾਵੇ। ਦੂਸਰੇ ਦਿਨ ਸੁਪਰੀਮ ਕੋਰਟ ਨੇ ਕਿਹਾ, ਹਾਈਕੋਰਟ ਦੇ ਹੁਕਮਾਂ ’ਤੇ ਪੂਰਨ ਰੋਕ ਨਹੀਂ ਲਗਾਈ ਜਾਵੇਗੀ ਪਰ ਫੈਸਲਾ ਆਉਣ ਤੱਕ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੇ ਅਹੁਦੇ ’ਤੇ ਬਣੀ ਰਹੇਗੀ ਤੇ ਸੰਸਦ ਵਿਚ ਕੋਈ ਮਤਦਾਨ ਨਹੀਂ ਕਰ ਸਕਦੀ। ਇੰਦਰਾ ਗਾਂਧੀ ਨੇ ਭਾਵੇਂ ਸੁਪਰੀਮ ਕੋਰਟ ਵਿਚ ਕੇਸ ਦਾਇਰ ਕਰ ਦਿੱਤਾ ਸੀ ਪਰ ਉਸ ਦੇ ਅੰਦਰ ਹਾਈ ਕੋਰਟ ਦੇ ਫੈਸਲੇ ਦਾ ਡਰ ਜਿਉਂ ਦਾ ਤਿਉਂ ਬਣਿਆ ਹੋਇਆ ਸੀ। ਉਸ ਟਾਇਮ ਮਹਿੰਗਾਈ ਵੀ ਪੂਰੇ ਜ਼ੋਰਾਂ ’ਤੇ ਚੱਲ ਰਹੀ ਸੀ। ਉਸ ਨੂੰ ਤੇ ਕਈ ਹੋਰ ਕੰਮਾਂ ਨੂੰ ਨੱਥ ਪਾਉਣ ਲਈ ਜੈ ਪ੍ਰਕਾਸ਼ ਨਰਾਇਣ ਇਕ ਨੇਤਾ ਵਜੋਂ ਉਭਰ ਕੇ ਸਾਹਮਣੇ ਆਇਆ। ਜੈ ਪ੍ਰਕਾਸ਼ ਨਰਾਇਣ ਦਾ ਅੰਦੋਲਨ ਬਿਹਾਰ ਅਤੇ ਗੁਜਰਾਤ ਤੋਂ ਚਲਿਆ ਹੌਲੀ-ਹੌਲੀ ਰਾਸ਼ਟਰ ਪੱਧਰ ਤੱਕ ਪਹੁੰਚ ਗਿਆ।

25 ਜੂਨ, 1975 ਨੂੰ ਦਿੱਲੀ ਰਾਮਲੀਲਾ ਗਰਾਊਂਡ ਵਿਚ ਭਾਰੀ ਚੋਣ ਜਲਸਾ ਹੋਇਆ, ਜਿਸ ਵਿਚ ਦੇਸ਼ ਭਰ ਦੇ ਵਿਰੋਧੀ ਨੇਤਾ ਪਹੁੰਚੇ। ਇੰਦਰਾ ਗਾਂਧੀ ਇਸ ਚੋਣ ਜਲਸੇ ਨੂੰ ਵੇਖ ਕੇ ਬੁਖਲਾ ਉਠੀ।

ਉਸ ਰਾਤ ਹੀ ਇੰਦਰਾ ਗਾਂਧੀ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਸਿਧਾਰਥ ਸ਼ੰਕਰ ਰੇਅ ਅਤੇ ਆਪਣੇ ਛੋਟੇ ਲੜਕੇ ਸੰਜੇ ਗਾਂਧੀ ਦੀ ਸਲਾਹ ਨਾਲ 25-26 ਜੂਨ ਦੀ ਵਿਚਕਾਰਲੀ ਰਾਤ ਨੂੰ ਭਾਰਤ ਦੇ ਰਾਸ਼ਟਰਪਤੀ ਫ਼ਖਰੂਦੀਨ ਅਲੀ ਅਹਿਮਦ ਤੋਂ ਦਸਤਖ਼ਤ ਕਰਵਾ ਕੇ ਦੇਸ਼ ਨੂੰ ਅੰਦਰੂਨੀ ਤਾਕਤਾਂ ਤੋਂ ਖਤਰੇ ਦਾ ਬਹਾਨਾ ਬਣਾ ਕੇ ਐਮਰਜੰਸੀ ਦਾ ਐਲਾਨ ਕਰ ਦਿੱਤਾ।

ਰਾਤ ਨੂੰ ਦਿੱਲੀ ਵਿਚ ਛੱਪਦੇ ਅਖ਼ਬਾਰਾਂ ਦੀ ਬਿਜਲੀ ਬੰਦ ਕਰ ਦਿੱਤੀ। ਲੋਕਤੰਤਰ ਦਾ ਘਾਣ ਕਰਦਿਆਂ ਲੋਕਾਂ ਲਈ 26 ਜੂਨ ਦੀ ਸਵੇਰ ਕਾਲੀ ਰਾਤ ਵਰਗੀ ਚੜ੍ਹੀ। ਲੋਕ ਕਿਸੇ ਜਗ੍ਹਾ ’ਤੇ ਇਕੱਠੇ ਨਹੀਂ ਹੋ ਸਕਦੇ ਸਨ। ਸਰਕਾਰ ਦੇ ਉਲਟ ਕੋਈ ਰੋਸ ਮੁਜ਼ਾਹਰਾ ਜਾਂ ਰੋਸ ਜਲਸਾ ਨਹੀਂ ਕਰ ਸਕਦੇ ਸਨ।

25 ਜੂਨ ਦੀ ਰਾਤ ਆਰ.ਕੇ. ਧਵਨ, ਸੰਜੇ ਗਾਂਧੀ ਤੇ ਅਰੁਣ ਮਹਿਤਾ ਨੇ ਆਰ.ਕੇ. ਧਵਨ ਦੇ ਕਮਰੇ ਵਿਚ ਬੈਠ ਕੇ ਜੇਲ੍ਹਾਂ ਵਿਚ ਸੁਟੇ ਜਾਣ ਵਾਲੇ ਵਿਰੋਧੀ ਧਿਰ ਦੇ ਆਗੂਆਂ ਦੀ ਲਿਸਟ ਬਣਾਈ। ਤੜਕੇ ਨੂੰ ਮੁਲਾਇਮ ਯਾਦਵ, ਅਟਲ ਬਿਹਾਰੀ ਵਾਜਪਈ, ਲਾਲ ਕ੍ਰਿਸ਼ਨ ਅਡਵਾਨੀ, ਲਾਲੂ ਪ੍ਰਸ਼ਾਦ ਯਾਦਵ, ਜੈ ਪ੍ਰਕਾਸ਼ ਨਰਾਇਣ ਆਦਿ ਆਗੂ ਜੇਲਾਂ ਵਿਚ ਡੱਕ ਦਿੱਤੇ ਗਏ ਪਰ ਇੰਦਰਾ ਗਾਂਧੀ ਅਕਾਲੀ ਦਲ ਨਾਲ ਕੋਈ ਜੰਗ ਛੇੜਨਾ ਨਹੀਂ ਚਾਹੁੰਦੀ ਸੀ, ਨਾ ਹੀ ਉਸ ਨੇ ਕੋਈ ਅਕਾਲੀ ਲੀਡਰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਸੁੱਟਿਆ, ਉਸ ਨੇ ਅਕਾਲੀਆਂ ਨੂੰ ਕਹਿ ਦਿੱਤਾ ,ਸੀ ਮੈਂ ਤੁਹਾਡੀਆਂ ਮੰਗਾਂ ਮੰਨਣ ਨੂੰ ਤਿਆਰ ਹਾਂ ਅਤੇ ਸਮਝੌਤਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਗੁਰਚਰਨ ਸਿੰਘ ਟੋਹੜਾ ਅਤੇ ਕੁਝ ਹੋਰ ਲੀਡਰ ਗੱਲਬਾਤ ਕਰਨ ਨੂੰ ਤਿਆਰ ਵੀ ਹੋ ਗਏ ਸਨ ਪਰ ਪ੍ਰਕਾਸ਼ ਸਿੰਘ ਬਾਦਲ ਸਮੇਤ ਕੁਝ ਲੀਡਰ ਇੰਦਰਾਂ ਗਾਂਧੀ ਦੇ ਉਲਟ ਪਾਰਟੀਆਂ ਨਾਲ ਸਾਂਝ ਪਾਉਣਾ ਚਾਹੁੰਦੇ ਸਨ।

26 ਜੂਨ ਨੂੰ ਸਵੇਰ ਵੇਲੇ ਇੰਦਰਾ ਗਾਂਧੀ ਨੇ ਰਾਸ਼ਟਰ ਦੇ ਨਾਮ ਸੰਦੇਸ਼ ਦਿੱਤਾ, “ਤੁਹਾਨੂੰ ਕਿਸੇ ਤਰ੍ਹਾਂ ਵੀ ਡਰਨ ਦੀ ਲੋੜ ਨਹੀਂ, ਦੇਸ਼ ਨੂੰ ਦੇਸ਼ ਦੀਆਂ ਅੰਦਰੂਨੀ ਤਾਕਤਾਂ ਤੋਂ ਖ਼ਤਰਾ ਪੈਦਾ ਹੋ ਗਿਆ ਸੀ, ਇਸ ਕਰਕੇ ਐਮਰਜੰਸੀ ਲਗਾਉਣੀ ਪਈ।”

ਅਖ਼ਬਾਰਾਂ ’ਤੇ ਵੀ ਸਰਕਾਰ ਨੇ ਸੈਂਸਰਸ਼ਿਪ ਲਗਾ ਦਿੱਤੀ, ਕੋਈ ਖ਼ਬਰ ਸਰਕਾਰ ਦੀ ਮਰਜ਼ੀ ਬਿਨਾਂ ਨਹੀਂ ਛਪ ਸਕਦੀ ਸੀ। ਪੀ.ਟੀ.ਆਈ. ਤੇ ਯੂ.ਐੱਨ.ਏ. ਦੋਵੇਂ ਏਜੰਸੀਆਂ ਸਰਕਾਰ ਨੇ ਖ਼ਤਮ ਕਰਕੇ ਨਵੀਂ ਏਜੰਸੀ ਸਮਾਚਾਰ ਨਿਊਜ਼ ਬਣਾ ਦਿੱਤੀ ਸੀ। ਇਸ ਏਜੰਸੀ ਰਾਹੀ ਖ਼ਬਰਾਂ ਛਾਣਪੁਣ ਕਰਕੇ ਬਾਹਰ ਆਉਂਦੀਆਂ ਸਨ। ਬਿਨਾਂ ਕਾਰਨ ਦੱਸੇ ਹੀ ਸਰਕਾਰ ਨੇ ਲੋਕਾਂ ਨੂੰ ਚੁੱਕ-ਚੁੱਕ ਕੇ ਅੰਦਰ ਸੁੱਟ ਦਿੱਤਾ। ਲੋਕਾਂ ’ਤੇ ਇਹ ਸ਼ਿਕੰਜਾ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਕੱਸਿਆ ਗਿਆ ਸੀ।

29-30 ਜੂਨ, 1975 ਨੂੰ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਐਮਰਜੰਸੀ ’ਤੇ ਵਿਚਾਰ ਕਰਨ ਲਈ ਮੀਟਿੰਗ ਸੱਦ ਲਈ। ਅਕਾਲੀਆਂ ਨੇ ਐਮਰਜੰਸੀ ਦਾ ਵਿਰੋਧ ਕਰਦਿਆਂ ਜੈ ਪ੍ਰਕਾਸ਼ ਨਰਾਇਣ ਦੇ ਹਮਾਇਤੀ ਹੋਣ ਦਾ ਮਤਾ ਪਾਸ ਕਰਦਿਆਂ ਕਿਹਾ ਕਿ ਸਰਕਾਰ ਨੇ ਐਮਰਜੰਸੀ ਰਾਜਨੀਤਿਕ ਹਿਤਾਂ ਦਾ ਲਾਹਾ ਲੈਣ ਲਈ ਲਗਾਈ ਹੈ, ਲੋਕਾਂ ਦਾ ਇਕਦਮ ਗਲਾ ਘੁੱਟ ਕੇ ਬੁਨਿਆਦੀ ਹੱਕ ਖੋਹ ਲਏ ਹਨ। ਬਿਨਾਂ ਕਿਸੇ ਗੱਲ ਤੋਂ ਵਿਰੋਧੀ ਪਾਰਟੀਆਂ ਦੇ ਆਗੂ ਜੇਲ੍ਹਾਂ ਵਿਚ ਡੱਕ ਦਿੱਤੇ ਹਨ। ਅਕਾਲੀ ਦਲ ਸਰਕਾਰ ਦੇ ਫੈਸਲੇ ਦੀ ਨਿਖੇਧੀ ਕਰਦਾ ਹੋਇਆ ਮੋਰਚਾ ਲਗਾਉਣ ਦਾ ਐਲਾਨ ਕਰਦਾ ਹੈ। 9 ਜੁਲਾਈ 1975 ਨੂੰ ਮੋਹਣ ਸਿੰਘ ਤੁੜ ਦੀ ਅਗਵਾਈ ਵਿਚ ਮੋਰਚਾ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਪੰਜ ਸੀਨੀਅਰ ਆਗੂਆਂ ਨੇ ਗ੍ਰਿਫ਼ਤਾਰੀ ਦਿੱਤੀ, ਜਿਸ ਵਿਚ ਗੁਰਚਰਨ ਸਿੰਘ ਟੋਹੜਾ, ਜਗਦੇਵ ਸਿੰਘ ਤਲਵੰਡੀ, ਪ੍ਰਕਾਸ਼ ਸਿੰਘ ਬਾਦਲ, ਬਸੰਤ ਸਿੰਘ ਖ਼ਾਲਸਾ ਤੇ ਆਤਮਾ ਸਿੰਘ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਅਰਦਾਸ ਕਰਕੇ ਅਤੇ ਜਲ੍ਹਿਆਂਵਾਲੇ ਬਾਗ਼ ਦੇ ਸ਼ਹੀਦਾਂ ਨੂੰ ਨਮਸਕਾਰ ਕਰਕੇ ਗ੍ਰਿਫ਼ਤਾਰ ਹੋ ਗਏ। 16 ਜੁਲਾਈ ਨੂੰ ਜਸਵਿੰਦਰ ਸਿੰਘ ਬਰਾੜ ਦੀ ਅਗਵਾਈ ਵਿਚ 75 ਸਿੰਘਾਂ ਦੇ ਜੱਥੇ ਨੇ ਗ੍ਰਿਫ਼ਤਾਰੀ ਦਿੱਤੀ, ਇਸ ਤੋਂ ਪਿੱਛੋਂ ਰੋਜ਼ਾਨਾ ਪੰਜ-ਪੰਜ ਸਿੰਘਾਂ ਦੇ ਜੱਥੇ ਗ੍ਰਿਫ਼ਤਾਰੀ ਦਿੰਦੇ ਰਹੇ। ਸਰਕਾਰ ਨੇ ਮੋਰਚਾ ਅਸਫ਼ਲ ਕਰਨ ਖ਼ਾਤਰ ਅਕਾਲੀਆਂ ਨੂੰ ਪਾੜਨ ਲਈ ਬਹੁਤ ਕੋਸ਼ਿਸ਼ਾਂ ਕੀਤੀਆਂ ਪਰ ਅਸਫ਼ਲ ਰਹੇ।

13 ਅਪ੍ਰੈਲ, 1976 ਨੂੰ ਵਿਸਾਖੀ ਵਾਲੇ ਦਿਨ ਮੋਹਣ ਸਿੰਘ ਤੁੜ ਦੇ ਗ੍ਰਿਫ਼ਤਾਰ ਹੋ ਜਾਣ ਤੋਂ ਬਾਅਦ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚੇ ਦੀ ਅਗਵਾਈ ਸੰਭਾਲ ਲਈ। ਮੋਰਚਾ ਸਾਢੇ ਅਠਾਰਾਂ ਮਹੀਨੇ ਚਲਿਆ। ਇਸ ਵਿਚ 43000 ਸਿੱਖਾਂ ਨੇ ਗ੍ਰਿਫ਼ਤਾਰੀ ਦਿੱਤੀ। ਹੋਰ ਕਿਸੇ ਪਾਰਟੀ ਦੇ ਵਰਕਰ ਨੇ ਅਕਾਲੀ ਦਲ ਨਾਲ ਮੋਰਚੇ ’ਚ ਗ੍ਰਿਫ਼ਤਾਰੀ ਨਾ ਦਿੱਤੀ। ਸਭ ਸ਼ਾਂਤ ਰਹੇ। ਹੋਰ ਪਾਰਟੀਆਂ ਵਾਲੇ ਜੇਲ੍ਹਾਂ ਵਿਚ ਬੈਠੇ ਔਖੇ ਹੋ ਗਏ ਸਨ, ਬਾਹਰ ਨਿਕਲਣ ਵਾਲੇ ਸਮੇਂ ਦੀ ਉਡੀਕ ਕਰ ਰਹੇ ਸਨ ਪਰ ਸਿੱਖ ਜੇਲ੍ਹਾਂ ਅੰਦਰ ਨੂੰ ਜਾ ਰਹੇ ਸਨ। ਜੇਲ੍ਹਾਂ ਭਰਨ ਤੋਂ ਬਾਅਦ ਸਰਕਾਰ ਨੇ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਵਿਦੇਸ਼ੀ ਸਰਕਾਰਾਂ ਇੰਦਰਾ ਗਾਂਧੀ ਦੇ ਇਸ ਕਾਲੇ ਕਾਰਨਾਮੇ ਤੋਂ ਨਾਰਾਜ਼ ਹੋਣ ਲੱਗੀਆਂ। ਇੰਦਰਾ ਗਾਂਧੀ ਨੇ ਆਪਣਾ ਵਿਕਾਰ ਘਾਟੇ ਵਾਲੇ ਪਾਸੇ ਨੂੰ ਜਾਂਦਾ ਵੇਖ ਕੇ 18 ਜਨਵਰੀ 1977 ਨੂੰ ਐਮਰਜੰਸੀ ਖ਼ਤਮ ਕਰ ਦਿੱਤੀ।

ਅਕਾਲੀ ਦਲ ਦਾ ਮੋਰਚਾ ਸਾਰੇ ਸਿੰਘ ਰਿਹਾਅ ਹੋਣ ਤੱਕ ਚੱਲਿਆ। ਇਸ ਕਰਕੇ ਇਹ ਮੋਰਚਾ 23 ਜਨਵਰੀ, 1977 ਨੂੰ ਸਮਾਪਤ ਹੋਇਆ।

ਇੰਦਰਾ ਗਾਂਧੀ ਅਕਾਲੀਆਂ ਨਾਲ ਪੰਗਾ ਲੈਣਾ ਨਹੀਂ ਚਾਹੁੰਦੀ ਸੀ, ਉਹ ਜਿਸ ਗੱਲ ਤੋਂ ਡਰਦੀ ਸੀ, ਉਹ ਹੀ ਹੋ ਗਈ। ਅਕਾਲੀਆਂ ਨੇ ਮੋਰਚਾ ਸ਼ੁਰੂ ਕਰਕੇ ਇੰਦਰਾ ਗਾਂਧੀ ਦੇ ਉਲਟ ਲਹਿਰ ਬਣਾ ਦਿੱਤੀ। ਇੰਦਰਾ ਗਾਂਧੀ ਨੂੰ ਡੇਢ ਸਾਲ ਬਾਅਦ ਲਗਾਈ ਐਮਰਜੰਸੀ ਵਾਪਸ ਲੈਣੀ ਪਈ। ਐਮਰਜੰਸੀ ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਇੰਦਰਾ ਗਾਂਧੀ ਆਪਣੀ ਕਾਂਗਰਸ ਪਾਰਟੀ ਸਮੇਤ ਬੁਰੀ ਤਰ੍ਹਾਂ ਹਾਰ ਗਈ। ਆਪਣੀ ਹਾਰ ਨੂੰ ਅਕਾਲੀਆਂ ਸਿਰ ਦੋਸ਼ ਮੜ੍ਹਦੀ ਹੋਈ ਅਕਾਲੀਆਂ ਨਾਲ ਈਰਖਾ ਰੱਖਣ ਲੱਗ ਪਈ।

---

# ਇਤਿਹਾਸਕ ਗੁਰਦੁਆਰਾ ਸ੍ਰੀ ਅਟਾਰੀ ਸਾਹਿਬ, ਘੁੰਗਰਾਲੀ ਸਿੱਖਾਂ (ਸਮਰਾਲਾ)

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)






ਗੁਰਦੁਆਰਾ ਸ੍ਰੀ ਅਟਾਰੀ ਸਾਹਿਬ, ਘੁੰਗਰਾਲੀ ਸਿੱਖਾਂ, ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਯਾਦ ਵਿਚ ਸੁਭਾਇਮਾਨ ਹੈ। ਇਸ ਪਾਵਨ-ਪਵਿੱਤਰ ਅਸਥਾਨ ਨੂੰ ਸਰਬੰਸਦਾਨੀ ਪਾਤਸ਼ਾਹੀ ਦਸਵੀਂ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਹੈ। ਪੁੱਤਰਾਂ ਦੇ ਦਾਨੀ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਮਾਛੀਵਾੜਾ ਤੋਂ ਪੋਹ ਦੇ ਮਹੀਨੇ 13 ਪੋਹ ਸੰਮਤ 1704 ਈਸਵੀਂ ਨੂੰ ਗਨੀ ਖਾਂ ਅਤੇ ਨਬੀ ਖਾਂ ਦੋਨੋਂ ਭਰਾ ਗੁਰੂ ਜੀ ਨੂੰ ਉੱਚ ਦੇ ਪੀਰ ਦੇ ਰੂਪ ਵਿਚ ਇਸ ਪਾਵਨ-ਪਵਿੱਤਰ ਅਸਥਾਨ ’ਤੇ ਲੈ ਕੇ ਆਏ ਸਨ। ਗੁਰੂ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਇਸੇ ਪਿੰਡ ਘੁੰਗਰਾਲੀ ਸਿੱਖਾਂ ਦੇ ਰਹਿਣ ਵਾਲੇ ਗੁਰੂ ਜੀ ਦੇ ਅਨਿਨ ਪਿਆਰੇ ਸਿੱਖ ਸ਼ਰਧਾਲੂ ਭਾਈ ਨੱਥੂ ਮਿਸਤਰੀ ਨੂੰ ਬੁਲਾਵਾ ਭੇਜਿਆ, ਜਿਹੜੇ ਸਰਹਿੰਦ ਕਾਰਖਾਨੇ ਵਿਚ ਕੰਮ ਕਰਿਆ ਕਰਦੇ ਸੀ। ਗੁਰੂ ਸਾਹਿਬ ਜੀ ਭਾਈ ਨੱਥੂ ਜੀ ਨੂੰ ਪਹਿਲਾਂ ਵੀ ਜਾਣਦੇ ਸਨ। ਕਿਉਂਕਿ ਭਾਈ ਨੱਥੂ ਜੀ ਗੁਰੂ ਸਾਹਿਬ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਜਾ ਕੇ ਆਪਣੇ ਹੱਥੀਂ ਬਣਾਏ ਹੋਏ ਸ਼ਸਤਰ ਭੇਂਟ ਕਰਿਆ ਕਰਦੇ ਸਨ। ਭਾਈ ਨੱਥੂ ਜੀ ਗੁਰੂ ਜੀ ਪਾਸ ਆਏ ਤੇ ਭਾਈ ਨੱਥੂ ਜੀ ਨੇ ਗੁਰੂ ਸਾਹਿਬ ਜੀ ਦੇ ਦਰਸ਼ਨ ਦੀਦਾਰ ਕੀਤੇ ਅਤੇ ਉਨ੍ਹਾਂ ਦੀ ਚੰਗੀ ਟਹਿਲ ਸੇਵਾ ਕੀਤੀ। ਇਕ ਰਾਤ ਬਿਤਾਉਣ ਤੋਂ ਬਾਅਦ ਅਗਲੇ ਦਿਨ ਜਦੋਂ ਗੁਰੂ ਸਾਹਿਬ ਜੀ ਇਥੋਂ ਪਿੰਡ ਲੱਲ ਕਲਾਂ ਨੂੰ ਰਵਾਨਾ ਹੋਣ ਲੱਗੇ, ਤਾਂ ਭਾਈ ਨੱਥੂ ਜੀ ਨੇ ਗੁਰੂ ਜੀ ਨੂੰ ਇੱਕ ਸੁੰਦਰ ਤੀਰ ਕਮਾਨ, 22 ਤੀਰ, 2 ਤਲਵਾਰਾਂ, 2 ਤਮੰਚੇ (ਪਿਸਤੌਲ) ਭੇਂਟ ਕੀਤੇ। ਗੁਰੂ ਜੀ ਨੇ ਆਪਣੇ ਸੇਵਕ ਦੇ ਭੇਂਟ ਕੀਤੇ ਸ਼ਸਤਰ ਸਵੀਕਾਰ ਕਰਦਿਆਂ ਆਪਣੇ ਕੋਲੋਂ ਭਾਈ ਨੱਥੂ ਜੀ ਨੂੰ ਸੋਨੇ ਦੀ ਮੋਹਰਾਂ ਦੀਆਂ ਮੁੱਠ ਦੇ ਕੇ ਅਸੀਸਾਂ ਦੇ ਕੇ ਨਿਹਾਲ ਕੀਤਾ। ਬਾਅਦ ਵਿਚ ਭਾਈ ਨੱਥੂ ਜੀ, ਭਾਈ ਨੰਨੂ ਸਿੰਘ ਜੀ ਦੇ ਨਾਮ ਨਾਲ ਪ੍ਰਸਿੱਧ ਹੋਏ। ਜਿਸ ਅਸਥਾਨ ’ਤੇ ਗੁਰੂ ਜੀ ਬਿਰਾਜਮਾਨ ਹੋਏ ਸਨ, ਉਸੀ ਜਗ੍ਹਾ ਗੁਰੂ ਜੀ ਆਮਦ ਦੀ ਯਾਦ ਵਿਚ ਪ੍ਰੇਮੀ ਗੁਰਸਿੱਖਾਂ ਨੇ ਯਾਦਗਾਰੀ ਗੁਰਦੁਆਰੇ ਦਾ ਨਿਰਮਾਣ ਕਾਰਜ ਕਰਵਾਇਆ। ਗੁਰਦੁਆਰਾ ਅਟਾਰੀ ਸਾਹਿਬ, ਪਿੰਡ ਘੁਗਰਾਲੀ ਸਿੱਖਾਂ ਨੇੜੇ ਸਮਰਾਲਾ ਵਿਖੇ ਸਥਿਤ ਹੈ। ਲੁਧਿਆਣਾ ਬੱਸ ਸਟੈਂਡ ਤੋਂ ਇਸਦੀ ਦੂਰੀ ਤਕਰੀਬਨ 48 ਕਿਲੋਮੀਟਰ ਹੈ। ਇਸ ਅਸਥਾਨ ’ਤੇ ਗੁਰੂ ਸਾਹਿਬ ਜੀ ਦੀ ਆਮਦ ਵਿਚ ਹਰ ਸਾਲ 7, 8, 9 ਮੱਘਰ ਨੂੰ ਭਾਰੀ ਸਾਲਾਨਾ ਜੋੜ ਮੇਲਾ ਮਨਾਇਆ ਜਾਂਦਾ ਹੈ। ਸੰਗਤਾਂ ਦੂਰੋਂ-ਦੂਰੋਂ ਆਉਂਦੀਆਂ ਹਨ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਾਰ ਸੇਵਾ ਵਾਲੇ ਬਾਬੇ ਕਰਦੇ ਹਨ। ਯਾਤਰੂਆਂ ਦੀ ਟਹਿਲ-ਸੇਵਾ ਵਾਸਤੇ ਲੰਗਰ-ਪ੍ਰਸ਼ਾਦਿ ਦਾ ਪ੍ਰਬੰਧ ਵੀ ਵਧੀਆ ਹੈ।

## 'ਜੋ ਦਿਖਾ, ਸੋ ਲਿਖਾ'

# ਬਾਦਲ ਪਰਿਵਾਰ ਦਾ ਸ਼੍ਰੋਮਣੀ ਕਮੇਟੀ ਰਾਹੀਂ ਆਤਮਘਾਤੀ ਫੈਸਲਾ

## ਅਕਾਲ ਤੱਖਤ ਦੇ ਜਥੇਦਾਰ ਦੀ ਸਰਵਉੱਚ ਪੱਦਵੀ ਦਾ ਨਿਰਾਦਰ

**ਦਰਸ਼ਨ ਸਿੰਘ ਸ਼ੰਕਰ**
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)







ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਾਹਲੀ 'ਚ ਸੱਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵਿਦੇਸ਼ ਦੌਰੇ ਦੌਰਾਨ ਹੀ ਕਾਰਜਕਾਰੀ ਜਥੇਦਾਰ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ। ਸਿੱਖ ਕੌਮ ਦੀ ਸਰਵਉੱਚ ਪਦਵੀ 'ਤੇ ਬਿਰਾਜ਼ਮਾਨ ਅਤਿ ਸਨਮਾਨਿਤ ਸ਼ਖਸੀਅਤ ਦੇ ਅਪਮਾਨ ਨਾਲ ਵਿਸ਼ਵ ਦੇ ਸਮੂਹ ਸਿੱਖ ਭਾਈਚਾਰੇ ਨੂੰ ਗਹਿਰੀ ਠੇਸ ਪੁੱਜੀ ਹੈ। ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਰੁਤਬਾ ਸਿਰਮੌਰ ਮੰਨਿਆਂ ਜਾਂਦੈ ਅਤੇ ਉਨ੍ਹਾਂ ਵਲੋਂ ਜਾਰੀ ਹਰ ਹੁਕਮ ਸਮੂਹ ਸਿੱਖਾਂ ਵਲੋਂ ਇਲਾਹੀ ਸਮਝਿਆ ਜਾਂਦੈ। ਉਨ੍ਹਾਂ ਨੂੰ ਧਾਰਮਿਕ ਅਵੱਗਿਆ ਦੇ ਦੋਸ਼ੀ ਸਿੱਖਾਂ ਨੂੰ ਤਲਬ ਕਰਕੇ ਸਜ਼ਾ ਲਗਾਉਣ ਦਾ ਵੀ ਅਧਿਕਾਰ ਹੈ। ਸਿੱਖ ਜਗਤ ਵਿਚ ਅਕਾਲ ਤਖਤ ਦੀ ਸਰਵੋਤਮ ਪਦਵੀ 'ਤੇ ਬਿਰਜਮਾਨ ਅਤਿ ਸਨਮਾਨਿਤ ਸ਼ਖਸੀਅਤ ਸਬੰਧੀ ਹਰ ਫੈਸਲੇ ਨੂੰ ਸਿੱਖ ਭਾਈਚਾਰੇ ਵਲੋਂ ਬਹੁਤ ਗੰਭੀਰਤਾ ਨਾਲ ਦੇਖਿਆ ਜਾਂਦੈ ਅਤੇ ਵਿਸ਼ਵ ਦੀ ਸਮੁੱਚੀ ਸਿੱਖ ਸੰਗਤ ਅਤੇ ਜਥੇਬੰਦੀਆਂ ਵਲੋਂ ਸੇਧ ਲਈ ਜਾਂਦੀ ਹੈ। ਮੌਜੂਦਾ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਕਾਬਜ਼ ਹੈ ਅਤੇ ਇਸ ਦੇ ਅਹਿਮ ਫੈਸਲੇ ਅਕਾਲੀ ਦਲ ਦੇ ਪ੍ਰਧਾਨ ਦੀ ਮਰਜ਼ੀ ਜਾਂ ਹਿੱਤ ਅਨੁਸਾਰ ਹੀ ਹੁੰਦੈ ਨੇ। ਧਾਰਮਿਕ ਮਾਮਲਿਆਂ ਨਾਲ ਸਬੰਧਿਤ ਸੰਵੇਦਨਸ਼ੀਲ ਮੁੱਦਿਆਂ 'ਤੇ ਤਖਤਾਂ ਦੇ ਜਥੇਦਾਰਾਂ ਰਾਹੀਂ ਕਰਵਾਏ ਗਏ ਬਹੁਤ ਸਾਰੇ ਗਲਤ ਫੈਸਲਿਆਂ ਦਾ ਖਾਮਿਆਜ਼ਾ ਵੀ ਕਾਬਜ਼ ਪਾਰਟੀ ਨੂੰ ਹੀ ਭੁਗਤਣਾ ਪੈਂਦਾ। ਮਜ਼ਬੂਤ ਪੰਥਕ ਆਧਾਰ ਵਾਲਾ ਅਕਾਲੀ ਦਲ ਪਿਛਲੇ ਤਿੰਨ ਦਹਾਕਿਆਂ ਦੌਰਾਨ ਇਸ ਦੀ ਸਜ਼ਾ ਵੀ ਭੁਗਤ ਚੁੱਕੈ ਅਤੇ ਸਿੱਖਾਂ ਦੀ ਬਹੁਗਿਣਤੀ ਵਾਲੇ ਪੰਜਾਬ 'ਚ 3 ਸੀਟਾਂ ਤੱਕ ਸਿਮਟ ਗਿਐ। ਅਜੇ ਵੀ ਸ਼੍ਰੋਮਣੀ ਕਮੇਟੀ ਤੋਂ ਬਾਦਲ ਪਰਿਵਾਰ ਆਪਣਾਂ ਗਲਬਾ ਰੱਤੀ ਭਰ ਵੀ ਢਿੱਲਾ ਕਰਨ ਨੂੰ ਤਿਆਰ ਨਹੀਂ।

### ਸਮੁੱਚਾ ਫੈਸਲਾ ਹੈ ਕੀ ?

16 ਜੂਨ ਨੂੰ ਸ਼੍ਰੋਮਣੀ ਕਮੇਟੀ ਦੀ ਅੰਤਰਿਗ ਕਮੇਟੀ ਦੀ ਐਮਰਜੈਂਸੀ ਮੀਟਿੰਗ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਉਪਰੰਤ ਸ. ਧਾਮੀ ਵਲੋਂ ਦੱਸਿਆ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਾਰਜਕਾਰੀ ਜਥੇਦਾਰ ਦਾ ਅਹੁੱਦਾ ਛੱਡਣ ਦੀ ਇੱਛਾ ਜਤਾਈ ਸੀ ਅਤੇ ਸੰਗਤਾਂ ਵਲੋਂ ਵੀ ਸਥਾਈ ਜਥੇਦਾਰ ਦੀ ਮੰਗ 'ਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਨਵਾਂ ਜਥੇਦਾਰ ਬਣਾਇਆ ਗਿਆ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਸ੍ਰੀ ਹਰਮਿੰਦਰ ਸਾਹਿਬ ਵਿਚ ਕਾਰਜਕਾਰੀ ਮੁੱਖ ਗ੍ਰੰਥੀ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਗਿਆਨੀ ਹਰਪ੍ਰੀਤ ਸਿੰਘ ਪਹਿਲਾਂ ਦੀ ਤਰ੍ਹਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾਵਾਂ ਨਿਭਾਉਣਗੇ। ਸ. ਧਾਮੀ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਲਈ 'ਅਹੁਦੇ ਤੋਂ ਲਾਹੇ ਗਏ' ਸ਼ਬਦਾਂ ਦੀ ਵਰਤੋਂ ਨਾ ਕੀਤੀ ਜਾਵੇ। ਅਜੇ ਤੱਕ ਗਿਆਨੀ ਹਰਪ੍ਰੀਤ ਸਿੰਘ ਦੀ ਇਸ ਬਾਰੇ ਪ੍ਰਤੀਕ੍ਰਿਆ ਸਾਹਮਣੇ ਨਹੀਂ ਆਈ। ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸੁਲਤਾਨ ਸਿੰਘ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ਦਾ ਨਵਾਂ ਜਥੇਦਾਰ ਥਾਪਿਆ ਗਿਐ।

### ਫੈਸਲੇ 'ਤੇ ਉਠਿਆ ਵਬਾਲ

ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪਮਾਨਜਨਕ ਢੰਗ ਨਾਲ ਸਰਵਉੱਚ ਅਹੁਦੇ ਤੋਂ ਲਾਹੁਣ ਦੇ ਫੈਸਲੇ 'ਤੇ ਸਮੁੱਚੇ ਸਿੱਖ ਜਗਤ ਵਿਚ ਵੱਡਾ ਵਬਾਲ ਖੜ੍ਹਾ ਹੋ ਚੁੱਕੈ। ਮੀਟਿੰਗ ਦੇ ਸਮੇਂ ਉਪਰ ਵੀ ਸਵਾਲ ਉੱਠੇ ਨੇ। ਫੈਸਲਾ ਸੁਖਬੀਰ ਬਾਦਲ ਅਤੇ ਸਿੰਘ ਸਾਹਿਬ ਦੇ ਵਿਦੇਸ਼ ਦੌਰਿਆਂ ਸਮੇਂ ਸੋਚੀ ਸਮਝੀ ਨੀਤੀ ਤਹਿਤ ਲਿਆ ਮੰਨਿਆ ਜਾ ਰਿਹੈ। ਤਾਂ ਕਿ ਫੈਸਲੇ ਵਿਚ ਪਾਰਟੀ ਪ੍ਰਧਾਨ ਦੀ ਮਰਜ਼ੀ ਨਾ ਹੋਣ ਦਾ ਪ੍ਰਭਾਵ ਜਾਏ। ਪਰ ਚਰਚਾ ਹੈ ਕਿ ਬਾਦਲ ਪਰਿਵਾਰ ਦੇ ਹਿੱਤਾਂ ਦੀ ਪੂਰਤੀ ਲਈ ਹੀ ਫੈਸਲਾ ਹੋਇਐ। ਸਿੰਘ ਸਾਹਿਬ ਦੀ ਅਗਵਾਈ ਦੀ ਸ਼ਲਾਘਾ ਵੀ ਕੀਤੀ ਗਈ।

ਫਿਰ ਵੀ ਉਨ੍ਹਾਂ ਦਾ ਘੋਰ ਨਿਰਾਦਰ ਕਰਕੇ ਸਰਵੋਤਮ ਅਹੁਦੇ ਤੋਂ ਅਚਾਨਕ ਲਾਂਭੇ ਕਰਨ ਦੇ ਫੈਸਲੇ ਨਾਲ ਸਿੱਖ ਸੰਗਤ ਵਿਚ ਭਾਰੀ ਰੋਸ ਪਾਇਆ ਜਾ ਰਿਹੈ। ਇਹ ਵੀ ਚਰਚਾ ਹੈ ਕਿ ਬਲਵੰਤ ਸਿੰਘ ਰਾਜੋਆਣਾ ਦੇ ਨਾਮ 'ਤੇ ਵੀ ਵਿਚਾਰ ਹੋਇਆ। ਫਿਰ ਕਾਹਲੀ ਵਿਚ ਗਿਆਨੀ ਰਘਵੀਰ ਸਿੰਘ 'ਤੇ ਫੈਸਲਾ ਹੋਇਆ, ਜੋ ਸ੍ਰੀ ਹਰਮੰਦਿਰ ਸਾਹਿਬ ਦੇ ਮੁੱਖ ਗ੍ਰੰਥੀ ਬਣਨ ਦੇ ਹੀ ਇੱਛੁਕ ਸਨ। ਇਕ ਪਾਸੇ ਤਾਂ ਪੱਕਾ ਜਥੇਦਾਰ ਲਗਾਇਆ ਗਿਐ, ਨਾਲ ਹੀ ਦਰਬਾਰ ਸਾਹਿਬ ਦਾ ਕਾਰਜਕਾਰੀ ਮੁੱਖ ਗ੍ਰੰਥੀ ਨਿਯੁਕਤ ਕੀਤਾ ਜਾਂਦੈ। ਤਰਕ ਹੈ ਕਿ ਕਮੇਟੀ ਪਾਸ ਗ੍ਰੰਥੀਆਂ ਦੀ ਘਾਟ ਹੈ। ਸ਼੍ਰੋਮਣੀ ਕਮੇਟੀ 'ਤੇ ਸਾਰੇ ਗੁਰਦੁਆਰਿਆਂ ਲਈ ਨਿਪੁੰਨ ਗ੍ਰੰਥੀ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਹੈ, ਅਜਿਹੇ ਵਿਚ ਸ੍ਰੀ ਹਰਿਮੰਦਰ ਸਾਹਿਬ ਲਈ ਗ੍ਰੰਥੀਆਂ ਦੀ ਘਾਟ ਤਾਂ ਗੰਭੀਰ ਸਵਾਲ ਖੜ੍ਹੇ ਕਰਦੀ ਹੈ। ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਵੀਰ ਸਿੰਘ ਵੀ ਸ਼ਾਨਦਾਰ ਧਾਰਮਿਕ ਸੇਵਾ ਵਾਲੀ ਸ਼ਖਸੀਅਤ ਨੇ। ਉਨ੍ਹਾਂ ਨੇ ਤਖਤ ਸ੍ਰੀ ਕੇਸਗੜ੍ਹ ਦੇ ਕਾਰਜਕਾਰੀ ਜਥੇਦਾਰ ਥਾਪੇ ਜਾਣ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਿਆਂ ਵਿਚ ਅਤੇ ਉਸ ਤੋਂ ਬਾਅਦ ਦਰਬਾਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾਈ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਲੋਂ ਜਥੇਦਾਰ ਹਰਪ੍ਰੀਤ ਸਿੰਘ ਨੂੰ ਪੰਥ ਦੀ ਸੂਝਵਾਨ ਅਤੇ ਵਿਦਵਾਨ ਧਾਰਮਿਕ ਸ਼ਖਸੀਅਤ ਦੱਸਦਿਆਂ ਕਿਹਾ ਕਿ ਉਨ੍ਹਾਂ 'ਤੇ ਕਦੇ ਵੀ ਧਾਰਮਿਕ ਅਵੱਗਿਆ ਦਾ ਦੋਸ਼ ਨਹੀਂ ਲੱਗਾ ਅਤੇ ਉਹ ਸਮੂਹ ਸਿੱਖ ਸੰਸਥਾਵਾਂ ਨੂੰ ਜੋੜ ਕੇ ਪੰਥ ਨੂੰ ਮੁੜ ਤੋਂ ਉਭਾਰਨ ਲਈ ਯਤਨਸ਼ੀਲ ਸਨ। ਉਨ੍ਹਾਂ ਨੂੰ ਇਕ ਪਰਿਵਾਰ ਦੇ ਇਸ਼ਾਰੇ 'ਤੇ ਸਰਵਉੱਚ ਅਹੁਦੇ ਤੋਂ ਅਪਮਾਣਿਤ ਕਰਕੇ ਲਾਂਭੇ ਕਰਨਾਂ ਹਰਗਿਜ਼ ਸਹੀ ਨਹੀਂ। ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਦਾਦੂਵਾਲ ਦਾ ਮੰਨਣੈ ਕਿ ਜਥੇਦਾਰ ਨੂੰ ਬਾਦਲ ਪਰਿਵਾਰ ਦੀ ਇੱਛਾ ਅਨੁਸਾਰ ਨਾ ਚੱਲਣ ਕਰਕੇ ਬੇਇੱਜ਼ਤ ਕੀਤਾ ਗਿਐ। ਅਕਾਲ ਤੱਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਦਾ ਕਹਿਣੈ ਕਿ ਬਾਦਲ ਪਰਿਵਾਰ ਵਲੋਂ ਮਿਆਦ ਪੁੱਗਾ ਚੁੱਕੀ ਸ਼੍ਰੋਮਣੀ ਕਮੇਟੀ ਕੌਮ ਦੇ ਸਰਵਉੱਚ ਅਹੁਦੇ ਦੇ ਮਾਣ-ਸਨਮਾਨ ਦਾ ਘਾਣ ਕੀਤਾ ਗਿਐ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਸਿੱਖ ਸੰਸਥਾਵਾਂ 'ਤੇ ਗਲਬਾ ਛੱਡਣ ਲਈ ਤਿਆਰ ਨਹੀਂ। ਬਾਦਲਾਂ ਵਲੋਂ ਬੇਅਦਬੀ ਮਾਮਲੇ ਦੇ ਦੋਸ਼ੀ ਰਾਮ ਰਹੀਮ ਨੂੰ ਸਿੰਘ ਸਾਹਿਬਾਨਾਂ 'ਤੇ ਦਬਾਅ ਪਾ ਕੇ ਮੁਆਫੀਨਾਮੇ 'ਤੇ ਦਸਤਖਤ ਕਰਵਾਉਣ ਤੇ ਜਥੇਦਾਰਾਂ ਦੇ ਸਰਵਉੱਚ ਰੁਤਬੇ ਦੇ ਅਪਮਾਨ ਦਾ ਸੰਗਤਾਂ ਵਿਚ ਅਜੇ ਵੀ ਭਾਰੀ ਗੁੱਸਾ ਹੈ। ਪਹਿਲਾਂ ਵੀ ਅਕਾਲ ਤਖਤ ਦੇ ਕਈ ਜਥੇਦਾਰਾਂ ਨੂੰ ਉਤਾਰ ਕੇ ਵਿਸ਼ਵਾਸ ਪਾਤਰਾਂ ਦੀਆਂ ਨਿਯੁਕਤੀਆਂ ਕੀਤੀਆਂ ਅਤੇ ਰਾਜਸੀ ਹਿੱਤਾਂ ਅਨੁਸਾਰ ਫੈਸਲੇ ਕਰਾਏ ਜਾਂਦੇ ਰਹੇ।

### ਜਥੇਦਾਰ ਸਨ ਨਿਸ਼ਾਨੇ 'ਤੇ

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਲੰਮੇ ਸਮੇਂ ਤੋਂ ਅਕਾਲ ਤੱਖਤ ਦੇ ਕਾਰਜਕਾਰੀ ਜਥੇਦਾਰ ਸਨ। ਅਕਾਲੀ ਦਲ ਨਾਲੋਂ ਟੁੱਟ ਚੁੱਕੇ ਪੰਥਕ, ਕਿਸਾਨੀ ਅਤੇ ਮਜ਼ਦੂਰ ਆਧਾਰ ਨੂੰ ਮੁੜ ਤੋਂ ਜੋੜਨ ਲਈ ਉਹ ਅਕਾਲੀ ਲੀਡਰਸ਼ਿਪ ਨੂੰ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਯਤਨ ਕਰਨ ਦੀ ਰਾਏ ਦਿੰਦੇ ਰਹੇ ਨੇ। ਉਨ੍ਹਾਂ ਦੀ ਰਾਘਵ ਚੱਢਾ ਦੀ ਮੰਗਣੀ ਦੇ ਸਮਾਗਮ ਵਿਚ ਜਾਣ 'ਤੇ ਅਕਾਲੀ ਲੀਡਰਾਂ ਵਲੋਂ ਤਿੱਖੀ ਨੁਕਤਾਚੀਨੀ ਹੋਈ। ਚਰਚਾ ਹੈ ਕਿ ਕੁੱਝ ਸੀਨੀਅਰ ਅਕਾਲੀ ਆਗੂਆਂ ਵਲੋਂ ਜਥੇਦਾਰ ਸਾਹਿਬ ਨੂੰ ਮਿਲ ਕੇ ਸੁਖਬੀਰ ਬਾਦਲ ਨੂੰ ਅਣਜਾਣੇ 'ਚ ਹੋਈਆਂ ਭੁੱਲਾਂ ਲਈ ਮੁਆਫੀ ਦੇਣ ਦਾ ਦਬਾਅ ਪਾਇਆ ਗਿਆ। ਪਰ ਜਥੇਦਾਰ ਨੇ ਖਾਸ ਭੁੱਲ ਦੇ ਜ਼ਿਕਰ ਤੋਂ ਬਗੈਰ ਮੁਆਫੀ ਨੂੰ ਹਾਮੀ ਨਹੀਂ ਭਰੀ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੀ ਥਾਂ ਪੱਕਾ ਜਥੇਦਾਰ ਨਿਯੁਕਤ ਕਰਨ ਦੇ ਇਸ਼ਾਰੇ ਵੀ ਆਏ। ਆਪਣੀ ਛੁੱਟੀ ਨੂੰ ਭਾਂਪਦੇ ਜਥੇਦਾਰ ਸਾਹਿਬ ਦਾ ਰੁੱਖ ਹੋਰ ਸਖਤ ਨਜ਼ਰ ਆਇਆ। ਸਾਕਾ ਨੀਲਾ ਤਾਰਾ ਦੀ ਬਰਸੀ ਸਮਾਗਮ ਸਮੇਂ ਉਨ੍ਹਾਂ ਕੇਂਦਰ ਸਰਕਾਰ 'ਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੇ ਦੋਸ਼ ਲਗਾਏ ਅਤੇ ਕੇਂਦਰ ਅੱਗੇ ਗਿੜਗੜਾਉਣ ਦੀ ਬਜਾਏ ਕੌਮ ਦੀ ਸ਼ਕਤੀ ਇੱਕਜੁੱਟ ਕਰਨ ਲਈ ਆਖਿਆ। ਪੰਥਕ ਫੁੱਟ ਲਈ ਉਨ੍ਹਾਂ ਦਾ ਸਿੱਧਾ ਇਸ਼ਾਰਾ ਅਕਾਲੀ ਦਲ ਦੀ ਲੀਡਰਸ਼ਿੱਪ ਵੱਲ ਸੀ। ਪਹਿਲਾਂ ਵੀ ਜਥੇਦਾਰਾਂ 'ਤੇ ਦਬਾਅ ਪਾ ਕੇ ਬੇਅਦਬੀ ਮਾਮਲੇ ਦੇ ਦੋਸ਼ੀ ਰਾਮ ਰਹੀਮ ਨੂੰ ਮੁਆਫੀ ਦਿਵਾਉਣ ਅਤੇ ਫਿਰ ਸਹੀ ਸਾਬਿਤ ਕਰਨ ਲਈ ਸ਼੍ਰੋਮਣੀ ਕਮੇਟੀ ਤੋਂ 95 ਲੱਖ ਦੇ ਇਸ਼ਤਿਹਾਰ ਜਾਰੀ ਕਰਾਉਣ ਨਾਲ ਅਕਾਲੀ ਦਲ ਸਿੱਖ ਸੰਗਤਾਂ ਦਾ ਗੁੱਸਾ ਭੁਗਤ ਚੁੱਕੈ। ਸਿੱਖਾਂ ਦੀ ਸਿਰਮੌਰ ਸੰਸਥਾ ਅਕਾਲ ਤਖ਼ਤ 'ਤੇ ਬਿਰਾਜ਼ਮਾਨ ਅਤਿ ਸਨਮਾਨਿਤ ਸ਼ਖਸੀਅਤ ਦੀ ਅਪਮਾਨਜਨਕ ਬਰਸਾਖਤਗੀ ਨਾਲ ਸਮੁੱਚੇ ਭਾਈਚਾਰੇ ਦੇ ਹਿਰਦਿਆਂ ਨੂੰ ਗਹਿਰੀ ਠੇਸ ਪੁੱਜੀ ਹੈ। ਇਸ ਨੂੰ ਵੀ ਬਾਦਲ ਪਰਿਵਾਰ ਦੇ ਹੰਕਾਰੀ ਵਤੀਰੇ ਦਾ ਪ੍ਰਗਟਾਵਾ ਹੀ ਸਮਝਿਆ ਜਾ ਰਿਹੈ। ਇਸ ਸਮੇਂ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਸਮੁੱਚੇ ਪ੍ਰਸਾਰ ਦੇ ਅਧਿਕਾਰ ਬਾਦਲ ਪਰਿਵਾਰ ਦੀ ਮਾਲਕੀ ਵਾਲੇ ਪੀ.ਟੀ.ਸੀ. ਚੈਨਲ ਪਾਸ ਹੋਣ ਦਾ ਮੁੱਦਾ ਵੀ ਚਰਚਾ ਵਿਚ ਹੈ ਅਤੇ ਸਰਕਾਰ ਗੁਰਬਾਣੀ ਦਾ ਪਸਾਰ ਸਮੂਹ ਮੀਡੀਏ ਰਾਹੀਂ ਮੁਫਤ ਪ੍ਰਸਾਰਨ ਲਈ ਕਾਨੂੰਨ ਵਿਚ ਸੋਧ ਕਰਨ ਜਾ ਰਹੀ ਹੈ। ਕੁੱਲ ਮਿਲਾ ਕੇ ਦੇਖਿਆ ਜਾਏ ਤਾਂ ਬਾਦਲ ਪਰਿਵਾਰ ਨੂੰ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਸਿੱਖ ਸੰਗਤ ਦੀ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਜ਼ਿੰਮੇਵਾਰ ਮੰਨਿਆ ਜਾ ਰਿਹੈ।



ਬਰਤਾਨਵੀ ਸਕੂਲਾਂ ਵਿਚ ਸਿੱਖ ਬੱਚਿਆਂ ਦੀ ਬੁਲਿੰਗ



ਸੱਚ ਦਾ ਸੰਗ ਸਾਥ ਤੇ, ਮੰਜ਼ਿਲ ਦੀ ਜੇਕਰ ਸੇਧ ਹੈ,
ਭਉਂਕਦੇ ਬੁਲੀਆਂ ਦੇ ਕਰਕੇ, ਕਾਫਲੇ ਨਾ ਅਟਕਣਾ।


# ਬਰਤਾਨਵੀ ਸਕੂਲਾਂ ਵਿਚ ਸਿੱਖ ਬੱਚਿਆਂ ਨਾਲ ਧੱਕੇਸ਼ਾਹੀ ਦੇ ਮਾਮਲੇ

# ਡਾਂਸ ਡਰਿੰਕ ਦੇ ਮਾਮਲੇ 'ਤੇ ਟੋਰੀਆਂ ਦੀਆਂ ਪੇਸ਼ੀਆਂ ਤੇ ਪੇਸ਼ੀਆਂ

# ਕਾਂਗਰਸ ਦੇ ਹੱਡੀਂ ਬਹਿ ਰਿਹਾ ਹੈ ਪੀ.ਐੱਮ ਮੋਦੀ

ਕੁਲਵੰਤ ਸਿੰਘ ਢੇਸੀ

(Punjab Mail USA)



ਸਾਊਦਾਮ ਦੇ ਸਕੂਲ ਵਿਚ ਇੱਕ ਸਿੱਖ ਲੜਕੇ ਨਾਲ ਗੋਰੇ ਮੁੰਡਿਆਂ ਵਲੋਂ ਕੀਤੀ ਗਈ ਬੁਲਿੰਗ ਦੇ ਮਾਮਲੇ ਨੂੰ ਲੈ ਕੇ ਐਤਵਾਰ 18 ਜੂਨ ਨੂੰ ਸਿੰਘ ਸਭਾ ਗੁਰਦੁਆਰਾ ਕਾਵੈਂਟਰੀ ਦੇ ਸਿੱਖ ਫੈਮਿਲੀ ਸੈਂਟਰ 'ਚ ਇਕੱਤਰਤਾ ਦਾ ਅਯੋਜਨ ਕੀਤਾ ਗਿਆ ਸੀ। ਇਸ ਮੀਟਿੰਗ 'ਚ ਮਿਡਲੈਂਡ ਦੇ ਨੌਜਵਾਨ ਆਗੂਆਂ ਅਤੇ ਪੀੜਤ ਪਰਿਵਾਰਾਂ ਦੇ ਵਿਚਾਰ ਸੁਣਨ ਦਾ ਮੌਕਾ ਮਿਲਿਆ। ਇਹ ਜਾਣ ਕੇ ਬੇਹੱਦ ਅਫਸੋਸ ਹੋਇਆ ਕਿ ਅੱਜ ਭਾਵੇਂ ਇਸ ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਗ੍ਰਹਿ ਸਕੱਤਰ ਭਾਰਤੀ ਮੂਲ ਦੇ ਹਨ ਅਤੇ ਸਿੱਖ ਜਾਂ ਪੰਜਾਬੀ ਮੂਲ ਦੇ ਆਗੂ ਵੀ ਸਥਾਨਕ ਜਾਂ ਕੌਮੀ ਸਿਆਸਤ ਵਿਚ ਸਰਗਰਮ ਹਨ ਪਰ ਦੇਸ਼ ਦੇ ਅਨੇਕਾਂ ਸਕੂਲਾਂ ਵਿਚ ਰੰਗ, ਨਸਲ ਜਾਂ ਧਰਮ ਨੂੰ ਲੈ ਕੇ ਬਹੁਤ ਸਾਰੇ ਬੱਚੇ ਪੱਖਪਾਤ ਦਾ ਸ਼ਿਕਾਰ ਹੋ ਰਹੇ ਹਨ। ਜਿਨ੍ਹਾਂ ਸਿੱਖ ਬੱਚਿਆਂ ਦੇ ਕੇਸ ਰੱਖੇ ਹੁੰਦੇ ਹਨ ਅਤੇ ਉਹ ਪਟਕੇ ਜਾਂ ਦਸਤਾਰਾਂ ਬੰਨ੍ਹਦੇ ਹਨ, ਉਨ੍ਹਾਂ ਨੂੰ ਨਸਲੀ ਨਫਰਤ ਦਾ ਵੱਧ ਸ਼ਿਕਾਰ ਹੋਣਾ ਪੈਂਦਾ ਹੈ। ਜਿਸ ਬੱਚੇ ਦਾ ਮਾਮਲਾ ਵਿਚਾਰਿਆ ਜਾ ਰਿਹਾ ਸੀ, ਉਸ 'ਤੇ ਦੋ ਮੁੰਡੇ ਹਮਲਾ ਕਰਦੇ ਹਨ ਅਤੇ ਫਿਰ 15 ਜਣਿਆ ਦਾ ਗਿਰੋਹ ਵੀ ਉਸ ਨੂੰ ਤੰਗ ਕਰਦਾ ਹੈ। ਗਰਮੀ ਦੇ ਦਿਨਾਂ ਵਿਚ ਇਹ ਬੱਚਾ ਪਾਣੀ ਪੀਣ ਤੋਂ ਵੀ ਸੰਕੋਚ ਕਰਦਾ ਹੈ, ਤਾਂ ਕਿ ਉਸ ਨੂੰ ਪਾਣੀ ਪੀ ਕੇ ਟਾਇਲਟ ਨਾ ਜਾਣਾ ਪਵੇ ਕਿਉਂਕਿ ਸਿਰਫਿਰੇ ਮੁੰਡੇ ਇਸ ਨੂੰ ਟਾਇਲਟ ਵਿਚ ਕੁੱਟਮਾਰ ਕਰਨ ਦੀਆਂ ਧਮਕੀਆਂ ਦਿੰਦੇ ਹਨ। ਇੱਕ ਵਾਰ ਇਕ ਸਿਰਫਿਰੇ ਵਲੋਂ ਇਸ ਲੜਕੇ 'ਤੇ ਉਸ ਵੇਲੇ ਹਮਲਾ ਕੀਤਾ ਗਿਆ, ਜਦੋਂ ਉਹ ਆਪਣੇ ਟੀਚਰ ਤੋਂ ਸਿਰਫ ਇੱਕ ਮੀਟਰ ਦੀ ਦੂਰੀ 'ਤੇ ਸੀ। ਹਮਲਾ ਕਰਨ ਵਾਲੇ ਨੇ ਇਸ ਦੇ ਖਾਣੇ ਵਾਲੇ ਟਰੇ 'ਤੇ ਹਮਲਾ ਕੀਤਾ ਅਤੇ ਇਸ ਦੀ ਘੜੀ ਵੀ ਤੋੜ ਦਿੱਤੀ।

ਇਹ ਮਾਮਲਾ ਕਿਸ ਹੱਦ ਤੱਕ ਗੰਭੀਰ ਹੈ, ਇਸ ਦਾ ਪੂਰੀ ਤਰ੍ਹਾਂ ਪਤਾ ਜਾਂ ਤਾਂ ਪੀੜਤ ਬੱਚਿਆਂ ਨੂੰ ਹੈ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ। ਬਹੁਤ ਸਾਰੇ ਮਾਮਲਿਆਂ ਵਿਚ ਸਕੂਲ ਦਾ ਸਟਾਫ, ਗਵਰਨਰ ਅਤੇ ਹੋਰ ਸਬੰਧਤ ਲੋਕ ਪੀੜਤ ਬੱਚਿਆਂ ਦੀ ਮਦਦ ਕਰਨ ਵਿਚ ਆਪਣਾ ਹੱਥ ਪਿੱਛੇ ਖਿੱਚ ਲੈਂਦੇ ਹਨ, ਤਾਂ ਕਿ ਉਹ ਵੀ ਖਰੂਦੀਆਂ ਦੀ ਹਿੰਸਾ ਦਾ ਸ਼ਿਕਾਰ ਨਾ ਹੋ ਜਾਣ ਜਾਂ ਸ਼ਾਇਦ ਉਹ ਸੋਚਦੇ ਹਨ ਕਿ ਇੰਝ ਕਰਨ ਨਾਲ ਮਾਮਲੇ 'ਤੇ ਮਿੱਟੀ ਪੈ ਜਾਵੇਗੀ। ਜਿਸ ਬੱਚੇ ਦਾ ਮਾਮਲਾ ਵਿਚਾਰਿਆ ਜਾ ਰਿਹਾ ਸੀ, ਉਸ ਦੇ ਮਾਮਲੇ ਵਿਚ ਪੁਲਿਸ ਦੀ ਦਖਲ ਅੰਦਾਜ਼ੀ ਵੀ ਹਾਸੋਹੀਣੀ ਹੀ ਦਿਖਾਈ ਦਿੱਤੀ ਕਿਉਂਕਿ ਲੈਮਿੰਗਟਨ ਸਪਾ, ਰਘਵੀ ਅਤੇ ਬੈਡਵਰਥ ਦੇ ਪੁਲਿਸ ਥਾਣੇ ਇਸ ਮਾਮਲੇ ਨੂੰ ਆਪਣੇ ਗਲੋਂ ਲਾਹ ਕੇ ਦੂਜੇ ਥਾਣੇ ਵੱਲ ਹੀ ਘੁਮਾਈ ਗਏ। ਇਸ ਲੰਬੇ ਸਮੇਂ ਦੌਰਾਨ ਪੀੜਤ ਬੱਚੇ ਦੀ ਪੜ੍ਹਾਈ ਅਤੇ ਉਸ ਦੀ ਮਾਨਸਿਕ ਸਿਹਤ ਦਾ ਕਿਸ ਹੱਦ ਤੱਕ ਨੁਕਸਾਨ ਹੋਇਆ ਹੋਵੇਗਾ, ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਇਹ ਜਾਣ ਕੇ ਤਾਂ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ ਕਿ ਯੂ.ਕੇ. ਵਿਚ ਦੋ ਪੀੜਤ ਬੱਚੇ ਤਾਂ ਖੁਦਕਸ਼ੀ ਵੀ ਕਰ ਚੁੱਕੇ ਹਨ। ਕਈ ਪਰਿਵਾਰ ਆਪਣੇ ਪੀੜਤ ਬੱਚਿਆਂ ਦੀ ਸ਼ਿਕਾਇਤ ਇਸ ਕਰਕੇ ਨਹੀਂ ਕਰਦੇ ਕਿਉਂਕਿ ਉਹ ਖੁਦ ਯੂ.ਕੇ. ਵਿਚ ਗੈਰਕਨੂੰਨੀ ਤੌਰ 'ਤੇ ਰਹਿ ਰਹੇ ਹੁੰਦੇ ਹਨ।

ਇਸ ਦੇਸ਼ ਵਿਚ ਸਾਡੇ ਲੋਕ ਪਿਛਲੀ ਇੱਕ ਸਦੀ ਤੋਂ ਰਹਿ ਰਹੇ ਹਨ। ਸਾਡੇ ਲੋਕਾਂ ਨੇ ਕਰੜੀ ਮਿਹਨਤ ਕਰਕੇ ਆਪਣੇ ਘਰ ਪਰਿਵਾਰ ਕਾਮਯਾਬ ਕੀਤੇ ਹਨ ਅਤੇ ਆਪਣੀ ਪਛਾਣ ਬਣਾਈ ਹੈ। ਦੁਨੀਆਂ ਦੀਆਂ ਦੋ ਵੱਡੀਆਂ ਜੰਗਾਂ ਵਿਚ 83,000 ਦਸਤਾਰਧਾਰੀ ਸਿੱਖਾਂ ਨੇ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਅਤੇ ਸਾਰਾਗੜ੍ਹੀ ਵਰਗੀਆਂ ਅਸਾਵੀਆਂ ਜੰਗਾਂ ਕਰਕੇ ਸਿੱਖਾਂ ਦੀ ਵੱਖਰੀ ਪਛਾਣ ਬਣੀ। ਪਰ ਇਹ ਜਾਣ ਕੇ ਬੇਹੱਦ ਹੈਰਾਨੀ ਹੁੰਦੀ ਹੈ ਕਿ ਸਾਡੇ ਬੱਚੇ ਆਪਣੇ ਸਿੱਖੀ ਸਰੂਪ ਕਰਕੇ ਨਫਰਤ ਦਾ ਸ਼ਿਕਾਰ ਹੋ ਰਹੇ ਹਨ। ਸਿੱਖ ਭਾਈਚਾਰਾ ਇਥੋਂ ਦੀ ਮੂਲ ਵਸੋਂ ਦੇ ਮੁਕਾਬਲੇ 6 ਗੁਣਾ ਵੱਧ ਦਾਨ-ਪੁੰਨ ਕਰਦਾ ਹੈ। ਅਸੀਂ ਜੋ ਨਗਰ ਕੀਰਤਨਾਂ, ਆਤਮ ਰਸ ਕੀਰਤਨ ਦਰਬਾਰਾਂ ਅਤੇ ਮੇਲੇ ਮੁਜ਼ਾਹਰਿਆਂ 'ਤੇ ਲੱਖਾਂ ਪੌਂਡ ਖਰਚ ਕਰਦੇ ਹਾਂ, ਉਨ੍ਹਾਂ ਨਾਲ ਇਥੋਂ ਦੇ ਭਾਈਚਾਰੇ ਤੱਕ ਕੋਈ ਸੁਨੇਹਾ ਨਹੀਂ ਪਹੁੰਚਦਾ ਕਿ ਸਿੱਖ ਕੌਣ ਹਨ ਅਤੇ ਇਨ੍ਹਾਂ ਦੀ ਇਸ ਦੇਸ਼ ਦੇ ਵਾਧੇ ਵਿਚ ਕਿੰਨੀ ਦੇਣ ਹੈ। ਕੌਮੀ ਤੌਰ 'ਤੇ ਬੇਸ਼ੱਕ ਸਾਡੇ ਕੋਲ 'ਸਿੱਖ ਕੌਂਸਲ ਯੂ.ਕੇ.' ਵਰਗੀਆਂ ਸੰਸਥਾਵਾਂ ਹਨ ਪਰ ਜਿਥੋਂ ਤੱਕ ਬੱਚਿਆਂ ਦੀ ਬੁਲਿੰਗ ਦਾ ਮਾਮਲਾ ਹੈ, ਇਸ ਸਬੰਧ ਵਿਚ ਜਿੰਨਾ ਧਿਆਨ ਦੇਣਾ ਚਾਹੀਦਾ ਸੀ, ਅਸੀਂ ਓਨਾ ਨਹੀਂ ਦੇ ਸਕੇ। ਦੇਸ਼ ਵਿਚ ਚਾਰ ਸੌ ਦੇ ਕਰੀਬ ਗੁਰਦੁਆਰੇ ਰਲ ਕੇ ਅਗਰ ਚਾਹੁਣ ਤਾਂ ਇਨ੍ਹਾਂ ਮਾਮਲਿਆਂ ਸਬੰਧੀ ਸਰਬਸਾਂਝੀ ਪਹੁੰਚ ਅਪਣਾ ਸਕਦੇ ਹਨ।

ਕਾਵੈਂਟਰੀ ਵਿਚ ਜਦੋਂ ਇਹ ਮੀਟਿੰਗ ਹੋ ਰਹੀ ਸੀ, ਤਾਂ ਮੇਰੇ ਕੋਲ ਇੱਕ ਲੈਸਟਰ ਤੋਂ ਆਏ ਸਿੰਘ ਨੇ ਦੱਸਿਆ ਕਿ ਉਸ ਦਾ ਗੋਰਾ ਨਸਲਵਾਦੀ ਗਵਾਂਢੀ ਉਨ੍ਹਾਂ ਦਾ ਜੀਣਾ ਹਰਾਮ ਕਰ ਰਿਹਾ ਹੈ ਪਰ ਪੁਲਿਸ ਕੋਈ ਵੀ ਮਦਦ ਨਹੀਂ ਕਰ ਰਹੀ। ਇੱਕ ਵਾਰ ਇੱਕ ਟੀ.ਵੀ. ਪ੍ਰੋਗ੍ਰਾਮ ਹੋਸਟ ਕਰਦਿਆਂ ਮੈਨੂੰ ਬਰਮਿੰਘਮ ਦੇ ਇਕ ਹੈੱਡ ਟੀਚਰ ਅਤੇ ਉਸ ਦੇ ਸਾਥੀਆਂ ਨੇ ਦੱਸਿਆ ਸੀ ਕਿ ਉਥੇ ਪੰਜ ਹੈੱਡ ਟੀਚਰਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਕਿਉਂਕਿ ਬਤੌਰ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੂੰ ਬਰਦਾਸ਼ਤ ਨਹੀਂ ਸੀ ਕੀਤਾ ਜਾ ਰਿਹਾ। ਬੇਸ਼ੱਕ ਇਸ ਦੇਸ਼ ਵਿਚ ਰੇਸ ਰਿਲੇਸ਼ਨ ਸਬੰਧੀ ਕਾਨੂੰਨ ਬਣੇ ਹੋਏ ਹਨ ਪਰ ਇਹ ਕਾਨੂੰਨ ਅਨੇਕਾਂ ਪੀੜਤਾਂ ਦੀ ਹਿਫਾਜ਼ਤ ਕਰਨ ਲਈ ਕਈ ਵਾਰ ਮਦਦਗਾਰ ਸਾਬਤ ਨਹੀਂ ਹੁੰਦੇ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਡੇ ਅਗਲੀ ਪੀੜੀ ਦੇ ਬੱਚੇ ਇਸ ਤਰ੍ਹਾਂ ਦੇ ਪੱਖਪਾਤ ਅਤੇ ਹਿੰਸਾ ਖਿਲਾਫ ਜਥੇਬੰਦ ਹੋ ਰਹੇ ਹਨ, ਸਾਡੇ ਇਨ੍ਹਾਂ ਬੱਚਿਆਂ ਨੂੰ ਸਥਾਨਕ ਗੁਰਦੁਆਰਿਆਂ, ਸਿਆਸਤਦਾਨਾਂ ਅਤੇ ਕਾਨੂੰਨੀ ਮਾਹਰਾਂ ਦੇ ਸਹਿਯੋਗ ਦੀ ਬੜੀ ਲੋੜ ਹੈ। ਚੰਗਾ ਹੋਵੇ ਜੇਕਰ ਨੈਸ਼ਨਲ ਤੌਰ 'ਤੇ ਇਸ ਸਬੰਧੀ ਉਚੇਚੇ ਤੌਰ 'ਤੇ ਕਿਸੇ ਸੰਸਥਾ ਦਾ ਨਿਰਮਾਣ ਕਰ ਲਿਆ ਜਾਵੇ, ਤਾਂ ਕਿ ਖਰੂਦੀ, ਵਿਗੜੇ ਹੋਏ ਅਤੇ ਸਿਰ ਫਿਰੇ ਲੋਕ ਸਾਡੇ ਬੱਚਿਆਂ ਦਾ ਭਵਿੱਖ ਬਰਬਾਦ ਨਾ ਕਰ ਸਕਣ। ਸਿੱਖ ਪੀੜਤ ਬੱਚਿਆਂ ਲਈ ਇੱਕ ਹੈਲਪ ਲਾਈਨ ਦਾ ਹੋਣਾ ਵੀ ਅਤੀ ਜ਼ਰੂਰੀ ਹੈ, ਤਾਂ ਕਿ ਲੋੜ ਪੈਣ 'ਤੇ ਉਹ ਆਪਣਾ ਦੁੱਖ-ਦਰਦ ਸਬੰਧਤ ਸੰਸਥਾ ਨੂੰ ਦੱਸ ਸਕਣ।

ਇੱਕ ਵਾਰ ਨਹੀਂ ਅਨੇਕਾਂ ਵਾਰ ਸਾਡੇ ਦੇਖਣ ਵਿਚ ਕਈ ਵੀਡੀਓ ਕਲਿੱਪ ਐਸੇ ਵੀ ਆਏ ਹਨ, ਜਿਥੇ ਜੇ ਕਿਸੇ ਸਿਰ ਫਿਰੇ ਨੇ ਦਸਤਾਰਧਾਰੀ ਸਿੱਖ ਨਾਲ ਵਧੀਕੀ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੂੰ ਮੂੰਹ ਦੀ ਖਾਣੀ ਪਈ। ਇਸ ਕਰਕੇ ਸਾਨੂੰ ਆਪਣੇ ਬੱਚਿਆਂ ਨੂੰ ਮਾਰਸ਼ਲ ਆਰਟਸ ਦੀ ਸਿੱਖਿਆ ਵੀ ਦੇਣੀ ਚਾਹੀਦੀ ਹੈ ਅਤੇ ਇਹ ਸਿੱਖਿਆ ਵੀ ਦੇਣੀ ਚਾਹੀਦੀ ਹੈ ਕਿ ਦੇਖ ਕੇ ਅਣਡਿੱਠ ਕਿਵੇਂ ਕਰਨਾ ਹੈ। ਕੰਮਾਂਕਾਰਾਂ ਵਿਚ ਅਸੀਂ ਦੇਖਿਆ ਹੈ ਕਿ ਜੇਕਰ ਤੁਸੀਂ ਗੱਲ-ਗੱਲ 'ਤੇ ਭੜਕ ਜਾਂਦੇ ਹੋ, ਤਾਂ ਤੁਹਾਡਾ ਹੀ ਤਮਾਸ਼ਾ ਵਧੇਰੇ ਬਣਦਾ ਹੈ। ਹਾਂ, ਜੇਕਰ ਕੋਈ ਵਧੀਕੀ ਤੋਂ ਬਾਜ ਨਾ ਆਵੇ, ਤਾਂ ਉਸ ਦੇ ਸੋਧਾ ਲਾਉਣਾ ਜਾਇਜ਼ ਹੁੰਦਾ ਹੈ।

**ਕਰਮ ਪ੍ਰਤੀਕਰਮ ਸਬੰਧੀ ਕਵਿਤਾ ਦੇ ਬੋਲ ਹਨ-**

ਖੂਹ ਦੀ ਵਾਜ ਪਤਾ ਹੈ ਸਾਨੂੰ, ਪਰਤਣਾ ਈ ਪਰਤਣਾ।
ਮਨ ਮੁਤਾਬਕ ਜ਼ਿੰਦਗੀ ਨੇ, ਨਾਲ ਅਸਾਂ ਦੇ ਵਰਤਣਾ।

ਕਰਮਾਂ ਦੇ ਤਾਂ ਪ੍ਰਤੀਕਰਮਾਂ, ਰੋਕਿਆਂ ਰੁਕਣਾ ਨਹੀਂ,
ਕਰਮ ਕਰਕੇ ਹੈ ਝੜ੍ਹਾਈ, ਕਰਮ ਕਰਕੇ ਗਰਕਣਾ।

ਸਿੱਖ ਨੂੰ ਤਾਂ ਸਿੱਖ ਦੀ, ਤਵਾਰੀਖ ਦੀ ਸ਼ਾਹਦੀ ਰਹੇ,
ਇੱਕ ਨੇ ਸਵਾ ਲੱਖ ਨੂੰ ਵੀ, ਬਦੀ ਤੋਂ ਹੈ ਵਰਜਣਾ।

## ਡਾਂਸ ਡਰਿੰਕ 'ਤੇ ਕੀ ਟੋਰੀਆਂ ਦੀ ਮਾਫੀ ਕਾਫੀ ਹੋਵੇਗੀ?

ਪਿਛਲੇ ਦੋ ਹਫਤਿਆਂ ਤੋਂ ਬਰਤਾਨਵੀ ਮੀਡੀਏ ਵਿਚ ਸਾਬਕਾ ਪ੍ਰਧਾਨ ਮੰਤਰੀ ਵਲੋਂ ਪਾਰਟੀਗੇਟ ਦੇ ਮੁੱਦੇ 'ਤੇ ਬੋਲੇ



ਗਏ ਝੂਠ ਦਾ ਮੁੱਦਾ ਭਾਰੀ ਰਿਹਾ। ਇਸ ਮੁੱਦੇ ਨੇ ਉਸ ਨੂੰ ਅਤੇ ਉਸ ਦੇ ਦੋ ਸਾਥੀਆਂ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ। ਇਸ ਦੇ ਨਾਲ-ਨਾਲ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਅਤੇ ਬੌਰਿਸ ਜੌਹਨਸਨ ਦਰਮਿਆਨ ਕਾਟੋ-ਕਲੇਸ਼ ਵੀ ਅਖਬਾਰਾਂ ਦੀਆਂ ਸੁਰਖੀਆਂ ਬਣਦਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਵੋਟਰਾਂ ਦੀਆਂ ਨਜ਼ਰਾਂ ਵਿਚ ਟੋਰੀ ਪਾਰਟੀ ਦਾ ਗਰਾਫ ਡਿੱਗਣਾ ਸੁਭਾਵਿਕ ਹੈ। ਇਹ ਕਿਆਸ ਅਰਾਈਆਂ ਲੱਗਣ ਲੱਗ ਪਈਆਂ ਹਨ ਕਿ ਪਾਰਟੀ ਗੇਟ ਦੇ ਮੁੱਦੇ ਕਾਰਨ ਟੋਰੀਆਂ ਨੂੰ ਅਗਲੀਆਂ ਆਮ ਚੋਣਾਂ ਵਿਚ ਭਾਰੀ ਹਾਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਸਥਾਨਕ ਚੋਣਾਂ ਵਿਚ ਵੀ ਟੋਰੀਆਂ ਨੂੰ ਵੱਡਾ ਧੱਕਾ ਲੱਗਾ ਹੈ। ਇਨ੍ਹਾਂ ਖਬਰਾਂ ਦੀ ਸਿਆਹੀ ਵੀ ਅਜੇ ਨਹੀਂ ਸੀ ਸੁੱਕੀ ਕਿ ਹੁਣ ਟੋਰੀਆਂ ਦੀ ਡਰਿੰਕ ਪਾਰਟੀ ਦੀ ਇੱਕ ਵੀਡੀਓ ਜਨਤਕ ਹੋਣ ਨਾਲ ਹੋਰ ਵੀ ਵੱਡਾ ਧਮਾਕਾ ਹੋ ਗਿਆ ਹੈ।

ਟੋਰੀ ਆਗੂਆਂ ਦੇ ਬਹੁ ਚਰਚਿਤ ਪਾਰਟੀਗੇਟ ਸਕੈਂਡਲ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ, ਜਦੋਂ ਲੇਬਰ ਪੱਖੀ 'ਮਿਰਰ' ਅਖਬਾਰ ਵਲੋਂ 14 ਦਸੰਬਰ 2020 ਨੂੰ ਟੋਰੀ ਪਾਰਟੀ ਹੈੱਡਕੁਆਰਟਰ 'ਤੇ ਪਾਰਟੀ ਵਰਕਰਾਂ ਵਲੋਂ ਕੀਤੀ ਗਈ ਪਾਰਟੀ ਨੂੰ ਜਨਤਕ ਕਰ ਦਿੱਤਾ ਗਿਆ। ਇਸ ਪਾਰਟੀ ਵਿਚ 24 ਲੋਕ ਸ਼ਾਮਲ ਸਨ। ਇਸ ਵਿਚ ਇੱਕ ਜੋੜਾ ਬੜੀ ਗਰਮਜੋਸ਼ੀ ਨਾਲ ਡਾਂਸ ਕਰਦਾ ਵਿਖਾਈ ਦਿੰਦਾ ਹੈ, ਜਦਕਿ ਇਸੇ ਹਾਲ ਵਿਚ 'ਕੀਪ ਯੌਅਰ ਡਿਸਟੈਂਸ' ਦਾ ਸਾਈਨ ਵੀ ਵਿਖਾਈ ਦੇ ਰਿਹਾ ਹੈ। ਇਸ ਪਾਰਟੀ ਸਬੰਧੀ ਟੋਰੀ ਆਗੂ ਮਾਈਕਲ ਗੌਵ ਨੂੰ ਮੁਆਫੀ ਮੰਗਣੀ ਪਈ ਹੈ। ਮਾਈਕਲ ਗੌਵ ਨੇ ਕਿਹਾ ਕਿ ਇਹ ਤਾਂ ਬੜਾ ਖਰਾਬੀ ਕਰਨ ਵਾਲਾ ਅਤੇ ਮਰਿਯਾਦਾ ਭੰਗ ਕਰਨ ਵਾਲਾ ਪ੍ਰਦਰਸ਼ਨ ਹੈ। ਮੁਆਫੀ ਮੰਗਦਿਆਂ ਉਸ ਨੇ ਕਿਹਾ ਕਿ 'ਮੈਂ ਉਨ੍ਹਾਂ ਸਾਰਿਆਂ ਤੋਂ ਮੁਆਫੀ ਮੰਗਦਾ ਹਾਂ, ਜੋ ਕਿ ਇਸ ਪਾਰਟੀ ਦੀ ਵੀਡੀਓ ਦੇਖ ਕੇ ਸੋਚਦੇ ਹੋਣਗੇ ਕਿ ਇਹ ਉਹ ਲੋਕ ਹਨ, ਜਿਨ੍ਹਾਂ ਨੇ ਉਨ੍ਹਾਂ ਸਿਧਾਂਤਾਂ ਦੀ ਖਿੱਲੀ ਉਡਾਈ, ਜਿਹੜੇ ਸਿਧਾਂਤ ਕਿ ਲੋਕਾਂ ਦੇ ਬਚਾਓ ਲਈ ਬਣਾਏ ਗਏ ਸਨ'। ਮਾਈਕਲ ਨੇ ਇਹ ਵੀ ਕਿਹਾ ਕਿ ਅਜਿਹਾ ਕਰਨ ਵਾਲੇ ਲੋਕ ਹੁਣ ਜ਼ਰੂਰ ਸ਼ਰਮਸਾਰ ਹੁੰਦੇ ਹੋਣਗੇ।

ਪਾਰਟੀਗੇਟ ਦੇ ਮੁੱਦੇ 'ਤੇ ਟੋਰੀਆਂ ਵਲੋਂ ਇਹ ਚੌਥਾ ਮੁਆਫੀਨਾਮਾ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਇਸ ਮਾਫੀ ਨਾਲ ਇਹ ਮੁੱਦਾ ਟੋਰੀਆਂ ਦੀ ਜਾਨ ਛੱਡ ਦੇਵੇਗਾ ਜਾਂ ਫਿਰ ਸਿਆਸੀ ਤੌਰ 'ਤੇ ਜਾਨ ਕੱਢਕੇ ਹੀ ਛੱਡੇਗਾ। ਇੱਕ ਗੱਲ ਖਾਸ ਧਿਆਨ ਦੇਣ ਵਾਲੀ ਹੈ ਕਿ ਜਿਸ ਵੇਲੇ ਬੌਰਿਸ ਜੌਹਨਸਨ ਵਲੋਂ ਪਾਰਟੀਗੇਟ ਸਬੰਧੀ ਬੋਲੇ ਗਏ ਝੂਠਾਂ ਦਾ ਭਾਂਡਾ ਸਰੇਬਜ਼ਾਰ ਭੱਜ ਗਿਆ, ਤਾਂ ਖੁਦ ਟੋਰੀ ਮੀਡੀਏ ਨੇ ਉਸ ਦਾ ਕੋਈ ਵੀ ਲਿਹਾਜ ਨਾ ਕੀਤਾ, ਸਗੋਂ ਰੱਜ ਕੇ ਮੰਜੀ ਠੋਕੀ ਗਈ। ਪਾਰਟੀਗੇਟ ਦੇ ਮੁੱਦੇ 'ਤੇ ਪੁਲਿਸ ਵਲੋਂ ਹੋ ਰਹੀ ਪੜਤਾਲ ਪਹਿਲਾਂ ਇਸ ਕਰਕੇ ਖਟਾਈ ਵਿਚ ਪੈ ਗਈ ਸੀ ਕਿਉਂਕਿ ਇਸ ਸਬੰਧੀ ਕੋਈ ਠੋਸ ਸਬੂਤ ਪੁਲਿਸ ਨੂੰ ਪ੍ਰਾਪਤ ਨਹੀਂ ਸੀ ਹੋਇਆ ਪਰ ਹੁਣ ਇਸ ਵੀਡੀਓ ਦਾ ਸਬੂਤ ਹੱਥ ਲੱਗਣ ਮਗਰੋਂ ਇਹ ਕਿਆਸ ਲੱਗਣ ਲੱਗ ਪਏ ਹਨ ਕਿ ਪੁਲਿਸ ਵਲੋਂ ਹੁਣ ਅਗਲੀ ਕਾਨੂੰਨੀ ਕਾਰਵਾਈ ਦੀ ਸੰਭਾਵਨਾ ਬਣ ਗਈ ਹੈ। ਜਿਨ੍ਹਾਂ ਵੇਲਿਆਂ ਦੀ ਇਹ ਵੀਡੀਓ ਸਾਹਮਣੇ ਆਈ ਹੈ, ਉਸ ਵੇਲੇ ਕੋਵਿਡ ਕਾਨੂੰਨਾਂ ਸਬੰਧੀ ਲੰਡਨ ਵਿਚ ਟਿਅਰ 2 ਦੀਆਂ ਬੰਦਸ਼ਾਂ ਸਨ, ਜਿਨ੍ਹਾਂ ਮੁਤਾਬਕ ਕੇਵਲ 6 ਵਿਅਕਤੀ ਹੀ ਘਰੋਂ ਬਾਹਰ ਇੱਕ ਥਾਂ ਇਕੱਠੇ ਹੋ ਸਕਦੇ ਸਨ। ਜਦਕਿ ਬਾਅਦ ਵਿਚ ਛੇਤੀ ਹੀ ਟਿਅਰ 3 ਲੱਗ ਗਿਆ ਸੀ। ਲਿਬਰਲ ਡੈਮੋਕਰੇਟ ਦੀ ਚੀਫ ਵਿਪ ਵੈਂਡੀ ਚੈਂਬਰਲਿਨ ਦਾ ਇਸ ਮੁਆਫੀ ਬਾਰੇ ਕਹਿਣਾ ਹੈ ਕਿ ਮਾਈਕਲ ਗੌਵ ਦਾ ਇਹ ਮੁਆਫੀਨਾਮਾ ਦੇਰ ਮਗਰੋਂ ਆਇਆ ਦਰੁੱਸਤ ਤਾਂ ਹੈ ਪਰ ਇਹ ਕਿਸੇ ਕੰਮ ਦਾ ਮੁਆਫੀਨਾਮਾ ਨਹੀਂ ਹੈ ਕਿਉਂਕਿ ਕੋਵਿਡ ਦੇ ਹਨੇਰੇ ਸਮੇਂ ਵਿਚ ਜਿਨ੍ਹਾਂ ਲੋਕਾਂ ਨੂੰ ਪੀੜਾ ਦਾ ਸਾਹਮਣਾ ਕਰਨਾ ਪਿਆ, ਇਹ ਮੁਆਫੀਨਾਮਾ ਉਨ੍ਹਾਂ ਲਈ ਫਹੇ ਦਾ ਨਹੀਂ, ਸਗੋਂ ਡਹੇ ਦਾ ਕੰਮ ਕਰਦਾ ਹੈ। (**"Gove's apology is too little too late, it will bring cold comfort to the millions of people who stuck by the rules in the darkest days of the pandemic."**)

ਇਸ ਵੇਲੇ ਬਰਤਾਨੀਆਂ ਵਿਚ ਵਧੀ ਹੋਈ ਵਿਆਜ ਦੀ ਦਰ, ਅਸਮਾਨ ਚੜ੍ਹੀ ਮਹਿੰਗਾਈ ਅਤੇ ਮੰਦਵਾੜੇ ਦੀਆਂ ਚੁਣੌਤੀਆਂ ਨੇ ਸਰਕਾਰ ਲਈ ਸੰਕਟ ਪੈਦਾ ਕੀਤਾ ਹੋਇਆ ਹੈ, ਜਦਕਿ ਪਾਰਟੀਗੇਟ ਦਾ ਮੁੱਦਾ ਬਲਦੀ 'ਤੇ ਅੱਗ ਪਉਣ ਵਾਲਾ ਸਾਬਤ ਹੋ ਰਿਹਾ ਹੈ।

## ਰਾਹੁਲ ਨੂੰ ਖੂੰਜੇ ਲਾ ਕੇ ਮੋਦੀ ਹੁਣ ਕਾਂਗਰਸ ਦੀ ਜੜ੍ਹੀਂ ਤੇਲ ਦੇਣ ਲੱਗਾ

ਪੱਤਰਕਾਰ ਅਭੀਸ਼ਾਰ ਸ਼ਰਮਾ ਦੇ ਹਵਾਲੇ ਨਾਲ ਇਨ੍ਹੀਂ ਦਿਨੀਂ ਇੱਕ ਵੀਡੀਓ ਸਾਹਮਣੇ ਆਈ ਹੈ, ਜਿਸ ਦਾ ਤਤਸਾਰ ਇਹ ਹੈ ਕਿ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਦੀ ਸ਼ਖਸੀਅਤ 'ਤੇ ਅੱਜਕੱਲ੍ਹ ਨਰਿੰਦਰ ਮੋਦੀ



ਇਸ ਕਦਰ ਹਮਲਾਵਰ ਹਨ ਕਿ ਪੰਡਤ ਨਹਿਰੂ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬ੍ਰੇਰੀ ਦਾ ਨਾਮ ਬਦਲ ਕੇ ਪ੍ਰਧਾਨ ਮੰਤਰੀ ਮਿਊਜ਼ੀਅਮ ਅਤੇ ਲਾਇਬ੍ਰੇਰੀ ਰੱਖ ਦਿੱਤਾ ਗਿਆ ਹੈ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਨਹਿਰੂ ਮਿਊਜ਼ੀਅਮ ਦਾ ਨਾਂ ਬਦਲੇ ਜਾਣ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ, 'ਇਹ ਸੰਸਥਾ ਪਹਿਲੇ ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਤੋਂ ਲਾ ਕੇ ਨਰਿੰਦਰ ਮੋਦੀ ਤੱਕ ਸਾਰੇ ਪ੍ਰਧਾਨ ਮੰਤਰੀਆਂ ਦੇ ਯੋਗਦਾਨ ਦੀ ਗਵਾਹੀ ਭਰਦਾ ਹੈ ਕਿ ਉਨ੍ਹਾਂ ਨੇ ਆਪੋ-ਆਪਣੇ ਸਮੇਂ ਵਿਚ ਚੁਣੌਤੀਆਂ ਦਾ ਕਿਵੇਂ ਜਵਾਬ ਦਿੱਤਾ'। ਇਹ ਬਿਆਨ ਦਿੰਦਿਆਂ ਰਾਜਨਾਥ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਜੋ ਪਦ ਹੈ, ਉਹ ਇੰਦ੍ਰ ਧਨੁਖ ਵਾਂਗ ਹੈ, ਜਿਸ ਵਿਚ ਸਾਰੇ ਰੰਗਾਂ ਦਾ ਯੋਗਦਾਨ ਹੈ, ਇਸ ਕਰਕੇ ਇਸ ਨੂੰ ਇੱਕ ਵਿਅਕਤੀ ਤੱਕ ਸੀਮਤ ਕਰਨ ਦੀ ਬਜਾਏ ਸਾਰੇ ਮੁਖੀਆਂ ਦਾ ਲਿਖਾਇਕ ਬਣਾਇਆ ਜਾਵੇ'।

ਅਸਲ ਵਿਚ ਭਾਜਪਾ ਭਾਰਤ ਦੀ ਪਛਾਣ ਨੂੰ ਮੋਦੀ ਤੱਕ ਸੀਮਤ ਕਰਨ ਦੀ ਕੋਸ਼ਿਸ਼ ਵਿਚ ਹੈ। ਭਾਜਪਾ ਨੇ ਤਾਂ ਅਹਿਮਦਾਬਾਦ ਵਿਚ ਵਲਭ ਭਾਈ ਪਟੇਲ ਦੇ ਨਾਮ 'ਤੇ ਬਣੇ ਸਟੇਡੀਅਮ ਦਾ ਨਾਮ ਬਦਲ ਕੇ ਨਰਿੰਦਰ ਮੋਦੀ ਦੇ ਨਾਮ ਕਰ ਦਿੱਤਾ ਸੀ।

ਇਸ ਵੀਡੀਓ ਵਿਚ ਮਹਿੰਗਾਈ ਬਾਬਤ ਮੋਦੀ ਦੀ ਇਕ ਸਾਂਸਦੀ ਫੁਟੇਜ ਦਿਖਾਈ ਜਾ ਰਹੀ ਹੈ, ਜਿਸ ਵਿਚ ਨਹਿਰੂ ਦੇ ਬਿਆਨਾਂ ਦੀ ਖਿੱਲੀ ਉਡਾਈ ਗਈ ਹੈ। ਬੜੇ ਅਜੀਬ ਅੰਦਾਜ਼ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਦਨ ਵਿਚ ਪੰਡਤ ਨਹਿਰੂ ਦੇ ਵੱਖ-ਵੱਖ ਸਮੇਂ 'ਤੇ ਦਿੱਤੇ ਉਹ ਬਿਆਨ ਪੜ੍ਹ ਰਹੇ ਸਨ, ਜੋ ਉਸ ਨੇ ਮਹਿੰਗਾਈ ਦੇ ਸਬੰਧ ਵਿਚ ਦਿੱਤੇ ਸਨ। ਉਸ ਦਾ ਕਹਿਣਾ ਹੈ ਕਿ ਕਦੀ-ਕਦੀ ਕੋਰੀਆ ਮੇ ਲੜਾਈ ਵੀ ਹਮੇ ਪ੍ਰਭਾਵਿਤ ਕਰਤੀ ਹੈ। ਇਸ ਕੇ ਚਲਤੇ ਵਸਤੂਓਂ ਕੀ ਕੀਮਤ ਬੜ ਜਾਤੀ ਹੈਂ, ਔਰ ਯਹ ਹਮਾਰੇ ਨਿਯੰਤ੍ਰਣ ਸੇ ਵੀ ਬਾਹਰ ਹੋ ਜਾਤੀ ਹੈ। ਦੇਸ਼ ਕੇ ਸਾਮਨੇ ਦੇਸ਼ ਕਾ ਪਹਿਲਾ ਪ੍ਰਧਾਨ ਮੰਤਰੀ ਹਾਥ ਊਪਰ ਕਰ ਦੇਤਾ ਹੈ। ਇਸ ਕੇ ਆਗੇ ਜੋ ਨਹਿਰੂ ਜੀ ਕਹਿਤੇ ਹੈਂ ਵੁਹ ਆਪ ਕੇ ਕਾਮ ਕੀ ਚੀਜ਼ ਹੈ ਕਿ ਅਗਰ ਅਮਰੇਕਾ ਮੇਂ ਵੀ ਕੁਛ ਹੋ ਜਾਤਾ ਹੈ ਤੋ ਇਸ ਕਾ ਅਸਰ ਵੀ ਵਸਤੂਓਂ ਕੀ ਕੀਮਤ ਪਰ ਪੜਤਾ ਹੈ। ਸੋਚੀਏ ਤਬ ਮਹਿੰਗਾਈ ਕੀ ਸਮੱਸਿਆ ਕਿਤਨੀ ਗੰਭੀਰ ਥੀ ਕਿ ਨਹਿਰੂ ਜੀ ਕੋ ਲਾਲ ਕਿਲੇ ਸੇ ਦੇਸ਼ ਕੇ ਸਾਮਨੇ ਹਾਥ ਊਪਰ ਕਰਨੇ ਪੜੇ ਥੇ'।

ਇਸ ਵੀਡੀਓ 'ਚ ਦੱਸਿਆ ਗਿਆ ਕਿ ਪੰਡਤ ਨਹਿਰੂ ਦਾ ਦਿਹਾਂਤ 1964 ਵਿਚ ਹੋ ਗਿਆ ਸੀ, ਜਦਕਿ ਹੁਣ ਅਸੀਂ 2023 ਵਿਚ ਰਹਿ ਰਹੇ ਹਾਂ। ਇੰਨੇ ਲੰਬੇ ਅਰਸੇ ਵਿਚ ਜੇਕਰ ਮਹਿੰਗਾਈ ਕਾਬੂ ਵਿਚ ਨਹੀਂ ਆ ਰਹੀ, ਤਾਂ ਉਸ ਦਾ ਦੋਸ਼ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਨੂੰ ਦਿੱਤਾ ਜਾ ਰਿਹਾ ਹੈ।

ਮੋਦੀ ਦੇ ਇੱਕ ਹੋਰ ਸਾਂਸਦੀ ਭਾਸ਼ਣ ਦਾ ਜ਼ਿਕਰ ਹੈ, ਜਿਸ ਵਿਚ ਉਸ ਨੇ ਇਹ ਸਵਾਲ ਉਠਾਇਆ ਕਿ ਗਾਂਧੀ ਪਰਿਵਾਰ ਦੇ ਲੋਕ ਆਪਣੇ ਨਾਮ ਨਾਲ ਨਹਿਰੂ ਸਰਨੇਮ ਲਉਣ ਤੋਂ ਡਰਦੇ ਕਿਉਂ ਹਨ? ਮੋਦੀ ਨੂੰ ਸ਼ਾਇਦ ਇਹ ਜਾਣਕਾਰੀ ਨਾ ਹੋਵੇ ਕਿ ਪੰਡਤ ਨਹਿਰੂ ਦੀ ਬੇਟੀ ਇੰਦਰਾ ਗਾਂਧੀ ਦਾ ਵਿਆਹ ਇੱਕ ਪਾਰਸੀ ਫਿਰੋਜ਼ ਗਾਂਧੀ ਨਾਲ ਹੋਇਆ ਸੀ, ਇਹੀ ਕਾਰਨ ਸੀ ਕਿ ਇੰਦਰਾ, ਰਾਜੀਵ ਅਤੇ ਸੰਜੇ ਦੇ ਨਾਵਾਂ ਨਾਲ ਗਾਂਧੀ ਸਰਨੇਮ ਲੱਗਦਾ ਸੀ। ਕਿਹਾ ਜਾਂਦਾ ਹੈ ਕਿ ਪੰਡਤ ਨਹਿਰੂ ਦੇ ਵਿਰੋਧ ਲਈ ਆਰ.ਐੱਸ.ਐੱਸ. ਦਾ ਇੱਕ ਟੂਲ ਕਿੱਟ ਕੰਮ ਕਰਦਾ ਹੈ, ਜਿਸ ਦਾ ਮੁਖ ਮਕਸਦ ਹਰ ਮੁੱਦੇ 'ਤੇ ਪੰਡਤ ਨਹਿਰੂ ਨੂੰ ਬਦਨਾਮ ਕਰਨਾ ਹੁੰਦਾ ਹੈ।

ਹੋਰ ਇੰਕਸ਼ਾਫ ਇਸ ਤਰ੍ਹਾਂ ਕੀਤੇ ਗਏ ਹਨ:

1) ਕੀ ਗੌਡਸੇ ਦੀ ਫਾਂਸੀ ਰੁਕਵਾਉਣਾ ਚਹੁੰਦੇ ਸਨ ਡਾ: ਅੰਬੇਦਕਰ?

2) ਕੀ ਗਾਂਧੀ ਦੀ ਹੱਤਿਆ ਵਿਚ ਸਾਵਰਕਰ ਨੂੰ ਫਸਾਉਣਾ ਚਹੁੰਦੇ ਸਨ ਨਹਿਰੂ?

3) ਕਸ਼ਮੀਰ ਭਾਰਤ 'ਚ ਰਲ ਰਿਹਾ ਸੀ, ਤਾਂ ਨਹਿਰੂ ਦੇ ਮਨ ਵਿਚ ਕੀ ਚੱਲਦਾ ਸੀ? ਕਸ਼ਮੀਰ ਮਸਲੇ 'ਤੇ ਨਹਿਰੂ ਨੀਤੀ ਦਾ ਵਿਸ਼ਲੇਸ਼ਣ?

4) ਕੰਪਨੀਆਂ ਨੂੰ ਫਾਇਦਾ ਦੇਣ ਲਈ ਸ਼ੁਰੂਆਤ ਨਹਿਰੂ ਨੇ ਕੀਤੀ।

5) ਰਾਹੁਲ ਗਾਂਧੀ ਸਾਵਰਕਰ ਦੇ ਅਪਮਾਨ ਨਾਲ ਕੀ ਹਾਸਲ ਕਰੇਗਾ? ਨਹਿਰੂ ਅਤੇ ਸਾਵਰਕਰ ਵਿਚੋਂ ਕੌਣ ਬੀਰ ਬਹਾਦਰ ਹੈ?

6) ਨਹਿਰੂ ਦੀ ਭੂਲ, ਤਿੱਬਤ 'ਤੇ ਨਾਜਾਇਜ਼ ਕਬਜਾ ਕਬੂਲ।

7) ਚੀਨ ਸਬੰਧੀ ਨਹਿਰੂ ਦੀ ਨੀਤੀ ਦੇਸ਼ ਲਈ ਨਾਸੂਰ ਬਣ ਗਈ।

8) ਭਗਤ ਸਿੰਘ ਦੇ ਨਾਲ ਲਹੌਰ ਅਸੈਂਬਲੀ 'ਤੇ ਬੰਬ ਸੁੱਟਣ ਵਾਲਾ ਬਟਕੇਸ਼ਵਰ ਦੱਤ ਨਾਲ ਆਜ਼ਾਦ ਭਾਰਤ ਵਿਚ ਬੇਇਨਸਾਫੀ, ਜਦਕਿ ਜੇਲ੍ਹ ਵਿਚ ਨਹਿਰੂ ਨੂੰ ਹਰ ਤਰ੍ਹਾਂ ਦੀ ਸਹੂਲਤ ਮਿਲਦੀ ਸੀ।

9) ਨਹਿਰੂ ਦੀ ਗਲਤੀ ਦੀ ਸਜ਼ਾ ਭੁਗਤ ਰਿਹਾ ਹੈ ਦੇਸ਼-ਜੀ ਨਿਊਜ਼

10) ਨਹਿਰੂ ਯੁੱਗ ਬਨਾਮ ਮੋਦੀ ਯੁੱਗ। ਧਰਮ ਨਿਰਪੇਖਤਾ ਬਨਾਮ ਸਾਂਸਕ੍ਰਿਤ ਕ੍ਰਾਂਤੀ।

11) ਮਨੀ ਸ਼ੰਕਰ ਨੇ ਪਾਕਿਸਤਾਨ ਜਾ ਕੇ ਸੁਪਾਰੀ ਦੇ ਕੇ ਮੋਦੀ ਨੂੰ ਹਟਾਉਣ ਲਈ ਪਾਕਿਸਤਾਨ ਦੀ ਮਦਦ ਮੰਗੀ ਸੀ।

12) ਜੋ ਗਲਤੀ ਨਹਿਰੂ ਨੇ ਕਸ਼ਮੀਰ ਨੂੰ ਯੂ.ਐੱਨ. ਲਿਜਾ ਕੇ ਭਾਰਤ ਦੇ ਅੰਦਰੂਨੀ ਮਾਮਲੇ ਵਿਚ ਵਿਦੇਸ਼ ਦਖਲ ਦੀ ਕੀਤੀ ਸੀ ਕੀ ਉਹ ਹੀ ਗਲਤੀ ਹੁਣ ਰਾਹੁਲ ਗਾਂਧੀ ਦੁਹਰਾ ਰਿਹਾ ਹੈ? (ਨਹਿਰੂ ਨੇ ਲੰਡਨ/ਕੈਂਬਰਿਜ ਅਤੇ ਅਮਰੀਕਾ ਵਿਚ ਭਾਰਤੀ ਲੋਕਤੰਤਰ 'ਤੇ ਟਿੱਪਣੀ ਕੀਤੀ ਸੀ।)

13) 1962 ਵਿਚ ਜੇਕਰ ਨਹਿਰੂ ਦੇਸ਼ ਦੇ ਫੌਜ ਦੇ ਜਰਨੈਲ ਥਮਈਆ ਦੀ ਗੱਲ ਮੰਨ ਲੈਂਦਾ, ਤਾਂ ਦੇਸ਼ ਦਾ ਇਤਿਹਾਸ ਕੁਝ ਹੋਰ ਹੁੰਦਾ।

14) ਮੁਕੇਸ਼ ਅੰਬਾਨੀ ਦੇ ਗੋਦੀ ਮੀਡੀਏ ਮੁਤਾਬਕ ਨਹਿਰੂ ਦੇ ਕੈਂਪਸ 'ਚ ਮੋਦੀ ਦੇ ਅਪਮਾਨ ਦੀ ਖਬਰ ਹੈ, ਚਾਏ ਵਾਲਾ ਜੀਤਾ ਚੁਣਾਵ ਨਹਿਰੂ ਦਾ ਕੈਸਾ ਯੋਗਦਾਨ? ਕਸ਼ਮੀਰ ਵਿਚ ਸ਼ਾਹ ਨੇ ਕਰਵਾਇਆ ਕਾਂਗਰਸ ਨਾਲ ਸਭ ਦਾ ਸਾਹਮਣਾ। ਲੌਕ ਡਾਊਨ ਦੀ ਲੜਾਈ ਨਹਿਰੂ ਰਾਜੀਵ 'ਤੇ ਆਈ।

ਪ੍ਰਧਾਨ ਮੰਤਰੀ ਦੀ ਸੁਰ, ਉਸ ਦੇ ਬੌਡੀ ਲੈਂਗੁਏਜ਼ ਤਾਂ ਦੇਖਿਆਂ ਹੀ ਬਣਦੀ ਹੈ!

ਇਸ ਵੀਡੀਓ ਵਿਚ ਮੋਦੀ ਵਲੋਂ ਨਹਿਰੂ ਦੇ ਖਿਲਾਫ ਕੀਤੇ ਜਾ ਰਹੇ ਪ੍ਰਚਾਰ ਦਾ ਮੁੱਖ ਕਾਰਨ ਗਾਂਧੀ ਪਰਿਵਾਰ ਵਲੋਂ ਹਿੰਦੂ ਧਰਮ ਦੀ ਆੜ ਵਿਚ ਨਫਰਤ ਫੈਲਾ ਰਹੀ ਭਾਜਪਾ ਨਾਲ ਕੋਈ ਵੀ ਸਮਝੌਤਾ ਨਾ ਕਰਨਾ ਦੱਸਿਆ ਜਾ ਰਿਹਾ ਹੈ। ਇਹ ਹੀ ਕਾਰਨ ਹੈ ਕਿ ਭਾਜਪਾ ਵਲੋਂ ਰਾਹੁਲ ਗਾਂਧੀ ਨੂੰ ਬਰਬਾਦ ਅਤੇ ਖਤਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਰਾਹੁਲ ਦਾ ਸਾਂਸਦ ਤੋਂ ਬਰਤਰਫ ਹੋ ਜਾਣਾ ਅਤੇ ਦੱਸ ਸਾਲ ਦੀ ਸਜ਼ਾ ਹੋ ਜਾਣਾ ਇਸੇ ਨਫਰਤ ਦਾ ਹਿੱਸਾ ਹੈ। ਦੂਜੇ ਪਾਸੇ ਬ੍ਰਿਜ ਭੂਸ਼ਣ ਸ਼ਰਣ ਸਿੰਘ 'ਤੇ ਆਂਚ ਨਹੀਂ ਆਉਣ ਦਿੱਤੀ ਜਾਂਦੀ, ਜਿਸ ਦੇ ਖਿਲਾਫ ਮਹਿਲਾ ਪਹਿਲਵਾਨਾਂ ਨਾਲ ਛੇੜਛਾੜ, ਰੇਪ ਅਤੇ ਹਰ ਤਰ੍ਹਾਂ ਦਾ ਸ਼ੋਸ਼ਣ ਕਰਨ ਦੇ ਦੋਸ਼ ਹਨ।

ਕਾਂਗਰਸ ਪ੍ਰਧਾਨ ਮਲਕ ਅਰਜੁਨ ਖੜਗੇ ਦਾ ਬਿਆਨ - ਜਿਨ੍ਹਾਂ ਦਾ ਆਪਣਾ ਕੋਈ ਇਤਿਹਾਸ ਨਹੀਂ, ਉਹ ਇਤਿਹਾਸ ਦਾ ਮਲੀਆਮੇਟ ਕਰਨ ਤੁਰੇ ਹਨ। 'ਨਹਿਰੂ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬ੍ਰੇਰੀ' ਦਾ ਨਾਮ ਬਦਲਣ ਦੀ ਕੋਝੀ ਹਰਕਤ ਨਾਲ ਅਜੋਕੇ ਆਜ਼ਾਦ ਭਾਰਤ ਦੇ ਸ਼ਿਲਪਕਾਰ ਲੋਕ ਰਾਜ ਦੇ ਕਰਤਾ-ਧਰਤਾ ਪੰਡਤ ਨਹਿਰੂ ਦੀ ਛਵੀ ਨੂੰ ਨਹੀਂ ਘਟਾਇਆ ਜਾ ਸਕਦਾ'। ਇਸ ਹਰਕਤ ਨਾਲ ਬੀ.ਜੇ.ਪੀ. ਅਤੇ ਆਰ.ਐੱਸ.ਐੱਸ. ਦੀ ਹੋਛੀ ਮਾਨਸਿਕਤਾ ਅਤੇ ਤਾਨਾਸ਼ਾਹੀ ਰਵੱਈਏ ਦੀ ਜਾਣਕਾਰੀ ਮਿਲਦੀ ਹੈ। ਮੋਦੀ ਸਰਕਾਰ ਦੀ ਬੌਣੀ ਸੋਚ 'ਹਿੰਦ ਦੇ ਜਵਾਹਰ (ਹੀਰੇ)' ਵਲੋਂ ਭਾਰਤ ਨੂੰ ਦਿੱਤੇ ਯੋਗਦਾਨ ਨੂੰ ਨਹੀਂ ਘਟਾ ਸਕਦੀ।

ਭਾਜਪਾ ਦੇ ਪ੍ਰਧਾਨ ਜੇ.ਪੀ.ਨੱਢਾ ਦਾ ਪਲਟਵਾਰ – ਕਾਂਗਰਸੀ ਇੱਕ ਸਾਧਾਰਨ ਤੱਥ ਨੂੰ ਸਵੀਕਾਰ ਕਰਨ ਤੋਂ ਅਸਮਰਥ ਹਨ ਕਿ ਨਰਿੰਦਰ ਮੋਦੀ ਇੱਕ ਵੰਸ਼ ਤੋਂ ਵੱਖਰੇ ਇੱਕ ਐਸੇ ਨੇਤਾ ਹਨ, ਜਿਨ੍ਹਾਂ ਸੇਵਾ ਕਰਦਿਆਂ ਦੇਸ਼ ਦਾ ਨਿਰਮਾਣ ਕੀਤਾ ਹੈ। ਕਾਂਗਰਸ ਕੋਲ ਇਸ ਨੂੰ ਦੇਖ ਸਕਣ ਲਈ ਦ੍ਰਿਸਟੀ ਨਹੀਂ ਹੈ।

ਭਾਰਤੀ ਸਾਂਸਦ ਦੀ ਨਵੀਂ ਇਮਾਰਤ ਦੇ ਉਦਘਾਟਨ ਵੇਲੇ ਭਾਜਪਾ ਨੇ ਦੇਸ਼ ਦੀ ਰਾਸ਼ਟਰਪਤੀ ਅਤੇ ਉਪਰਾਸਟਰਪਤੀ ਨੂੰ ਉੱਕਾ ਹੀ ਅਣਗੌਲਿਆਂ ਕਰ ਦਿੱਤਾ ਅਤੇ ਉਨ੍ਹਾਂ ਨੂੰ ਇਸ ਉਦਘਾਟਨ ਵਿਚ ਬੁਲਾਇਆ ਤੱਕ ਨਹੀਂ ਗਿਆ। ਮੀਡੀਏ ਦੀ ਕੁਲ ਕਵਰੇਜ ਪ੍ਰਧਾਨ ਮੰਤਰੀ ਮੋਦੀ ਤੱਕ ਹੀ ਸੀਮਤ ਸੀ। ਮੋਦੀ ਮੋਦੀ ਦੇ ਨਾਅਰੇ ਲੱਗ ਰਹੇ ਸਨ। ਜਦੋਂ ਪ੍ਰਧਾਨ ਮੰਤਰੀ ਸੰਗੋਲ ਨੂੰ ਸਨਮੁਖ ਹੋ ਰਿਹਾ ਸੀ, ਭਾਜਪਾ ਦੇ ਇੱਕ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਮੋਦੀ ਲਈ ਮਹਾਰਾਜਾ ਸ਼ਬਦ ਸੀ ਵਰਤੋਂ ਕੀਤੀ। ਅਖੀਰ 'ਤੇ ਨਹਿਰੂ ਖਿਲਾਫ ਭਾਜਪਾ ਦੀ ਨਫਰਤ ਦੇ ਦੋ ਪ੍ਰਮੁੱਖ ਕਾਰਨ ਦੱਸੇ ਜਾ ਰਹੇ ਹਨ। ਪਹਿਲਾ ਕਾਰਨ ਕਿ ਨਹਿਰੂ ਆਰ.ਐੱਸ.ਐੱਸ. ਦੇ ਖਿਲਾਫ ਸੀ ਅਤੇ ਉਸ ਨੇ ਕਦੀ ਵੀ ਆਰ.ਐੱਸ.ਐੱਸ. ਨਾਲ ਸਮਝੌਤਾ ਨਹੀਂ ਸੀ ਕੀਤਾ। ਦੂਜਾ ਕਾਰਨ ਇਹ ਕਿ ਆਰ.ਐੱਸ.ਐੱਸ. ਨੇ ਆਪਣੇ ਪਾਰਟੀ ਦਫਤਰ 'ਤੇ 92 ਸਾਲ ਤਿਰੰਗਾ ਨਹੀਂ ਸੀ ਲਹਿਰਾਇਆ। ਆਰ.ਐੱਸ.ਐੱਸ. ਅਤੇ ਹਿੰਦੂ ਮਹਾਂਸਭਾਂ ਦੇ ਤਾਰ ਗਾਂਧੀ ਦੀ ਹੱਤਿਆ ਨਾਲ ਜੁੜੇ ਸਨ। ਅੱਜ ਵੀ ਭਾਜਪਾ ਦੇ ਅਨੇਕਾਂ ਸਾਂਸਦ ਗੌਡਸੇ ਨੂੰ ਨਾਇਕ ਮੰਨਦੇ ਹਨ ਅਤੇ ਗਾਂਧੀ ਨੂੰ ਖਲਨਾਇਕ। ਆਰ.ਐੱਸ.ਐੱਸ. ਭਾਰਤ ਛੱਡੋ ਅੰਦੋਲਨ ਤੋਂ ਦੂਰ ਰਿਹਾ। ਆਰ.ਐੱਸ.ਐੱਸ. ਨੇ ਬੰਗਾਲ ਅਤੇ ਸਿੰਧ ਵਿਚ ਜਿਨਾਹ ਦੇ ਨਾਲ ਸਰਕਾਰ ਬਣਾਈ ਸੀ।

ਇਹ ਸਾਰੀ ਵਿਆਖਿਆ ਦੇਣ ਤੋਂ ਸਾਡਾ ਮਕਸਦ ਇਹ ਹੈ ਕਿ ਭਾਜਪਾ ਨਾ ਕੇਵਲ ਦੇਸ਼ ਦੀਆਂ ਘੱਟਗਿਣਤੀਆਂ 'ਤੇ ਹਮਲਾਵਰ ਹੈ, ਸਗੋਂ ਉਹ ਸਿਆਸੀ ਤੌਰ 'ਤੇ ਆਪਣੇ ਪ੍ਰਮੁੱਖ ਵਿਰੋਧੀ ਕਾਂਗਰਸ ਪਾਰਟੀ ਦਾ ਮਲੀਆਮੇਟ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਪੱਬਾਂ ਭਾਰ ਹੈ। ਹੁਣ ਦੇਖਣਾ ਇਹ ਹੈ ਕਿ ਦੇਸ਼ ਦੀਆਂ ਘੱਟਗਿਣਤੀਆਂ ਅਤੇ ਭਾਜਪਾ ਵਿਰੋਧੀ ਰਾਜਸੀ ਦਲ ਕੀ ਇਕੱਠੇ ਹੋ ਕੇ ਇਸ ਵਿਰੋਧ ਦਾ ਸਾਹਮਣਾ ਕਰਨ ਲਈ ਡਟਦੇ ਹਨ ਜਾਂ ਫਿਰ ਇਕੱਲੇ-ਇਕੱਲੇ ਖਤਮ ਹੋ ਕੇ ਭਾਜਪਾ ਦਾ ਰਾਹ ਪੱਧਰਾ ਕਰਦੇ ਹਨ!

# ਸੁਰਜੀਤ ਟੋਰਾਂਟੋ ਦਾ ਸੰਪਾਦਿਤ ਕਾਵਿ ਸੰਗ੍ਰਹਿ '#ਲਵੈਂਡਰ' ਸਾਹਿਤਕ ਫੁੱਲਾਂ ਦਾ ਗੁਲਦਸਤਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)



ਸੁਰਜੀਤ ਟੋਰਾਂਟੋ ਨੇ '#ਲਵੈਂਡਰ' ਕਾਵਿ ਸੰਗ੍ਰਹਿ (ਕੈਨੇਡਾ ਦੀ ਚੋਣਵੀਂ ਪੰਜਾਬੀ ਕਵਿਤਾ) ਸੰਪਾਦਿਤ ਕੀਤੀ ਹੈ, ਜਿਸ ਵਿਚ ਪੰਜਾਬੀ ਮੂਲ ਰੂਪ ਦੇ 44 ਕਵੀਆਂ/ਕਵਿਤਰੀਆਂ ਦੀਆਂ ਪ੍ਰਕਾਸ਼ਤ ਕੀਤੀਆਂ ਕਵਿਤਾਵਾਂ ਦੀ ਖ਼ੁਸ਼ਬੋ ਫ਼ਿਜ਼ਾ ਨੂੰ ਸੁਗੰਧਤ ਕਰ ਰਹੀ ਹੈ। ਸੁਰਜੀਤ ਸਮੇਤ 44 ਕਵੀ/ਕਵਿਤਰੀਆਂ ਭਾਵੇਂ ਕੈਨੇਡਾ ਵਿਚ ਰਹਿ ਰਹੇ ਹਨ ਪ੍ਰੰਤੂ ਉਹ ਮਾਨਸਿਕ ਤੌਰ 'ਤੇ ਆਪਣੀ ਮਾਤ ਭੂਮੀ ਪੰਜਾਬ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹੋਏ ਹਨ। ਪੰਜਾਬ ਵਿਚ ਕੋਈ ਵੀ ਚੰਗੀ ਜਾਂ ਮੰਦੀ ਘਟਨਾ ਵਾਪਰਦੀ ਹੈ, ਤਾਂ ਇਨ੍ਹਾਂ ਮੂਲ ਰੂਪ ਪੰਜਾਬੀ ਕੈਨੇਡੀਅਨ ਕਵੀਆਂ/ਕਵਿਤਰੀਆਂ ਦੇ ਕਲੇਜੇ ਚੀਸ ਪੈਂਦੀ ਹੈ। ਫਿਰ ਇਹ ਆਪੋ-ਆਪਣੀਆਂ ਕਲਮਾਂ ਚੁੱਕ ਕੇ ਆਪਣੀ ਚੀਸ ਦੀਆਂ ਪ੍ਰਤੀਕ੍ਰਿਆਵਾਂ ਕਵਿਤਾਵਾਂ ਦੇ ਰੂਪ ਵਿਚ ਪ੍ਰਗਟਾਉਂਦੇ ਹਨ। ਸੁਰਜੀਤ ਟੋਰਾਂਟੋ ਪੰਜਾਬ ਦੀ ਪੀੜ ਨਾਲ ਬਾਵਸਤਾ ਰਹਿੰਦੀ ਹੈ, ਉਹ ਲਗਪਗ ਹਰ ਸਾਲ ਆਪਣੀ ਮਾਤ ਭੂਮੀ ਨੂੰ ਨਤਮਸਤਕ ਹੁੰਦੀ ਹੈ। ਇਸ ਲਈ ਉਸ ਨੇ ਪੰਜਾਬੀ ਕਵੀਆਂ/ਕਵਿਤਰੀਆਂ ਦੀਆਂ ਭਾਵਨਾਵਾਂ ਵਿਚ ਲਪੇਟੀਆਂ ਬਿਹਤਰੀਨ ਕਵਿਤਾਵਾਂ ਨੂੰ ਇਕੱਤਰ ਕਰਕੇ ਇਕ ਕਾਵਿ ਸੰਗ੍ਰਹਿ ਦਾ ਰੂਪ ਦਿੱਤਾ ਹੈ। ਸੁਰਜੀਤ ਟੋਰਾਂਟੋ ਇਕ ਸੂਝਵਾਨ, ਵਿਸਮਾਦੀ, ਸੰਵੇਦਨਸ਼ੀਲ ਅਤੇ ਪ੍ਰਕ੍ਰਿਤੀ ਦੀ ਕਵਿਤਰੀ ਅਤੇ ਲੇਖਕਾ ਹੈ, ਉਸ ਨੇ ਇੱਕ ਸਾਲ ਦੀ ਸਖ਼ਤ ਮਿਹਨਤ ਤੇ ਦਿਲਚਸਪੀ ਨਾਲ ਕੈਨੇਡੀਅਨ ਪੰਜਾਬੀਆਂ ਦੀ ਕਵਿਤਾਵਾਂ ਦਾ ਪਾਠ ਕਰਦਿਆਂ ਉਨ੍ਹਾਂ ਵਿਚੋਂ ਆਪਣੀ ਪਸੰਦ ਦੀਆਂ ਕਵਿਤਾਵਾਂ ਨੂੰ ਇਸ ਕਾਵਿ ਸੰਗ੍ਰਹਿ ਵਿਚ ਸ਼ਾਮਲ ਕਰਕੇ ਲਾਜਵਾਬ ਕੰਮ ਕੀਤਾ ਹੈ। ਕਵੀਆਂ ਅਤੇ ਕਵਿਤਾਵਾਂ ਦੀ ਚੋਣ ਕਰਨੀ ਜ਼ੋਖ਼ਮ ਭਰਿਆ ਕੰਮ ਹੁੰਦਾ ਹੈ। ਇਕ ਕਵੀ/ਕਵਿਤਰੀ ਲਈ ਹਰ ਕਵਿਤਾ ਬਿਹਤਰੀਨ ਹੁੰਦੀ ਹੈ ਪ੍ਰੰਤੂ ਉਨ੍ਹਾਂ ਵਿਚੋਂ ਚੋਣ ਕਰਨਾ ਕਠਿਨ ਕਾਰਜ ਹੁੰਦਾ ਹੈ। ਸੁਰਜੀਤ ਟੋਰਾਂਟੋ ਨੇ ਇਹ ਕਠਿਨ ਤਪੱਸਿਆ ਕਰਕੇ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਉਨ੍ਹਾਂ ਇਸ ਕਾਵਿ ਸੰਗ੍ਰਹਿ ਵਿਚ ਸਥਾਪਤ, ਨੌਜਵਾਨ ਅਤੇ ਇਸਤਰੀ ਕਵਿਤਰੀਆਂ ਨੂੰ ਸ਼ਾਮਲ ਕਰਕੇ ਵੱਖਰੇ-ਵੱਖਰੇ ਰੰਗਾਂ ਦੇ ਸਾਹਿਤਕ ਫੁੱਲਾਂ ਦਾ ਅਜਿਹਾ ਗੁਲਦਸਤਾ ਬਣਾਇਆ ਹੈ,






ਜਿਹੜਾ ਖ਼ੂਬਸੂਰਤ ਬਹੁਰੰਗੀ ਖ਼ੁਸ਼ਬੋ ਦੀਆਂ ਛਹਿਬਰਾਂ ਨਾਲ ਸੁਗੰਧਤ ਕਰ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦੀ ਸਾਹਿਤਕ ਸੁਗੰਧ ਸਮੁੱਚੇ ਸੰਸਾਰ ਦੇ ਪੰਜਾਬੀਆਂ ਨੂੰ ਸੰਗੰਧਤ ਕਰ ਰਹੀ ਹੈ। ਇਹ ਕਾਵਿ ਸੰਗ੍ਰਹਿ ਸੁਰਜੀਤ ਦੀ ਸਾਹਿਤਕ ਸੋਚ ਦੀ ਖ਼ੁਸ਼ਬੋ ਦੇ ਕਲਾਤਮਕ ਦ੍ਰਿਸ਼ਟੀਕੋਣ ਦੀ ਜਾਣਕਾਰੀ ਦਿੰਦਾ ਹੈ। ਸੰਪਾਦਕ ਦਾ ਇਹ ਉਦਮ ਸਾਬਤ ਕਰਦਾ ਹੈ ਕਿ ਪੰਜਾਬੀ ਭਾਵੇਂ ਕਿਸੇ ਵੀ ਦੇਸ਼ ਵਿਚ ਕਾਰਜਸ਼ੀਲ ਹਨ ਪ੍ਰੰਤੂ ਆਤਮਿਕ ਤੌਰ 'ਤੇ ਉਹ ਪੰਜਾਬ ਦੀ ਮਿੱਟੀ ਦੀ ਮਹਿਕ ਵਿਚ ਵਿਚਰ ਰਹੇ ਹਨ। ਅਜਿਹੇ ਉਦਮਾਂ ਅਤੇ ਪਰਵਾਸੀ ਕਵੀਆਂ/ਕਵਿਤਰੀਆਂ ਦੀਆਂ ਕਲਮਾਂ ਦੀ ਕਰਾਮਾਤ ਸਦਕਾ ਪੰਜਾਬੀ ਮਾਂ ਬੋਲੀ ਹਮੇਸ਼ਾ ਇਸੇ ਤਰ੍ਹਾਂ ਸੰਸਾਰ ਵਿਚ ਆਪਣਾ ਬੋਲਬਾਲਾ ਕਾਇਮ ਰੱਖੇਗੀ। ਇਸ ਕਾਵਿ ਸੰਗ੍ਰਹਿ ਵਿਚ ਖੁੱਲ੍ਹੀਆਂ ਅਤੇ ਛੰਦ ਬੱਧ ਦੋਵੇਂ ਕਿਸਮ ਦੀਆਂ ਕਵਿਤਾਵਾਂ ਹਨ। ਇਹ ਕਵਿਤਾਵਾਂ ਸਮੇਂ ਅਤੇ ਪ੍ਰਸਥਿਤੀਆਂ ਦੀ ਤਬਦੀਲੀ ਦੀਆਂ ਪ੍ਰਤੀਕ ਹਨ ਅਤੇ ਇਨ੍ਹਾਂ ਦੇ ਆਪੋ-ਆਪਣੇ ਰੰਗ ਸਤਰੰਗੀ ਪੀਂਘ ਦੀ ਤਰ੍ਹਾਂ ਮਨੁੱਖਤਾ ਦੇ ਦਿਲਾਂ ਨੂੰ ਮਨਮੋਹਕ ਦ੍ਰਿਸ਼ ਨਾਲ ਆਕਰਸ਼ਿਤ ਕਰਦੇ ਹਨ। ਕਈ ਕਵਿਤਾਵਾਂ ਭਾਵਨਾਵਾਂ ਵਿਚ ਲਪੇਟੀਆਂ ਹੋਈਆਂ ਸਿੰਬਾਲਿਕ ਹਨ, ਜੋ ਬਿੰਬਾਂ ਨਾਲ ਪਿਆਰ ਦੀਆਂ ਪੀਂਘਾਂ ਝੂਟਦੀਆਂ ਨਜ਼ਰ ਆ ਰਹੀਆਂ ਹਨ, ਉਹ ਕਵਿਤਾਵਾਂ ਪਰਵਾਸ ਦੀ ਜ਼ਿੰਦਗੀ ਸਮੇਂ ਅਤੇ ਸਥਾਨ ਦੀ ਪ੍ਰਤੀਨਿਧਤਾ ਕਰਦੀਆਂ ਹਨ। ਪਰਵਾਸ ਤੋਂ ਪਹਿਲਾਂ ਅਤੇ ਬਾਅਦ ਵਿਚ ਕਿਹੜੀਆਂ ਤਬਦੀਲੀਆਂ ਆਈਆਂ ਹਨ, ਉਨ੍ਹਾਂ ਤਬਦੀਲੀਆਂ ਨੂੰ ਦੋਵੇਂ ਸਥਾਨਾਂ 'ਤੇ ਕਿਸ ਨਿਗਾਹ ਨਾਲ ਵੇਖਿਆ ਜਾਂਦਾ ਹੈ, ਕਵਿਤਾਵਾਂ ਦੇ ਵਿਸ਼ੇ ਹਨ। ਸੁਰਜੀਤ ਨੇ ਕਾਵਿ ਸੰਗ੍ਰਹਿ ਵਿਚ ਕਵਿਤਾਵਾਂ ਸ਼ਾਮਲ ਕਰਦਿਆਂ ਬਹੁਤ ਹੀ ਸੰਜੀਦਗੀ ਨਾਲ ਚੋਣ ਕੀਤੀ ਹੈ। ਕਵਿਤਾਵਾਂ ਦਰਸਾਉਂਦੀਆਂ ਹਨ ਕਿ ਪੰਜਾਬ ਅਤੇ ਪਰਵਾਸ ਦੀ ਪ੍ਰਣਾਲੀ ਅਤੇ ਕਾਨੂੰਨਾਂ ਵਿਚ ਜ਼ਮੀਨ-ਅਸਮਾਨ ਦਾ ਅੰਤਰ ਹੈ, ਉਸ ਅੰਤਰ ਦਾ ਦੋਵੇਂ ਸਥਾਨਾਂ 'ਤੇ ਕੀ ਪ੍ਰਭਾਵ ਪੈਂਦਾ ਹੈ। ਜਦੋਂ ਪਰਵਾਸ ਸ਼ੁਰੂ ਹੋਇਆ ਅਤੇ ਹੁਣ ਕਿਸ ਸੰਦਰਭ ਵਿਚ ਲਿਆ ਜਾਂਦਾ ਹੈ। ਕਵਿਤਾਵਾਂ ਵਿਚ ਪਰਵਾਸ ਦੀ ਚੀਸ ਅਤੇ ਖ਼ੁਸ਼ੀ ਦੋਵੇਂ ਮਿਲਦੇ ਹਨ। ਆਸ਼ਾ ਤੇ ਨਿਰਾਸ਼ਾ ਦੋਵੇਂ ਵਿਦਮਾਨ ਹਨ। ਪਰਵਾਸ ਵਿਚ ਸੱਧਰਾਂ ਦੇ ਮਰ ਜਾਣ ਦਾ ਸੰਤਾਪ ਵੀ ਹੈ। ਪ੍ਰੰਤੂ ਨਾਲ ਹੀ ਤੰਗੀਆਂ-ਤਰੁਸ਼ੀਆਂ ਦਾ ਮੁਕਾਬਲਾ ਕਰਕੇ ਸਫਲਤਾ ਦਾ ਸਿਹਰਾ ਵੀ ਬੱਝਦਾ ਹੈ। ਪਰਿਵਾਰਿਕ ਰਿਸ਼ਤਿਆਂ, ਇਸਤਰੀ ਦੀ ਗ਼ੁਲਾਮੀ, ਅਨੇਕਾਂ ਗੁਰੂ ਘਰ ਹੋਣ ਦੇ ਬਾਵਜੂਦ ਜਾਤ-ਪਾਤ ਦਾ ਬਰਕਰਾਰ ਰਹਿਣਾ ਅਤੇ ਪੰਜਾਬ ਦੀ ਤ੍ਰਾਸਦੀ ਕਵਿਤਾਵਾਂ ਵਿਚੋਂ ਝਲਕਦੀ ਹੋਈ ਪਾਠਕ ਨੂੰ ਸੋਚਣ ਲਈ ਮਜਬੂਰ ਕਰਦੀ ਹੈ। ਕਵਿਤਾਵਾਂ ਇਨਸਾਨ ਨੂੰ ਅੰਤਰ ਝਾਤ ਮਾਰਨ 'ਤੇ ਜ਼ੋਰ ਦਿੰਦੀਆਂ ਹਨ, ਤਾਂ ਜੋ ਖ਼ੁਸ਼ੀ ਪ੍ਰਾਪਤ ਕੀਤੀ ਜਾ ਸਕੇ, ਖ਼ੁਸ਼ੀ ਕਿਸੇ ਵੀ ਚੀਜ਼ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁਝ ਕਵਿਤਾਵਾਂ ਇਸਤਰੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰਦੀਆਂ ਹਨ, ਜਿਵੇਂ ਇਸਤਰੀ ਦਾ ਹਰ ਰੋਣ-ਧੋਣ ਬਰਦਾਸ਼ਤ ਕੀਤਾ ਜਾ ਸਕਦਾ ਪ੍ਰੰਤੂ ਔਰਤ ਦੇ ਪਿਆਰ ਨੂੰ ਅਣਡਿੱਠ ਕਰਨਾ ਝੱਲਿਆ ਨਹੀਂ ਜਾ ਸਕਦਾ ਕਿਉਂਕਿ ਔਰਤ ਖ਼ੁਸੀਆਂ ਅਤੇ ਖੇੜਿਆਂ ਦੀ ਪ੍ਰਤੀਕ ਹੁੰਦੀ ਹੈ। ਔਰਤ ਸ਼ਕਤੀਵਾਨ ਹੈ, ਉਸ ਨੂੰ ਆਪਣੀ ਛੁਪੀ ਸ਼ਕਤੀ ਦੀ ਪਛਾਣ ਕਰਨੀ ਚਾਹੀਦੀ ਹੈ। ਬੇਇਨਸਾਫ਼ੀ, ਜ਼ਾਲਮਾਂ ਤੇ ਲੁਟੇਰਿਆਂ ਵਿਰੁੱਧ, ਮਨੁੱਖਤਾ ਲਈ ਮੋਹ, ਹੱਕ ਸੱਚ 'ਤੇ ਪਹਿਰਾ, ਇਨਕਲਾਬੀ ਸੋਚ, ਸਵੱਛ ਵਾਤਾਵਰਨ, ਕਿਸਾਨਾਂ ਨਾਲ ਹਮਦਰਦੀ ਅਤੇ ਸੰਗੀਤ ਦੀ ਚਾਸ਼ਣੀ ਵਰਗੇ ਵਿਸ਼ਿਆਂ ਨਾਲ ਲਬਰੇਜ਼ ਕਵਿਤਾਵਾਂ ਮਨੁੱਖੀ ਮਨਾਂ ਵਿਚ ਸੰਵੇਦਨਾ ਪੈਦਾ ਕਰਦੀਆਂ ਹਨ। ਗੰਧਲੀ ਸਿਆਸਤ, ਬਲਾਤਕਾਰ ਅਤੇ ਨਸ਼ਿਆਂ ਦੇ ਖ਼ਤਰਨਾਕ ਸਿੱਟਿਆਂ ਬਾਰੇ ਚਿੰਤਾ ਪ੍ਰਗਟ ਕਰਦੀਆਂ ਹਨ। ਗੁਰੂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ, ਵਿਰਾਸਤ ਦੀ ਸੰਭਾਲ, ਸ਼ਾਂਤੀ ਦੀ ਪੁਕਾਰ ਅਤੇ ਪੰਜਾਬੀ ਬੋਲੀ ਨੂੰ ਅਪਨਾਉਣ ਦੀ ਪ੍ਰੇਰਨਾ ਦੇ ਰਹੀਆਂ ਹਨ। ਹਿੰਦ ਪਾਕਿ ਦੀ ਵੰਡ ਦੀ ਹੂਕ ਪਾਉਂਦੀਆਂ ਕਵਿਤਾਵਾਂ ਵੀ ਹਨ। ਪਰਵਾਸ ਵਿਚ ਪੰਜਾਬੀ ਜਾਂਦੇ ਵੀ ਤਰੱਦਦ ਕਰਕੇ ਹਨ ਪ੍ਰੰਤੂ ਉਥੇ ਜਾ ਕੇ ਜੱਦੋ-ਜਹਿਦ ਕਰਨੀ ਪੈਂਦੀ ਹੈ। ਉਨ੍ਹਾਂ ਨੂੰ ਪਿਛਲਾ ਵਿਰਾਸਤ ਦਾ ਹੇਜ ਵੀ ਤੰਗ ਕਰਦਾ ਰਹਿੰਦਾ ਹੈ। ਇਨਸਾਨ ਬ੍ਰਾਂਡਿਡ ਉਲਝਣਾਂ ਵਿਚ ਫਸਿਆ ਰਹਿੰਦਾ ਹੈ, ਮੂਲ ਨਿਵਾਸੀ ਕੈਨੇਡੀਅਨ ਦਾ ਦਰਦ ਅਤੇ ਪੰਜਾਬ ਵਿਚ ਇਸਤਰੀਆਂ ਦੀ ਦੁਰਦਸ਼ਾ ਤੇ ਕੁਦਰਤ ਨਾਲ ਕੀਟਨਾਸ਼ਕ ਦਵਾਈਆਂ ਰਾਹੀਂ ਕੀਤੇ ਜਾਂਦੇ ਖਿਲਵਾੜ ਬਾਰੇ ਕਵਿਤਾਵਾਂ ਹਨ, ਜੋ ਪਾਠਕ ਨੂੰ ਕੁਰੇਦਦੀਆਂ ਹਨ। ਬੁੱਧ ਦਾ ਨਿਰਵਾਣ ਬੁੱਧ ਲਈ ਸ਼ਾਂਤੀ ਤਾਂ ਦੇ ਸਕਦਾ ਪ੍ਰੰਤੂ ਔਰਤ ਲਈ ਦੁੱਖਦਾਈ ਹੈ। ਕੁਝ ਕਵੀਆਂ/ਕਵਿਤਰੀਆਂ ਨੇ ਪੰਜਾਬ ਵਿਚ ਗ਼ਰੀਬ ਅਮੀਰ ਦੇ ਪਾੜੇ ਵਿਚ ਜ਼ਮੀਨ-ਅਸਮਾਨ ਦੇ ਅੰਤਰ ਬਾਰੇ ਕਵਿਤਾਵਾਂ ਲਿਖਦਿਆਂ ਗ਼ਰੀਬਾਂ ਦੀ ਦਾਸਤਾਂ ਬਿਆਨ ਕੀਤੀ ਹੈ। ਜ਼ਿੰਦਗੀ ਵਿਚ ਬਚਪਨ, ਜਵਾਨੀ ਅਤੇ ਬੁਢਾਪੇ ਦੇ ਰੰਗਾਂ ਨੂੰ ਵੀ ਦਰਸਾਇਆ ਹੈ। ਆਪਣਿਆਂ ਦਾ ਬਿਗਾਨਿਆਂ ਦੀ ਤਰ੍ਹਾਂ ਵਿਵਹਾਰ ਤਕਲੀਫ ਦਿੰਦਾ ਹੈ। ਹਉਮੈ ਇਕ ਨਾ ਇਕ ਦਿਨ ਟੁੱਟ ਜਾਂਦੀ ਹੈ, ਆਸਾਂ ਦੇ ਸਿਰ ਜੀਵਨ ਬਸਰ ਹੁੰਦਾ ਹੈ ਪ੍ਰੰਤੂ ਉਹ ਕਦੀਂ ਪੂਰੀਆਂ ਨਹੀਂ ਹੁੰਦੀਆਂ। ਇਸ ਪੁਸਤਕ ਦੀਆਂ ਕਵਿਤਾਵਾਂ ਪਿਆਰ ਮੁਹੱਬਤ ਦੇ ਗੀਤ ਗਾਉਂਦੀਆਂ ਹੋਈਆਂ ਨਫ਼ਰਤਾਂ ਦੀਆਂ ਕੰਧਾਂ ਤੋੜਨ ਦੀ ਪੁਰਜ਼ੋਰ ਹਮਾਇਤ ਕਰਦੀਆਂ ਹਨ। ਮਨੁੱਖ ਦੀ ਇਸਤਰੀ ਦੇ ਸਰੀਰਕ ਖਿੱਚ ਦੀ ਪ੍ਰਵਿਰਤੀ ਦਾ ਪਾਜ ਉਘੇੜਦੀ ਸੀਰਤ ਦੀ ਕਦਰ ਕਰਨ ਨੂੰ ਤਰਜ਼ੀਹ ਦੇਣ ਦੀ ਵਕਾਲਤ ਕੀਤੀ ਗਈ ਹੈ। ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਹਨ। ਪੰਜਾਬੀਆਂ ਦੇ ਅੱਸੀਵਿਆਂ ਵਿਚ ਹੋਏ ਮਾਨਵਤਾ ਦੇ ਘਾਣ ਬਾਰੇ ਦੁੱਖਦਾਇਕ ਸਮੇਂ ਦੀ ਤ੍ਰਾਸਦੀ ਦਾ ਜ਼ਿਕਰ ਕਰਦੀਆਂ ਹੋਈਆਂ ਵਰਤਮਾਨ ਜ਼ਿੰਦਗੀ ਨੂੰ ਮਾਨਣ ਦੀ ਪੁਰਜ਼ੋਰ ਤਾਕੀਦ ਕਰਦੀਆਂ ਹਨ। ਮਾਨਵਤਾ ਦੇ ਹੱਕਾਂ 'ਤੇ ਪਹਿਰਾ ਦਿੰਦੀਆਂ ਹਨ। ਮਨੁੱਖ ਮੁਖੌਟੇ ਪਾਈ ਫਿਰਦਾ ਹੈ, ਭਾਵ ਦੂਹਰੀ ਜ਼ਿੰਦਗੀ ਜਿਓ ਰਿਹਾ ਹੈ। ਇਸ ਕਾਵਿ ਸੰਗ੍ਰਹਿ ਵਿਚ ਇਕ ਹੋਰ ਵੱਖਰੀ ਗੱਲ ਹੈ ਕਿ ਸੰਪਾਦਕ ਨੇ ਸੰਪਾਦਨਾ ਕਰਦਿਆਂ ਪੁਸਤਕ ਵਿਚ ਸ਼ਾਮਲ ਕਵੀਆਂ/ਕਵਿਤਰੀਆਂ ਬਾਰੇ ਵੀ ਸੰਖੇਪ ਵਿਚ ਜਾਣਕਾਰੀ ਦਿੱਤੀ ਹੈ। ਇਹ ਜਾਣਕਾਰੀ ਉਨ੍ਹਾਂ ਦੇ ਸਮੁੱਚੇ ਯੋਗਦਾਨ ਦਾ ਸਾਰੰਸ਼ ਹੈ।

166 ਪੰਨਿਆਂ, 180 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਅਲੋਪ ਹੋ ਰਹੇ ਚੇਟਕਾਂ ਦਾ ਦੁੱਖ, ਪਰਵਾਸ ਦੀਆਂ ਪ੍ਰੰਪਰਾਵਾਂ, ਨਿਯਮਾਂ ਅਤੇ ਦੋਸਤੀਆਂ ਦੀ ਪ੍ਰਸ਼ੰਸਾ ਕੀਤੀ ਗਈ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ


e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਕੰਧ ਓਹਲੇ ਪਰਦੇਸ

## (ਇੱਕ ਵਿਸ਼ਲੇਸ਼ਣ)

ਸੱਤਪਾਲ ਸਿੰਘ ਦਿਓਲ
ਐਡਵੋਕੇਟ
98781-70771
(Punjab Mail USA)






ਖੇਤਰਫਲ ਦੇ ਪੱਖ ਤੋਂ ਕੈਨੇਡਾ ਦੁਨੀਆਂ ਦਾ ਦੂਜਾ ਵੱਡਾ ਦੇਸ਼ ਹੈ। ਪਹਿਲੇ ਨੰਬਰ ’ਤੇ ਰੂਸ ਵੱਡਾ ਦੇਸ਼ ਹੈ। ਕੈਨੇਡਾ ਦੀ ਕੁੱਲ ਆਬਾਦੀ ਚਾਰ ਕਰੋੜ ਦੇ ਕਰੀਬ ਹੈ, ਜੋ ਸਾਡੇ ਪੰਜਾਬ ਪ੍ਰਾਂਤ ਦੀ ਆਬਾਦੀ ਦੇ ਨੇੜੇ-ਤੇੜੇ ਹੈ। ਇੰਨੀ ਥੋੜੀ ਆਬਾਦੀ ਕਾਰਨ ਕੈਨੇਡਾ ਦੀ ਆਰਥਿਕਤਾ ਨੂੰ ਹੁਲਾਰਾ ਨਹੀਂ ਮਿਲ ਰਿਹਾ, ਭਾਵੇਂ ਕਿ ਕੈਨੇਡਾ ਵਿਕਸਿਤ ਦੇਸ਼ਾਂ ਵਿਚ ਸ਼ੁਮਾਰ ਹੈ ਪਰ ਆਰਥਿਕ ਸਾਧਨਾਂ ਨਾਲ ਲਬਰੇਜ਼ ਹੋਣ ਦੇ ਬਾਵਜੂਦ ਵੀ ਕੈਨੇਡਾ ਦੀ ਆਰਥਿਕਤਾ ਦੁਨੀਆਂ ਵਿਚ ਨੌਵੇਂ ਨੰਬਰ ’ਤੇ ਆਉਂਦੀ ਹੈ। ਅਗਰ ਇਸ ਦੇਸ਼ ਦੀ ਆਬਾਦੀ ਪੰਦਰਾਂ ਕਰੋੜ ਦੇ ਨੇੜੇ-ਤੇੜੇ ਹੁੰਦੀ, ਤਾਂ ਇਹ ਦੇਸ਼ ਸ਼ਾਇਦ ਦੁਨੀਆਂ ਵਿਚ ਇੱਕ ਨੰਬਰ ’ਤੇ ਆਉਂਦਾ। ਇੱਥੋਂ ਦੇ ਮਾਹਰਾਂ ਨੇ ਘੱਟ ਆਬਾਦੀ ਦੀ ਸਮੱਸਿਆ ਦਾ ਹੱਲ ਬਾਹਰੋਂ ਨੌਜਵਾਨ ਤੇ ਹੁਨਰਮੰਦ ਲੋਕ ਮੰਗਵਾ ਕੇ ਵਸਾਉਣੇ ਸ਼ੁਰੂ ਕੀਤੇ ਹਨ, ਤਾਂ ਕਿ ਇਸ ਦੀ ਆਰਥਿਕਤਾ ਨੂੰ ਹੁਲਾਰਾ ਮਿਲ ਸਕੇ। ਜਿਵੇਂ ਕਿ ਕੁਝ ਦਹਾਕੇ ਪਹਿਲਾਂ ਵੱਧ ਜਨਸੰਖਿਆ ਕਿਸੇ ਵੀ ਦੇਸ਼ ਲਈ ਸਮੱਸਿਆ ਮੰਨੀ ਜਾਂਦੀ ਸੀ, ਹੁਣ ਕਈ ਦੇਸ਼ਾਂ ਦੀ ਸਮੱਸਿਆ ਘੱਟ ਰਹੀ ਜਨਸੰਖਿਆ ਹੈ। ਜਨਸੰਖਿਆ ਦੀ ਵੱਡੀ ਗਿਣਤੀ ਵੱਧ ਮਾਤਰਾ ਵਿਚ ਵਸਤੂਆਂ ਦਾ ਉਪਭੋਗ ਕਰੇਗੀ ਤੇ ਕਾਰੋਬਾਰੀਆਂ ਦੇ ਜ਼ਰੀਏ ਦੇਸ਼ ਵੱਧ ਮਾਲੀਆ ਇਕੱਠਾ ਕਰੇਗਾ। ਇਹ ਵਿਕਾਸ ਦਾ ਨਵਾਂ ਸੂਤਰ ਹੈ। ਤਾਜ਼ਾ ਉਦਾਹਰਨ ਚੀਨ ਵੱਲੋਂ ਆਪਣੀ ਜਨਸੰਖਿਆ ਵਧਾਉਣ ਲਈ ਚੁੱਕੇ ਜਾਣ ਵਾਲੇ ਕਦਮ ਹਨ।

ਕੈਨੇਡਾ ਵੀ ਸਾਡੇ ਦੇਸ਼ ਵਾਂਗ ਅੰਗਰੇਜ਼ਾਂ ਦਾ ਗੁਲਾਮ ਸੀ। ਇਸ ਲਈ ਅੰਗਰੇਜ਼ ਵੀ ਕੈਨੇਡਾ ਵਿਚ ਸਾਡੇ ਵਾਂਗ ਹੀ ਪ੍ਰਵਾਸੀ ਹਨ। ਉਥੋਂ ਦੇ ਵਸਨੀਕ ਤਾਂ ਮੂਲ ਨਿਵਾਸੀ ਹਨ। ਭਾਰਤ ਦੇ ਮੁਕਾਬਲੇ ਅੰਗਰੇਜ਼ਾਂ ਨੇ ਕੈਨੇਡਾ ਨੂੰ ਘੱਟ ਲੁੱਟਿਆ ਹੈ। ਕਿਉਂਕਿ ਭਾਰਤ ਕੋਲ ਲੁੱਟੇ ਜਾਣ ਲਈ ਬਹੁਤ ਸਾਰਾ ਤਰਲ ਸਰਮਾਇਆ ਸੀ। ਕੈਨੇਡਾ ਦੀ ਧਰਤੀ ਕੁਦਰਤੀ ਸਾਧਨਾਂ ਨਾਲ ਸੰਪੂਰਨ ਹੈ, ਉਸ ਵਕਤ ਇਸ ਕੁਦਰਤੀ ਖਜ਼ਾਨੇ ਨੂੰ ਲੁੱਟਣ ਲਈ ਅੰਗਰੇਜ਼ਾਂ ਕੋਲ ਸਾਧਨ ਨਹੀਂ ਸਨ। ਇਸ ਲਈ ਭਾਰਤ ਦੇ ਮੁਕਾਬਲੇ ਅੰਗਰੇਜ਼ਾਂ ਨੇ ਕੈਨੇਡਾ ਦੀ ਲੁੱਟ ਨਾਮਾਤਰ ਕੀਤੀ ਪਰ ਜੋ ਜ਼ੁਲਮ ਉਨ੍ਹਾਂ ਵੱਲੋਂ ਮੂਲ ਨਿਵਾਸੀਆਂ ’ਤੇ ਢਾਹੇ ਗਏ, ਉਹ ਕੈਨੇਡਾ ਦੇ ਮੱਥੇ ’ਤੇ ਹਮੇਸ਼ਾਂ ਕਲੰਕ ਵਾਂਗ ਰਹਿਣਗੇ। ਕੁਦਰਤ ਨੇ ਕੈਨੇਡਾ ਨੂੰ ਬਹੁਤ ਸਾਰੇ ਉਪਯੋਗੀ ਖਣਿਜਾਂ ਨਾਲ ਭਰਪੂਰ ਰੱਖਿਆ ਹੈ। ਦੁਨੀਆਂ ਵਿਚੋਂ ਵੱਡਾ ਹਿੱਸਾ ਖਣਿਜ ਤੇ ਬਹੁਤ ਵੱਡਾ ਹਿੱਸਾ ਸਾਫ ਪਾਣੀ ਦਾ ਖਜ਼ਾਨਾ ਕੈਨੇਡਾ ਕੋਲ ਮੌਜੂਦ ਹੈ।

ਪੜ੍ਹਾਈ ਵਾਸਤੇ ਪ੍ਰਵਾਸੀ ਮੰਗਵਾਉਣ ਵਿਚ ਕੈਨੇਡਾ ਮੋਹਰੀ ਦੇਸ਼ ਹੈ। ਆਸਾਨ ਭਾਸ਼ਾ ਵਿਚ ਕਹਿ ਲਿਆ ਜਾਵੇ, ਤਾਂ ਪੜ੍ਹਾਈ ਦਾ ਵਪਾਰੀਕਰਨ ਕਰਕੇ ਆਰਥਿਕਤਾ ਨੂੰ ਹੁਲਾਰਾ ਦੇਣ ਵਾਲਾ ਦੇਸ਼ ਹੈ ਕੈਨੇਡਾ। ਹੋਰ ਅੱਗੇ ਜਾ ਕੇ ਕਿਹਾ ਜਾ ਸਕਦਾ ਹੈ ਕਿ ਪੜ੍ਹਾਈ ਕੈਨੇਡਾ ਵਿਚ ਇੱਕ ਬਹੁਤ ਵੱਡਾ ਫਰਾਡ ਹੈ। ਕੈਨੇਡਾ ਬੱਚਿਆਂ ਅਤੇ ਬੁੱਢਿਆਂ ਨੂੰ ਸਾਂਭਣ ਲਈ ਆਪਣਾ ਵੱਡਾ ਸਰਮਾਇਆ ਖਰਚ ਰਿਹਾ ਹੈ। ਇਸ ਦਾ ਹੱਲ ਹੁਕਮਰਾਨਾਂ ਨੇ ਇਹ ਲੱਭਿਆ ਹੈ ਕਿ ਨੌਜਵਾਨ ਬਾਹਰੋਂ ਮੰਗਵਾ ਕੇ ਇਸ ਸਮੱਸਿਆ ਤੋਂ ਨਿਜ਼ਾਤ ਪਾ ਲਈ ਜਾਵੇ। ਇਸ ਨਾਲ ਇੱਕ ਤਾਂ ਜਵਾਨ ਤੇ ਦੂਸਰੇ ਹੁਨਰਮੰਦ ਨੌਜਵਾਨ ਜੋ ਹਰ ਖੇਤਰ ਵਿਚ ਮਾਹਰ ਹੋਣਗੇ, ਕੈਨੇਡਾ ਆਉਣਗੇ। ਇੱਕ ਤਰ੍ਹਾਂ ਨਾਲ ਬੁੱਢੇ ਹੋ ਰਹੇ ਕੈਨੇਡਾ ਨੂੰ ਇਹ ਨੌਜਵਾਨ ਹੁਲਾਰਾ ਦੇਣਗੇ। ਪੂਰੀ ਤਰ੍ਹਾਂ ਨਾਲ ਇੱਥੋਂ ਦੀ ਅਰਥਵਿਵਸਥਾ ਸੁਤੰਤਰ ਪੂੰਜੀਵਾਦੀ ਅਰਥਵਿਵਸਥਾ ਹੈ। ਹਰ ਇੱਕ ਸੋਚ ਕਾਰੋਬਾਰੀ ਹੈ। ਪੜ੍ਹਾਈ ਸਿਰਫ ਕਾਰੋਬਾਰੀ ਸਰਮਾਇਆ ਇਕੱਠਾ ਕਰਨ ਦਾ ਇੱਕ ਜ਼ਰੀਆ ਹੈ। ਸਥਾਈ ਰਿਹਾਇਸ਼ ਹਾਸਲ ਕਰਨਾ ਇੱਕ ਮੁਸ਼ਕਲ ਕੰਮ ਹੈ, ਜੋ ਕਿ ਬਹੁਤ ਸਾਰਾ ਪੈਸਾ ਖਰਚ ਕਰਕੇ ਹਾਸਲ ਹੁੰਦੀ ਹੈ। ਇਸ ਲਈ ਨੌਜਵਾਨ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਨ।


ਸਾਡੇ ਪੰਜਾਬ ਦੇ ਬਹੁਤ ਸਾਰੇ ਹੁਨਰਮੰਦ ਤੇ ਕਾਬਲ ਵਿਦਿਆਰਥੀ ਕੈਨੇਡਾ ਪੜ੍ਹਾਈ ਲਈ ਜਾਂਦੇ ਹਨ ਅਤੇ ਸਥਾਈ ਰਿਹਾਇਸ਼ ਹਾਸਲ ਕਰਦੇ ਹਨ। ਇਸ ਪਿੱਛੇ ਸਰਕਾਰਾਂ ਨੇ ਸਿਆਸੀ ਰੋਟੀਆਂ ਸੇਕਣ ਲਈ ਪੰਜਾਬ ਵਿਚ ਨਸ਼ੇ ਤੋਂ ਡਰ, ਲੋਕਾਂ ਦੇ ਸੀਨੇ ਅੰਦਰ ਧੱਕ ਦਿੱਤਾ ਹੈ। ਨਸ਼ੇ ਦੀ ਸਮੱਸਿਆ ਇੱਕ ਵਿਸ਼ਵਵਿਆਪੀ ਸਮੱਸਿਆ ਹੈ। ਨਸ਼ੇ ਕਰਕੇ ਪ੍ਰਵਾਸ ਕਰਨਾਂ ਇੱਕ ਛੋਟਾ ਜਿਹਾ ਕਾਰਨ ਹੋ ਸਕਦਾ ਹੈ ਪਰ ਵੱਡਾ ਕਾਰਨ ਬੇਰੁਜ਼ਗਾਰੀ ਹੈ। ਨੌਜਵਾਨ ਕਿੱਤਾਮੁਖੀ ਤੇ ਹੋਰ ਉਚੇਰੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਰੋਜ਼ਗਾਰ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਲਈ ਵਿਦੇਸ਼ ਨੂੰ ਪੜ੍ਹਾਈ ਕਰਕੇ ਸਥਾਈ ਰਿਹਾਇਸ਼ ਵਾਸਤੇ ਚੁਣਦੇ ਹਨ। ਨਸ਼ੇ ਦੇ ਮਾਮਲੇ ਵਿਚ ਕੈਨੇਡਾ ਪੰਜਾਬ ਤੋਂ ਘੱਟ ਨਹੀਂ। ਨਸ਼ਾ ਕੈਨੇਡਾ ਵਿਚ ਆਸਾਨੀ ਨਾਲ ਉਪਲਬਧ ਹੈ, ਸਗੋਂ ਭੰਗ ਵਰਗਾ ਨਸ਼ਾ ਸਰਕਾਰੀ ਠੇਕਿਆਂ ਤੋਂ ਮਿਲਣ ਲੱਗਾ ਹੈ। ਵੱਖਰੀ ਗੱਲ ਹੈ ਕਿ ਸਾਡੇ ਨੌਜਵਾਨ ਰੋਜ਼ਗਾਰ ਲੱਗ ਜਾਂਦੇ ਹਨ, ਨਸ਼ੇ ਵੱਲ ਧਿਆਨ ਹੀ ਨਹੀਂ ਜਾਂਦਾ। ਪਰ ਫਿਰ ਵੀ ਬਹੁਤ ਸਾਰੇ ਸਾਡੇ ਨੌਜਵਾਨ ਉਸ ਨਸ਼ੇ ਦੇ ਨਰਕ ਵਿਚ ਧਸ ਕੇ ਰਹਿ ਜਾਂਦੇ ਹਨ। ਇਸ ਪਹਿਲੂ ਨੂੰ ਅਸੀਂ ਵਿਚਾਰਨਾ ਵੀ ਨਹੀਂ ਚਾਹੁੰਦੇ। ਕੈਨੇਡਾ ਜਾਣ ਦੀ ਹੋੜ ਵਿਚ ਅੱਖਾਂ ਬੰਦ ਕਰਕੇ ਬੈਠੇ ਹਾਂ।

ਨਸਲ-ਭੇਦ ਦੀ ਸਮੱਸਿਆ ਦਾ ਸਾਹਮਣਾ ਹੋਰਨਾਂ ਦੇਸ਼ਾਂ ਦੇ ਲੋਕਾਂ ਨੂੰ ਕਰਨਾ ਪੈਂਦਾ ਹੈ। ਸਥਾਈ ਨਿਵਾਸੀਆਂ ਨੂੰ ਆਪਣੇ ਦੇਸ਼ ਦੀ ਵਿਦੇਸ਼ ਨੀਤੀ ’ਤੇ ਵੱਡਾ ਇਤਰਾਜ਼ ਹੈ। ਉਹ ਲੋਕ ਸਮਝਦੇ ਹਨ ਕਿ ਸਾਡੇ ਹੱਕਾਂ ਉਪਰ ਵਿਦੇਸ਼ੀ ਪ੍ਰਵਾਸ ਕਰਕੇ ਡਾਕਾ ਮਾਰ ਰਹੇ ਹਨ। ਕੈਨੇਡਾ ਦੇ ਕਈ ਅਣਛੂਹੇ ਹਿੱਸੇ ਅਜਿਹੇ ਹਨ, ਜਿੱਥੇ ਮੁੱਢਲੀਆਂ ਸਹੂਲਤਾਂ ਦੀ ਕਮੀ ਹੈ। ਕਈ ਦੂਰ-ਦੁਰਾਡੇ ਦੇ ਖੇਤਰ ਪਾਣੀ, ਬਿਜਲੀ, ਸੜਕ ਦੀ ਸਮੱਸਿਆ ਨਾਲ ਜੂਝ ਰਹੇ ਹਨ। ਅਜਿਹੇ ਵਿਚ ਉਨ੍ਹਾਂ ਲੋਕਾਂ ਦਾ ਤਰਕ ਹੈ ਕਿ ਹੁਕਮਰਾਨ ਅਫਗਾਨਿਸਤਾਨ ਤੇ ਯੂਕਰੇਨ ਵਿਚੋਂ ਲੋਕ ਵਸਾ ਕੇ ਉਨ੍ਹਾਂ ਨੂੰ ਸਹੂਲਤਾਂ ਦੇਣ ’ਤੇ ਰੁੱਝਾ ਹੈ, ਜਦੋਂਕਿ ਸਥਾਈ ਲੋਕ ਸਹੂਲਤਾਂ ਲਈ ਤਰਸ ਰਹੇ ਹਨ। ਨਸਲ-ਭੇਦ ਦਾ ਪਾੜਾ ਆਉਣ ਵਾਲੇ ਸਮੇਂ ਵਿਚ ਗੰਭੀਰ ਰੂਪ ਲੈ ਸਕਦਾ ਹੈ। ਪੰਜਾਬੀ ਵਿਦਿਆਰਥੀ ਜਾਂ ਨਵੇਂ ਕੈਨੇਡਾ ਵਸਣ ਵਾਲੇ ਪੰਜਾਬੀ ਵੱਖਰੀ ਕਿਸਮ ਦੀ ਨਸਲ-ਭੇਦ ਸਮੱਸਿਆ ਦਾ ਸਾਹਮਣਾ ਕਰਦੇ ਹਨ। ਪਹਿਲਾਂ ਜਾਂ ਪੁਰਾਣੇ ਵਸਣ ਵਾਲੇ ਕੁਝ ਪੰਜਾਬੀ ਲੋਕ ਆਉਣ ਵਾਲੇ ਪੰਜਾਬੀਆਂ ਨੂੰ ਈਰਖਾ ਦੀ ਨਜ਼ਰ ਨਾਲ ਤੱਕਦੇ ਹਨ। ਸ਼ਾਇਦ ਨਵੇਂ ਵੱਸਣ ਵਾਲੇ ਲੋਕ ਉਨ੍ਹਾਂ ਨਾਲੋਂ ਵੱਧ ਸਿੱਖਿਅਤ ਹਨ ਤੇ ਉਨ੍ਹਾਂ ਨਾਲੋਂ ਵੱਡੀਆਂ ਤਨਖਾਹਾਂ ’ਤੇ ਕੰਮ ਕਰਨ ਕਰਕੇ ਉਹ ਈਰਖਾ ਦਾ ਸ਼ਿਕਾਰ ਹੋਣ। ਪਰ ਬਹੁਤ ਸਾਰੇ ਸਥਾਪਿਤ ਪੰਜਾਬੀ ਆਪਣੇ ਭਾਈਚਾਰੇ ਦੀ ਸੇਵਾ ਲਈ ਤੱਤਪਰ ਵੀ ਰਹਿੰਦੇ ਹਨ। ਇਸ ਦੀ ਉਦਾਹਰਨ ਪੰਜਾਬੀਆਂ ਵੱਲੋਂ ਕੋਵਿਡ ਦੌਰਾਨ ਗੁਰਦੁਆਰਿਆਂ ਵਿਚੋਂ ਕੀਤੀ ਗਈ ਸੇਵਾ ਹੈ, ਜਿਸ ਵਿਚ ਲੰਗਰ, ਕੱਪੜੇ ਆਦਿਕ ਵੱਡੀ ਮਾਤਰਾ ਵਿਚ ਲੋੜਵੰਦਾਂ ਨੂੰ ਭੇਂਟ ਕੀਤੇ ਗਏ। ਕਈ ਗੁਰਦੁਆਰਿਆਂ ਵਿਚ ਹੁਣ ਤੱਕ ਵੀ ਵਿਦਿਆਰਥੀਆਂ ਦੀ ਮਦਦ ਲਈ ਰਾਸ਼ਨ, ਗਰਮ ਕੰਬਲ ਆਦਿ ਭੇਂਟ ਕੀਤੇ ਜਾਂਦੇ ਹਨ। ਉਥੋਂ ਦੇ ਵਸਨੀਕ ਸਾਡੇ ਲੰਗਰਾਂ ਦੀ ਸੇਵਾ ਤੋਂ ਬਹੁਤ ਪ੍ਰਭਾਵਿਤ ਹਨ। ਹੁਣ ਉਥੋਂ ਦੇ ਲੋਕ ਸਮਝਣ ਲੱਗੇ ਹਨ ਕਿ ਗੁਰਦੁਆਰਿਆਂ ਵਿਚੋਂ ਨਿਸ਼ਕਾਮ ਮਦਦ ਮਿਲਦੀ ਹੈ। ਪਹਿਲਾਂ ਉਹ ਲੋਕ ਲੰਗਰ ਨੂੰ ਫਰੀ ਫੂਡ ਕਹਿੰਦੇ ਸੀ ਪਰ ਹੁਣ ਲੰਗਰ ਦਾ ਮਤਲਬ ਉਹ ਸਮਝਣ ਲੱਗੇ ਹਨ।

ਖੇਤੀ ਕਿਸਾਨੀ ਦੇ ਮਾਮਲੇ ਵਿਚ ਕੈਨੇਡਾ ਦਾ ਕਿਸਾਨ ਵੀ ਅੰਨਦਾਤਾ ਹੈ ਪਰ ਇਸ ਦੀ ਹਾਲਤ ਦੁਨੀਆਂ ਦੇ ਬਾਕੀ ਦੇਸ਼ਾਂ ਦੇ ਕਿਸਾਨਾਂ ਵਰਗੀ ਹੈ। ਜੋ ਖੇਤੀ ਸਬਸਿਡੀ ਹਾਸਲ ਕਰਕੇ ਹੀ ਸਾਹ ਲੈ ਰਿਹਾ ਹੈ। ਅੱਸੀਵੇਂ ਦਹਾਕੇ ਤੋਂ ਪਹਿਲਾਂ ਲੋਕ ਕਿਸਾਨ ਕੋਲੋਂ ਸਿੱਧਾ ਦੁੱਧ ਖਰੀਦ ਕੇ ਵਰਤ ਸਕਦੇ ਸੀ। ਉਸ ਸਮੇਂ ਦੁੱਧ ਦਾ ਕਾਰੋਬਾਰ ਮੁਨਾਫੇ ਦਾ ਕਾਰੋਬਾਰ ਸੀ ਪਰ ਕਾਰੋਬਾਰੀਆਂ ਦੀ ਸਰਕਾਰੀ ਗੰਢ-ਸੰਢ ਨੇ ਪਹਿਲਾਂ ਇਹ ਪ੍ਰਚਾਰ ਕਰਾਇਆ ਕਿ ਸਿੱਧਾ ਦੁੱਧ ਖਰੀਦ ਕੇ ਵਰਤਣਾ ਸਿਹਤ ਲਈ ਹਾਨੀਕਾਰਕ ਹੈ। ਇਸ ਨਾਲ ਬਹੁਤ ਸਾਰੀਆਂ ਬਿਮਾਰੀਆਂ ਫੈਲਦੀਆਂ ਹਨ, ਉਸ ਤੋਂ ਬਾਅਦ ਡੇਅਰੀ ਨਾਲ ਸੰਬੰਧਤ ਪਸ਼ੂਆਂ ਦੀ ਖੁਰਾਕ ਤੇ ਹੋਰ ਕਾਰੋਬਾਰ ਲਈ ਲੋੜੀਂਦੀਆਂ ਵਸਤਾਂ ਨੂੰ ਮਹਿੰਗਾ ਕੀਤਾ ਗਿਆ। ਹੌਲੀ-ਹੌਲੀ ਇਸ ਨੂੰ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤਾ ਗਿਆ। ਅੱਜ ਪੂਰਾ ਕੈਨੇਡਾ ਕਾਰਬਾਰੀ ਘਰਾਣਿਆਂ ਦਾ ਇੱਕ ਨੰਬਰ, ਦੋ ਨੰਬਰ, ਤਿੰਨ ਨੰਬਰ ਦੁੱਧ ਵਰਤ ਰਿਹਾ ਹੈ। ਸ਼ੁੱਧ ਦੁੱਧ ਨਾਲੋਂ ਸ਼ਾਇਦ ਇਹ ਦੁੱਧ ਕਿਸੇ ਤਰੀਕੇ ਨਾਲ ਵੀ ਸਿਹਤ ਲਈ ਠੀਕ ਨਾ ਹੋਵੇ। ਸਾਡੇ ਦੇਸ਼ ਵਿਚ ਵੀ ਅਜਿਹੀ ਛੁਪੀ ਹੋਈ ਤਰਕੀਬ ਚੱਲ ਰਹੀ ਹੈ। ਇੱਕ ਸਮੇਂ ਸਾਡੇ ਦੇਸੀ ਘਿਓ ਨੂੰ ਇਹ ਪ੍ਰਚਾਰ ਕਰਕੇ ਕਿ ਇਸ ਨਾਲ ਦਿਲ ਦਾ ਰੋਗ ਹੁੰਦਾ ਹੈ, ਘਰ-ਘਰ ਨੂੰ ਰਿਫਾਇੰਡ ਵਰਤਣ ਲਗਾ ਦਿੱਤਾ ਗਿਆ, ਜੋ ਆਪਣੇ ਨਾਲ ਢੇਰ ਸਾਰੀਆਂ ਬਿਮਾਰੀਆਂ ਲੈ ਕੇ ਆਇਆ। ਕਾਰਪੋਰੇਟ ਹਮੇਸ਼ਾਂ ਆਪਣਾ ਫਾਇਦਾ ਦੇਖਦਾ ਹੈ। ਫਾਇਦੇ ਵਿਚੋਂ ਸਰਕਾਰ ਨੂੰ ਟੈਕਸ ਉਗਰਾਉਣਾ ਬੜਾ ਆਸਾਨ ਹੁੰਦਾ ਹੈ। ਕੈਂਸਰ ਦੀ ਬਿਮਾਰੀ ਕੈਨੇਡਾ ਵਿਚ ਸਭ ਤੋਂ ਵੱਧ ਹੈ, ਬਲਕਿ ਦੁਨੀਆਂ ਵਿਚ ਕੈਨੇਡਾ ਕੈਂਸਰ ਦੀ ਹੱਬ ਹੈ। ਇਸ ਦਾ ਕਾਰਨ ਸ਼ਾਇਦ ਕਾਰੋਬਾਰੀ ਘਰਾਣਿਆਂ ਦਾ ਮੁਨਾਫਾ ਹੈ।


ਸਾਡੇ ਦੇਸ਼ ਨਾਲੋਂ ਉਥੇ ਲੋਕਾਂ ਦਾ ਮਦਦ ਕਰਨ ਦਾ ਤਰੀਕਾ ਬਹੁਤ ਕਾਰਗਰ ਹੈ। ਸਾਡੇ ਲੋਕ ਮਦਦ ਦੀ ਰਕਮ ਇਕੱਠੀ ਕਰਨ ਲਈ ਪ੍ਰਚਾਰ ਬਹੁਤ ਕਰਦੇ ਹਨ। ਕਈਆਂ ਦੇ ਆਪਣੇ ਕਾਰੋਬਾਰ ਹੀ ਮਦਦ ਦੇ ਨਾਮ ’ਤੇ ਚੱਲਦੇ ਹਨ। ਪਰ ਕੈਨੇਡਾ ਵਿਚ ਮਦਦ ਕਰਕੇ ਬਹੁਤਾ ਪ੍ਰਚਾਰ ਨਹੀਂ ਕੀਤਾ ਜਾਂਦਾ। ਬਹੁਤ ਸਾਰੀਆਂ ਸੰਸਥਾਵਾਂ ਗਰੀਬ ਲੋਕਾਂ ਦੀਆਂ ਗੰਭੀਰ ਬਿਮਾਰੀਆਂ ਦੇ ਇਲਾਜ ਲਈ ਛੁਪੇ ਹੋਏ ਤਰੀਕੇ ਨਾਲ ਕੰਮ ਕਰਦੀਆਂ ਹਨ। ਅਸਲ ਸੇਵਾ ਭਾਵਨਾਂ ਉਨ੍ਹਾਂ ਲੋਕਾਂ ਵਿਚ ਹੋਰਨਾਂ ਨਾਲੋਂ ਜ਼ਿਆਦਾ ਹੈ। ਧਰਮ ਦੇ ਮਾਮਲੇ ਵਿਚ ਕੈਨੇਡਾ ਸਾਰੇ ਧਰਮਾਂ ਦਾ ਦੇਸ਼ ਹੈ, ਇਥੇ ਬੋਲਣ ਦੀ ਪੂਰਨ ਆਜ਼ਾਦੀ ਹੈ। ਬਹੁਤ ਸਾਰੀਆਂ ਚੈਰਿਟੀ ਸੰਸਥਾਵਾਂ ਕੈਂਸਰ ਤੇ ਹੋਰ ਨਾਮੁਰਾਦ ਬੀਮਾਰੀਆਂ ਦਾ ਮੁਫਤ ਇਲਾਜ ਆਪਣਾ ਨਾਮ ਜ਼ਾਹਰ ਕੀਤੇ ਬਿਨਾਂ ਕਰਾਉਂਦੀਆਂ ਹਨ। ਜੋ ਲੋਕ ਦਾਨ ਦਿੰਦੇ ਹਨ, ਉਹ ਆਪਣਾ ਨਾਮ ਗੁਪਤ ਰੱਖਦੇ ਹਨ। ਇਸ ਵਕਤ ਕੈਨੇਡਾ ਆਰਥਿਕ ਮੰਦੇ ਨਾਲ ਜੂਝ ਰਿਹਾ ਹੈ। ਇਹ ਧਰਤੀ ਦਾ ਸਵਰਗ ਦੂਰ ਬੈਠਿਆਂ ਸਭ ਨੂੰ ਲਲਚਾਉਂਦਾ ਹੈ। ਇਹ ਧਰਤੀ ਕੁਦਰਤ ਦੇ ਬਹੁਤ ਨੇੜੇ ਹੈ। ਕੈਨੇਡਾ ਦੇ ਬਹੁਤ ਸਾਰੇ ਹਿੱਸੇ ਅਜੇ ਤੱਕ ਅਣਛੂਹੇ ਹਨ, ਜਿੱਥੇ ਅਜੇ ਤੱਕ ਬਾਹਰੀ ਇਨਸਾਨ ਨਹੀਂ ਪਹੁੰਚਿਆ। ਸਾਫ-ਸੁਥਰਾ ਵਾਤਾਵਰਨ ਮਨ ਮੋਹ ਲੈਂਦਾ ਹੈ। ਦੁਨੀਆਂ ਵਿਚ ਰਹਿਣ ਲਈ ਸੋਹਣੀਆਂ ਥਾਂਵਾਂ ਵਿਚੋਂ ਇੱਕ ਹੈ ਕੈਨੇਡਾ। ਕੋਈ ਵੀ ਦੇਸ਼ ਸਮੱਸਿਆਵਾਂ ਤੋਂ ਪੂਰਨ ਮੁਕਤ ਨਹੀਂ ਹੁੰਦਾ। ਪਰ ਕੈਨੇਡਾ ਦੇ ਸਾਫ-ਸੁਥਰੇ, ਪ੍ਰਦੂਸ਼ਣ ਰਹਿਤ ਤੇ ਕੁਦਰਤੀ ਵਾਤਾਵਰਨ ਸਾਹਮਣੇ ਸਮੱਸਿਆਵਾਂ ਤੁੱਛ ਹਨ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic

Dental Care & Hair Transplant
COSMETIC - IMPLANT - RESTORATIVE



ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ ’ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨਸ਼ਾਖੋਰੀ-ਨਾਜਾਇਜ਼ ਤਸਕਰੀ ਦਾ ਵਧ ਰਿਹਾ ਘੇਰਾ

**"ਵਿਸ਼ਵ ਭਰ 'ਚ ਅਸੀਂ ਇਕੱਠੇ ਮਿਲ ਕੇ ਨਸ਼ਾਖੋਰੀ ਤੇ ਨਾਜਾਇਜ਼ ਤਸਕਰੀ ਵਿਰੁੱਧ ਐਕਸ਼ਨ ਲੈ ਕੇ ਇੱਸ ਸਮੱਸਿਆ ਨਾਲ ਨਜਿੱਠ ਸਕਦੇ ਹਾਂ। ਅੱਜ ਹਰ ਪੱਧਰ 'ਤੇ ਨਸ਼ਿਆਂ ਦੇ ਤੱਥ ਸਾਂਝੇ ਕਰਕੇ-ਜ਼ਿੰਦਗੀ ਬਚਾਉਣ ਲਈ ਅੱਗੇ ਆਉਣ ਦੀ ਲੋੜ ਹੈ" : ਅਨਿਲ ਧੀਰ**

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
(Punjab Mail USA)





ਵਿਸ਼ਵ ਭਰ ਵਿਚ 26 ਜੂਨ, 2023 ਨੂੰ ਨਸ਼ਾਖੋਰੀ ਅਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਨਾਜਾਇਜ਼ ਨਸ਼ਿਆਂ ਦੇ ਵਪਾਰ ਵਿਰੁੱਧ ਸੰਯੁਕਤ ਰਾਸ਼ਟਰ ਦਾ ਅੰਤਰਰਾਸ਼ਟਰੀ ਦਿਵਸ 26 ਜੂਨ, 1989 ਤੋਂ ਮਨਾਉਣਾ ਸ਼ੁਰੂ ਕੀਤਾ ਗਿਆ। 26 ਜੂਨ ਦੀ ਤਾਰੀਕ ਚੀਨ ਦੇ ਪਹਿਲੇ ਅਫੀਮ ਯੁੱਧ ਤੋਂ ਠੀਕ 25 ਜੂਨ, 1839 ਨੂੰ ਖਤਮ ਹੋਣ ਵਾਲੀ ਹੁਮੇਨ, ਗੁਆਂਗਡੋਂਗ ਵਿਚ ਲਿਨ ਜੈਕਸ਼ਨ ਦੇ ਅਫੀਮ ਦੇ ਵਪਾਰ ਨੂੰ ਖਤਮ ਕਰਨ ਦੀ ਯਾਦ ਦਿਵਾਉਂਦੀ ਹੈ। ਅਪ੍ਰੈਲ 2016 ਵਿਚ ਰਣਨੀਤੀ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕੀਤਾ ਗਿਆ ਸੀ, ਜਦੋਂ ਸੰਯੁਕਤ ਰਾਸ਼ਟਰ ਨੇ ਨਸ਼ਿਆਂ 'ਤੇ ਇਕ ਜਨਰਲ ਅਸ਼ੈਂਬਲੀ ਦਾ ਆਯੋਜਨ ਕਰਨ ਦਾ ਫੈਸਲਾ ਕੀਤਾ ਸੀ, ਤਾਂ ਕਿ ਪਹਿਲਾਂ ਦੀ ਨੀਤੀ ਦੇ ਦਸਤਾਵੇਜ਼ ਦੀ ਤਰੱਕੀ ਵਿਚ ਇਕ ਮੀਲ ਪੱਥਰ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ। ਜਿਸ ਵਿਚ ਮੈਂਬਰ ਰਾਜਾਂ ਨੂੰ ਨਸ਼ਿਆਂ ਦੀ ਮੰਗ ਅਤੇ ਸਪਲਾਈ ਦੋਵਾਂ ਦਾ ਮੁਕਾਬਲਾ ਕਰਨ ਲਈ ਕਿਹਾ ਗਿਆ ਸੀ, ਜਦਕਿ ਪਹੁੰਚ ਵਿਚ ਸੁਧਾਰ ਹੋਇਆ ਸੀ।

ਯੂ.ਐੱਨ.ਓ. ਡੀ.ਸੀ. ਦੇ ਮੁਤਾਬਿਕ ਲਗਭਗ 200 ਮਿਲੀਅਨ ਤੋਂ ਵੱਧ ਲੋਕ ਵਿਸ਼ਵ ਭਰ ਵਿਚ ਨਾਜਾਇਜ਼ ਦਵਾਈਆਂ - ਕੋਕੀਨ, ਕੈਨਾਬਿਸ, ਹੈਲਸਿਨੋਜੇਨਜ਼, ਓਪੀਐਟਸ ਅਤੇ ਸੈਡੇਟਿਵ ਹਾਈਪਨੋਟਿਕਸ ਦੀ ਵਰਤੋਂ ਕਰ ਰਹੇ ਹਨ। ਦਸੰਬਰ ਵਿਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ 26 ਜੂਨ ਨੂੰ ਨਸ਼ਾਖੋਰੀ ਅਤੇ ਨਾਜਾਇਜ਼ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਸੰਯੁਕਤ ਰਾਸ਼ਟਰ ਨਸ਼ਾਖੋਰੀ ਤੋਂ ਮੁਕਤ ਇੱਕ ਅੰਤਰਰਾਸ਼ਟਰੀ ਸਮਾਜ ਬਣਾਉਣ ਵਿਚ ਹੈਲਪ ਲਈ ਵਚਨਬੱਧ ਸੀ। 1998 'ਚ ਸੰਯੁਕਤ ਰਾਸ਼ਟਰ ਮਹਾਂਸਭਾ ਨੇ ਵਿਸ਼ਵ ਵਿਆਪੀ ਨਸ਼ਿਆਂ ਦੀ ਸਮੱਸਿਆ ਦੇ ਹੱਲ ਲਈ ਇੱਕ ਰਾਜਨੀਤਿਕ ਘੋਸ਼ਣਾ ਕਰਨ ਦੇ ਨਾਲ ਵਚਨਬੱਧਤਾ ਜ਼ਾਹਿਰ ਕੀਤੀ ਗਈ। ਅੰਕੜਿਆਂ ਦੇ ਮੁਤਾਬਿਕ ਲਗਭਗ 21000 ਤੋਂ ਵੱਧ 12 ਤੋਂ 15 ਸਾਲ ਦੀ ਉਮਰ ਵਿਚ ਪਹਿਲੀ ਵਾਰ ਖਤਰਨਾਕ ਨਸ਼ੇ ਲੈਣੇ ਸ਼ੁਰੂ ਕੀਤੇ। ਡੇਲੀ ਹਜ਼ਾਰਾਂ ਹੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਰਹੇ ਹਨ।

## ਨਸ਼ਿਆਂ ਨੇ ਕੀਤਾ ਸਰੀਰ ਨੂੰ ਖੋਖਲਾ




ਬੇਸ਼ੁਮਾਰ ਕਿਸਮ ਦੇ ਨਸ਼ੀਲੇ ਪਦਾਰਥ ਨਿਕੋਟਿਨ, ਕੋਕੀਨ, ਭੰਗ ਵਗੈਰਾ ਅਜਿਹੇ ਰਸਾਇਣ ਹਨ, ਜੋ ਮਨੁੱਖੀ ਸਰੀਰ ਅਤੇ ਦਿਮਾਗ 'ਤੇ ਲੰਬੇ ਸਮੇਂ ਤੱਕ ਮਾੜਾ ਅਸਰ ਪਾ ਰਹੇ ਹਨ। ਨੌਜਵਾਨ ਪੀੜੀ ਨਸ਼ੇ ਮੂੰਹ ਰਾਹੀਂ, ਇੰਜੈਕਸ਼ਨ 'ਤੇ ਸੰਘਣ ਨਾਲ ਡਬਲ ਡੋਜ਼ ਲੈਣ ਕਰਕੇ ਮੌਤ ਦਾ ਸ਼ਿਕਾਰ ਹੋ ਰਹੀ ਹੈ। ਦਿਮਾਗੀ ਰਸਾਇਣ ਡੋਪਾਮਾਈਨ ਆਪਣੇ ਕਬਜ਼ੇ ਵਿਚ ਲੈ ਕੇ ਨਸ਼ਾ ਕਰਨ ਵਾਲੇ ਨੂੰ ਵਾਰ-ਵਾਰ ਨਸ਼ਾ ਲੈਣ ਲਈ ਮਜਬੂਰ ਕਰਦਾ ਹੈ। ਹਾਲਾਂਕਿ ਸ਼ੁਰੂਆਤ ਆਪਣੀ ਇੱਛਾ ਨਾਲ ਨਸ਼ਾ ਕਰਦੇ ਹਨ। ਨਸ਼ਿਆਂ ਦੀ ਲੱਤ ਰਿਸ਼ਤੇ ਅਤੇ ਖਾਨਦਾਨ ਤਬਾਹ ਕਰ ਰਹੀ ਹੈ। ਵੱਧ ਰਹੀ ਤਲਬ ਸੋਚਣ-ਸਮਝਣ, ਕੁੱਝ ਵੀ ਕਰਨ ਦੀ ਤਾਕਤ ਜੜ੍ਹੋਂ ਖਤਮ ਕਰ ਰਹੀ ਹੈ।


ਇਮਿਊਨ ਸਿਸਟਮ ਕਮਜ਼ੋਰ ਹੋ ਜਾਣ ਕੋਈ ਵੀ ਇਨਫੈਕਸ਼ਨ ਦੀ ਸੰਭਾਵਨਾ ਹਮੇਸ਼ਾ ਬਰਾਬਰ ਬਣੀ ਰਹਿੰਦੀ ਹੈ। ਹਮੇਸ਼ਾ ਸਟ੍ਰੈਸ ਰਹਿਣ ਕਰਕੇ ਹਾਈ ਬਲੱਡ-ਪ੍ਰੈਸ਼ਰ ਵੱਧਣ ਨਾਲ ਹਾਰਟ-ਅਟੈਕ, ਗੁਰਦੇ ਫੇਲ ਹੋਣ ਦੇ ਅੰਕੜੇ ਤੇਜ਼ੀ ਨਾਲ ਵੱਧ ਰਹੇ ਹਨ। ਘੱਟ ਉਮਰ ਵਿਚ ਹੀ ਫੇਫੜੇ ਕਮਜ਼ੋਰ ਹੋ ਜਾਣ ਦੀ ਹਾਲਤ ਵਿਚ ਦਮਾ ਤੇ ਲੰਗ-ਕੈਂਸਰ ਹੋ ਸਕਦਾ ਹੈ। ਜ਼ਿਆਦਾਤਰ ਔਰਤਾਂ ਨਸ਼ੇ ਦੀ ਸ਼ੁਰੂਆਤ ਮੂਡ ਸੈਟ ਕਰਨ ਲਈ ਅਲਕੋਹਲ ਤੋਂ ਕਰਕੇ ਛੇਤੀ ਹੀ ਦੂਜੇ ਖਤਰਨਾਕ ਨਸ਼ੇ ਲੈਣੇ ਸ਼ੁਰੂ ਕਰ ਦਿੰਦੀਆਂ ਹਨ। ਹੋਰਨਾਂ ਖਤਰਨਾਕ ਰੋਗਾਂ ਦੇ ਨਾਲ ਬੱਚਾ ਪੈਦਾ ਕਰਨ ਵਾਲੇ ਅੰਗ ਕਮਜ਼ੋਰ ਹੋ ਜਾਣ ਨਾਲ ਨਵਜ਼ਾਤ ਬੱਚਾ ਅੰਗਹੀਨ ਅਤੇ ਖਤਰਨਾਕ ਬਿਮਾਰੀ ਨਾਲ ਲੈ ਕੇ ਆਉਂਦਾ ਹੈ। ਨਾਜਾਇਜ਼ ਨਸ਼ੇ ਦੀ ਵਰਤੋਂ ਗਰਭਵਤੀ ਔਰਤਾਂ ਖੁਦ ਨੂੰ ਅਤੇ ਆਉਣ ਵਾਲੇ ਬੱਚੇ ਲਈ ਖਤਰਾ ਪੈਦਾ ਕਰਦੀਆਂ ਹਨ। ਨਸ਼ੇੜੀ ਮਰਦ ਮਰਦਾਨਗੀ ਤੋਂ ਹਮੇਸ਼ਾ ਲਈ ਹੱਥ ਧੋ ਬੈਠਦੇ ਹਨ। ਬੱਚਾ ਪੈਦਾ ਕਰਨ ਦੀ ਤਾਕਤ ਖਤਮ ਹੋ ਜਾਣ ਦੀ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।

ਵਿਸ਼ਵ ਭਰ ਵਿਚ ਤੇਜ਼ੀ ਨਾਲ ਵੱਧ ਰਹੀ ਨਸ਼ਿਆਂ ਦੀ ਲੱਤ ਸਮਾਜ ਨੂੰ ਮੌਤ ਦੇ ਰਸਤੇ 'ਤੇ ਲੈ ਕੇ ਜਾ ਰਹੀ ਹੈ। ਸਮਾਜ ਵਿਚ ਬਦਲਾਅ ਜ਼ਰੂਰੀ ਹੈ:

- ਹਰ ਮਾਂ-ਬਾਪ ਦਾ ਫਰਜ਼ ਹੈ ਕਿ ਪਰਿਵਾਰ ਵਿਚ ਬੱਚਿਆਂ ਨੂੰ ਬਚਪਨ ਤੋਂ ਹੀ ਨਜ਼ਰ ਅਤੇ ਨਸ਼ਿਆਂ ਦੇ ਮਾੜੇ ਅਸਰ ਬਾਰੇ ਗਾਈਡ ਵੀ ਕਰਨ। ਜੇ ਬੱਚਾ ਨਸ਼ਿਆਂ ਦੇ ਮਾੜੇ ਅਸਰ ਨੂੰ ਜਾਣਦਾ ਹੈ, ਤਾਂ ਭਵਿੱਖ ਵਿਚ ਹਰ ਕਦਮ ਸੋਚ-ਸਮਝ ਕੇ ਲਵੇਗਾ।
- ਸੈਲਫ ਕਾਨਫੀਡੈਂਸ, ਸਹੀ ਤਰਕ ਵਾਲੀ ਗਾਈਡ ਲਾਈਨ, ਸਮਾਜ ਨੂੰ ਮੌਤ ਦੇ ਰਸਤੇ 'ਤੇ ਲੈ ਜਾਣ ਤੋਂ ਰੋਕ ਸਕਦੀ ਹੈ।
- ਨਸ਼ੇ ਦੇ ਸ਼ਿਕਾਰ ਸੋਸ਼ਲ ਸੰਸਥਾਵਾਂ ਦੇ ਨਾਲ-ਨਾਲ ਥੈਰੇਪਿਸਟ ਦੀ ਸਲਾਹ ਵੀ ਲੈ ਸਕਦੇ ਹੋ।

**ਨੋਟ:** ਨਸ਼ਿਆਂ ਤੋਂ ਬਚੋ। ਨਸ਼ਿਆਂ ਦੀ ਦੁਰਵਰਤੋਂ ਕਾਰਨ ਰਿਸ਼ਤਿਆਂ ਦਾ ਟੁੱਟਣਾ, ਘਰੋਂ ਬੇ-ਘਰ ਹੋਣਾ, ਨੌਕਰੀ ਚਲੀ ਜਾਣਾ, ਕਾਨੂੰਨੀ ਚੱਕਰ, ਅਤੇ ਸਰੀਰ ਅਤੇ ਮਨ ਦੀਆਂ ਖਤਰਨਾਕ ਬਿਮਾਰੀਆਂ ਜਨਮ ਲੈ ਰਹੀਆਂ ਹਨ। ਜ਼ਿੰਦਗੀ ਅਨਮੋਲ ਹੈ। ਅੱਜ ਹੀ ਸ਼ਪਥ ਲਵੋ ਪਹਿਲਾਂ ਆਪਣੇ-ਆਪ ਨੂੰ ਬਦਲ ਕੇ ਪੂਰੇ ਸਮਾਜ ਨੂੰ ਬਦਲਣ ਦਾ ਯਤਨ ਕਰੋ।

# ਮੋਹ ਦੀਆਂ ਰਿਓੜੀਆਂ




**ਰੀਵਿਊਕਾਰ** : ਬਲਜਿੰਦਰ ਮਾਨ
98150-189147
**ਕਵਿੱਤਰੀ** : ਉਮਾ ਕਮਲ
**ਪ੍ਰਕਾਸ਼ਕ** : ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਮਾਹਿਲਪੁਰ (ਹੁਸ਼ਿਆਰਪੁਰ)
**ਪੰਨੇ** : 32, **ਮੁੱਲ** : 195/-

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ ਮਾਹਿਲਪੁਰ, (ਹੁਸ਼ਿਆਰਪੁਰ)
(Punjab Mail USA)



ਜਦੋਂ ਅਸੀਂ ਕੁਦਰਤ ਦੇ ਪਸਾਰੇ ਨਾਲ ਇਕ-ਮਿਕ ਹੁੰਦੇ ਹਾਂ, ਤਾਂ ਮਨ ਦੀਆਂ ਫੁੱਲ ਕਲੀਆਂ ਆਪ ਮੁਹਾਰੇ ਹੀ ਖਿੜਨ ਅਤੇ ਮਹਿਕਣ ਲੱਗ ਪੈਂਦੀਆਂ ਹਨ। ਅਜਿਹਾ ਕੁੱਝ ਵਾਪਰਦਾ ਹੈ ਉਨ੍ਹਾਂ ਲੋਕਾਂ ਨਾਲ, ਜਿਹੜੇ ਹਮੇਸ਼ਾਂ ਕੁਦਰਤ ਨਾਲ ਜੁੜ ਕੇ ਕੁਦਰਤ ਵਾਂਗ ਹੀ ਨਵੀਂ ਤੇ ਨਰੋਈ ਸਿਰਜਣਾ ਕਰਦੇ ਹਨ। ਅਜਿਹੇ ਕੁਦਰਤੀ ਵਰਤਾਰਿਆਂ ਦਾ ਆਨੰਦ ਮਾਨਣ ਵਾਲੀ ਕਵਿੱਤਰੀ ਅਤੇ ਸਫ਼ਲ ਅਧਿਆਪਕਾ ਉਮਾ ਕਮਲ ਪਹਾੜਾਂ ਵਿਚ ਵਸਦੇ ਰਮਣੀਕ ਨਗਰ ਤਲਵਾੜਾ (ਹੁਸ਼ਿਆਰਪੁਰ) ਦੀ ਵਾਸੀ ਹੈ। ਜਿਸ ਕਰਕੇ ਉਹ ਬੱਚਿਆਂ ਵਾਸਤੇ ਕੋਮਲ ਕਵਿਤਾਵਾਂ ਦੀ ਰਚਨਾ ਕਰ ਰਹੀ ਹੈ। ਸਿੱਖਿਆ ਜਗਤ ਨੂੰ ਸਮਰਪਿਤ ਅਧਿਆਪਕਾ ਉਮਾ ਕਮਲ ਕੋਲ ਬਾਲ ਮਨੋਵਿਗਿਆਨ ਦਾ ਚੋਖਾ ਤਜ਼ਰਬਾ ਹੈ, ਜਿਸਦੀ ਵਰਤੋਂ ਨਾਲ ਉਹ ਬਾਲ ਮਨ ਨੂੰ ਤ੍ਰਿਪਤ ਕਰਨ ਵਾਲੀਆਂ ਕਵਿਤਾਵਾਂ ਦੀ ਸਿਰਜਣਾ ਕਰਦੀ ਹੈ। ਉਸਦੀ ਸਿਰਜਣਾ ਦਾ ਮੁੱਖ ਮਨੋਰਥ ਬਾਲ ਮਨ ਨੂੰ ਨਰੋਆ ਬਣਾਉਣਾ ਹੈ, ਤਾਂ ਕਿ ਉਹ ਜੀਵਨ ਦੇ ਸੰਘਰਸ਼ ਵਿਚ ਯੋਧਿਆਂ ਵਾਂਗ ਸਫ਼ਲਤਾ ਪ੍ਰਾਪਤ ਕਰ ਸਕੇ। ਇਹ ਤਦ ਹੀ ਸੰਭਵ ਹੋ ਸਕਦਾ ਹੈ, ਜੇਕਰ ਉਸ ਅੰਦਰ ਨਰੋਈ ਸੋਚ ਦਾ ਸੰਚਾਰ ਹੋਵੇਗਾ। ਉਸਦੀ ਹਰ ਕਵਿਤਾ ਵਿਚੋਂ ਪਿਆਰ, ਸਤਿਕਾਰ, ਕੁਦਰਤ ਨਾਲ ਮੋਹ, ਵੱਡਿਆਂ ਦੀ ਸੰਗਤ, ਆਲਾ-ਦੁਆਲਾ, ਸਕੂਲ, ਸਾਥੀ, ਅਧਿਆਪਕ, ਫੁੱਲ-ਬੂਟੇ, ਸੋਹਣੀ ਲਿਖਾਈ, ਨਰੋਈ ਸਿਹਤ, ਰਿਸ਼ਤੇ-ਨਾਤੇ, ਮਾਂ-ਬੋਲੀ ਅਤੇ ਆਪਸੀ ਸਾਂਝਾ ਦੇ ਸੁਨੇਹੇ ਮਿਲਦੇ ਹਨ। ਪੁਸਤਕ ਮੋਜਹ ਦੀਆਂ ਰਿਓੜੀਆਂ ਵਿਚ ਸ਼ਾਮਲ 28 ਕਵਿਤਾਵਾਂ ਰਾਹੀਂ ਪਾਠਕਾਂ ਅੰਦਰ ਸਭ ਨਾਲ ਮੋਹ ਪੈਦਾ ਕਰਨ ਦਾ ਕਾਰਜ ਕਰਦੀ ਹੈ। ਉਸਦੀ ਕਵਿਤਾ ਦਾ ਇੱਕ ਹੋਰ ਨਿੱਗਰ ਸੁਨੇਹਾ ਜਾਤਾਂ-ਪਾਤਾਂ ਅਤੇ ਮਜ਼੍ਹਬੀ ਝਗੜਿਆਂ ਤੋਂ ਉੱਪਰ ਉਠ ਕੇ ਮਨੁੱਖਤਾ ਦਾ ਪ੍ਰਚਾਰ ਕਰਨਾ ਹੈ।

ਅੱਜ ਸਾਡੇ ਸਮਾਜ ਅਤੇ ਦੇਸ਼ ਨੂੰ ਸਰਬ ਸਾਂਝੀਵਾਲਤਾ ਅਤੇ ਬਰਾਬਰੀ ਦੀ ਖਾਸ ਜ਼ਰੂਰਤ ਹੈ। ਪੁਸਤਕ 'ਮੋਹ ਦੀਆਂ ਰਿਓੜੀਆਂ' ਵਿਚ ਸ਼ਾਮਲ ਕਵਿਤਾਵਾਂ ਦੇ ਵਿਸ਼ੇ ਜਿੱਥੇ ਬਾਲ ਮਨਾਂ ਦੇ ਹਾਣੀ ਹਨ, ਉਥੇ ਇਨ੍ਹਾਂ ਵਿਚ ਵੰਨ-ਸੁਵੰਨਤਾ ਵੀ ਲੋਹੜੇ ਦੀ ਹੈ। ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਇਹ ਪੁਸਤਕ ਜਿੱਥੇ ਦਿਲਚਸਪ ਹੈ, ਉੱਥੇ ਬੜੇ ਹਲਕੇ-ਫੁਲਕੇ ਢੰਗ ਨਾਲ ਗਿਆਨ ਵੀ ਪ੍ਰਦਾਨ ਕਰਦੀ ਹੈ। ਉਨ੍ਹਾਂ ਅੰਦਰ ਨਵੇਂ-ਨਵੇਂ ਸੁਪਨੇ ਵੀ ਉਪਜਾਉਂਦੀ ਹੈ। ਸ਼ਬਦ ਚੋਣ ਅਤੇ ਵਾਕ ਬਣਤਰ ਤਾਂ ਬਾਲ ਮਨ ਦੀਆਂ ਡੂੰਘੀਆਂ ਤਹਿਆਂ ਤੱਕ ਅੱਪੜ ਜਾਂਦੀ ਹੈ। ਇਨ੍ਹਾਂ ਕਵਿਤਾਵਾਂ ਦੀ ਕਾਵਿਕਤਾ ਹਰ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ। ਇਹ ਕਵਿਤਾਵਾਂ ਬੱਚੇ ਪੜ੍ਹਦੇ-ਪੜ੍ਹਦੇ ਗੁਣਗੁਨਾਉਣ ਲੱਗ ਪੈਂਦੇ ਹਨ। ਇਨ੍ਹਾਂ ਦੀ ਪੇਸ਼ਕਾਰੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮੁਕਾਬਲਿਆਂ 'ਚ ਕਈਆਂ ਨੂੰ ਇਨਾਮ ਦਿਵਾਉਣ ਦੀ ਸਮਰੱਥਾ ਰੱਖਦੀ ਹੈ। ਉਮਾ ਕਮਲ ਦਾ ਬਾਲ ਮੋਹ ਅਤੇ ਮਾਨਵੀ ਸੋਚ ਨੂੰ ਇਸ ਪੁਸਤਕ 'ਚ ਚਾਰ-ਚੰਨ੍ਹ ਲੱਗੇ ਦਿਖਾਈ ਦਿੰਦੇ ਹਨ। ਉਹ ਸਿਰਜਣ ਵਿਚ ਕਾਹਲ ਨਹੀਂ ਕਰਦੀ, ਸਗੋਂ ਸਹਿਜ ਅਵਸਥਾ ਨਾਲ ਤੁਰਦੀ ਸੰਦਲੀ ਪੈੜ ਪਾਉਂਦੀ ਹੈ। ਹੱਥਲੀ ਪੁਸਤਕ ਦੇ ਰੰਗਦਾਰ ਪੰਨੇ ਅਤੇ ਇਨ੍ਹਾਂ ਤੇ ਸੁਖਮਨ ਸਿੰਘ ਦੁਆਰਾ ਸਿਰਜੇ ਮਨ ਮੋਹਣੇ ਚਿੱਤਰ ਇਸ ਤੱਥ ਦੀ ਗਵਾਹੀ ਭਰਦੀ ਹੈ।

## 25 ਜੂਨ ਨੂੰ ਸ਼ਹੀਦੀ ਦਿਵਸ ’ਤੇ ਵਿਸ਼ੇਸ਼

# ਬਾਬਾ ਬੰਦਾ ਸਿੰਘ ਬਹਾਦਰ

-ਦਿਲਜੀਤ ਸਿੰਘ ਬੇਦੀ
(Punjab Mail USA)





ਕੁਰਬਾਨੀ ਉਹ ਮਹਾਨ ਹੁੰਦੀ ਹੈ, ਜਿਸਦੇ ਪਿੱਛੇ ਉਦੇਸ਼ ਮਹਾਨ ਹੋਵੇ। ਸੰਘਰਸ਼ ਉਹ ਮਹਾਨ ਹੁੰਦਾ ਹੈ, ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾਂ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿੱਥੇ ਕਿਤੇ ਵੀ ਉਹ ਜਬਰ, ਜ਼ੁਲਮ, ਅੱਤਿਆਚਾਰ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤੱਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

1708 ਈ: ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਬੰਦਾ ਸਿੰਘ ਜੀ ਪੰਜਾਬ ਆਏ, ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਮਿਲੇ ਪੰਜ ਤੀਰ, ਖੰਡਾ ਤੇ ਨਗਾਰਾ ਸੀ।

“ਬੰਦੇ ਗੁਰ ਖੰਡਾ ਦਯੋ, ਲਯੋ ਓਨੈ ਗਲ ਪਾਇ।

ਖਾਲਸੋ ਦੇਖ ਸੁ ਵਿਟਰਯੋ ਤਿਨ ਖੰਡੋ ਲਯੋ ਛਿਨਾਇ॥”

(ਪੰਥ ਪ੍ਰਕਾਸ਼)

ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ 20 ਸਿੰਘ ਹੋਰ ਨਾਲ ਭੇਜੇ। ਇਨ੍ਹਾਂ 25 ਸਿੰਘਾਂ ਦੇ ਕਾਫਲੇ ਨੇ ਪੰਜਾਬ ਵੱਲ ਹਨੇਰੀ ਦੀ ਤਰ੍ਹਾਂ ਕੂਚ ਕੀਤਾ। ਦਿੱਲੀ ਪਾਰ ਕਰਦਿਆਂ ਹੀ ਸਿੱਖ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ। ਸਿੱਖ ਸੰਗਤਾਂ ਹੁਕਮ ਦਾ ਪਾਲਣ ਕਰਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈਆਂ। ਗੁਰੂ ਸਾਹਿਬ ਦੇ ਪਰਿਵਾਰ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਵਿਚ ਅਜੇ ਤਾਜੇ ਸਨ। ਉਹ ਕੁੱਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੇ ਝੰਡੇ ਥੱਲੇ ਇਕੱਠੇ ਹੋ ਗਏ, ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ ‘ਰਾਜ ਕਰੇਗਾ ਖਾਲਸਾ’ ਨਿਸ਼ਚਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਿਮ ਲਾਹੌਰੀ ਦੇ ਲਿਖਤ ‘ਇਬਰਤਨਾਮਾ’ (ਰਚਿਤ 1722 ਈ:) ਅਨੁਸਾਰ “ਸਿੱਖਾਂ ਤੇ ਮੁਗਲਾਂ ਵਿਚਕਾਰ ਘੋਲ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸਨੂੰ ਸ਼ੁਰੂ ਕਰਨ ਵਾਲਾ ਬਾਬਾ ਬੰਦਾ ਸਿੰਘ ਬਹਾਦਰ ਸੀ।” ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਧਮਾਕਾ ਛੱਡਿਆ। ਇਸ ਧਮਾਕੇ ਨੂੰ ‘ਅਜਬ ਬਲਾ’ ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬੰਦਾ ਸਿੰਘ ਨੇ ਅਜਿਹੀ ਹਲਚਲ ਮਚਾਈ ਕਿ ਮੁਗਲਾਂ ਨੂੰ ਵਿਸ਼ਵਾਸ ਨਹੀਂ ਆ ਸਕਦਾ ਸੀ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਆਏ, ਤਾਂ ਉਨ੍ਹਾਂ ਕੋਲ 25 ਸਿੰਘਾਂ ਤੋਂ ਇਲਾਵਾ ਨਾ ਤਾਂ ਕੋਈ ਫੌਜ ਸੀ ਤੇ ਨਾ ਹੀ ਸ਼ਸਤਰ, ਨਾ ਕੋਈ ਖਜ਼ਾਨਾ ਸੀ ਤੇ ਨਾ ਹੀ ਘੋੜੇ ਹਾਥੀ। ਮੁਸਲਮਾਨ ਲਿਖਾਰੀ ਖਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ 4000 ਘੋੜ ਸਵਾਰ ਤੇ 7800 ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ 8900 ਹੋ ਗਈ ਤੇ ਵੱਧਦੀ ਹੋਈ ਅੰਤ 40,000 ਤੱਕ ਪਹੁੰਚ ਗਈ। ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇਕ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਕ ਹਕੀਕਤ ਹੈ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦ 1708 ਈ: ਵਿਚ ਪੰਜਾਬ ਅੰਦਰ ਪ੍ਰਵੇਸ਼ ਕੀਤਾ, ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਮੁਗਲਾਂ ਦੇ ਰਾਜ ਦੀ ਸਮਾਪਤੀ ਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੱਤ ਸੌ ਸਾਲ ਪਹਿਲਾਂ ਗਜਨੀ ਦੇ ਤੁਰਕਾਂ ਨੇ ਮਹਿਮੂਦ ਗਜਨਵੀ ਦੇ ਅਧੀਨ ਪੰਜਾਬ ਦੇ ਹਿੰਦੂ ਲੋਕਾਂ ਤੋਂ ਖੋਹੀ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੀ ਫੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ ’ਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗਲਾਂ ਵਿਰੁੱਧ ਲੜਨ ਲਈ ਉਨ੍ਹਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਤਾਂ ਤੇ ਮਸੰਦਾਂ ਦੇ ਪ੍ਰਚਾਰ ਸਦਕਾ ਇਹ ਲੋਕ ਕਾਫੀ ਚਿਰ ਤੋਂ ਸਿੱਖ ਧਰਮ ’ਚ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛੱਕ ਕੇ ਬਾਬਾ ਬੰਦਾ ਸਿੰਘ ਦੀ ਫੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਬਾਬਾ ਜੀ ਨੇ ਪਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ ਅੰਮ੍ਰਿਤ ਛਕਣ ਦੇ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਦੂਰਬਲ ਤੇ ਨਿਤਾਣੇ ਹੋਏ ਲੋਕਾਂ ਅੰਦਰ ਸਾਹਸ ਪੈਦਾ ਕਰਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੂਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ।

ਖਰਚਾ ਚਲਾਉਣ ਅਤੇ ਧੰਨ ਦੀ ਪੂਰਤੀ ਲਈ ਉਸਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ ’ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਨਵੰਬਰ 11, 1709 ਈ: ਨੂੰ ਸਮਾਣਾ ’ਤੇ ਫਤਹਿ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੋਨੀਪਤ, ਕੈਂਥਲ, ਸਮਾਣਾ, ਘੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ ’ਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਦਾ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ ਬਗਾਵਤ ਕਰ ਦਿੱਤੀ, ਕਿਉਂਕਿ ਸਿੱਖਾਂ ਦੇ ਹੌਂਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਉਹ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹੰਦ ’ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਆਖਰ ਉਹ ਘੜੀ ਆ ਗਈ, ਜਿਸਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜ-ਚਿੱੜੀ ਦਾ ਮੈਦਾਨ ਆ ਮੱਲਿਆ (ਚੱਪੜ-ਚਿੱੜੀ, ਸਰਹਿੰਦ ਤੋਂ 12 ਕੋਹ ਦੀ ਵਿੱਥ ’ਤੇ ਖਰੜ-ਲਾਂਡਰਾ ਸੜਕ ’ਤੇ ਸਥਿਤ ਹੈ) ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫਾਨ ਨੂੰ ਰੋਕਣ ਲਈ ਅੱਗੇ ਵਧੀਆਂ। ਸਿੰਘਾਂ ਨੇ ਸਰਹੰਦ ’ਤੇ ਹਮਲੇ ਲਈ ਪਹਿਲਾਂ ਹੀ ਜ਼ੋਰਦਾਰ ਤਿਆਰੀਆਂ ਕੀਤੀਆਂ ਹੋਈਆਂ ਸਨ। 12 ਮਈ, 1710 ਈ: ਨੂੰ ਚੱਪੜ ਚਿੱੜੀ ਦੇ ਮੈਦਾਨ ਵਿਚ ਜ਼ੋਰਦਾਰ ਖੂਨ-ਡੋਲ੍ਹਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ ‘ਮਾਰ ਵਜੀਦੇ ਖਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ’ (ਹਰਸਾ ਸਿੰਘ ਚਾਤਰ) ਇਸ ਤਰ੍ਹਾਂ ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਦੋ ਦਿਨਾਂ ਬਾਅਦ ਸਿੱਖ ਫੌਜਾਂ 14 ਮਈ, 1710 ਈ: ਨੂੰ ਸਰਹੰਦ ਵਿਚ ਦਾਖਲ ਹੋਈਆਂ। ਬੰਦਾ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹਿੰਦ ਨੂੰ ਇੱਟਾਂ ਦੇ ਢੇਰ ਵਿਚ ਬਦਲ ਦਿੱਤਾ। ਵਸਦਾ-ਰਸਦਾ ਸਰਹਿੰਦ ਸ਼ਹਿਰ ਖੰਡਰ ਵਿਚ ਤਬਦੀਲ ਹੋ ਗਿਆ। ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਵਜ਼ੀਰ ਖਾਂ ਦੇ ਮਹੱਲਾਂ ਵਿਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਸਰਹੰਦ ਦੀ ਜਿੱਤ ਨੇ ਅਹਿਮਦ ਸ਼ਾਹ ਅਬਦਾਲੀ ਦੇ ਇਸ ਕਥਨ ਨੂੰ ਕਿ ‘ਸਿੱਖਾਂ ’ਚੋਂ ਹਕੂਮਤ ਦੀ ਬੋ ਆਉਂਦੀ ਹੈ’ ਨੂੰ ਸਹੀ ਸਿੱਧ ਕਰ ਦਿਖਾਇਆ।

ਸਰਹੰਦ ’ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਲੇਰਕੋਟਲੇ ਵੱਲ ਵੱਧਿਆ। ਪ੍ਰੰਤੂ ਸਾਹਿਬਜ਼ਾਦਿਆਂ ਵੱਲੋਂ ਇਥੋਂ ਦੇ ਨਵਾਬ ਵੱਲੋਂ ਹਾਅ ਦਾ ਨਾਅਰਾ ਮਾਰਨ ਲਈ, ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਬਜਾਏ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਥਾਪਿਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਅਧਾਰ ਕੇਂਦਰ ਬਣਾਇਆ। ਮੁਖਲਿਸਗੜ੍ਹ ਦਾ ਕਿਲ੍ਹਾ ਸ਼ਾਹਜਹਾਨ ਦੀ ਆਗਿਆ ਅਨੁਸਾਰ ਮੁਖਲਿਸ ਖਾਨ ਨੇ ਬਣਵਾਇਆ ਸੀ। ਜਿਸ ਸਮੇਂ ਬੰਦਾ ਬਹਾਦਰ ਨੇ ਇਸ ਕਿਲ੍ਹੇ ਉਤੇ ਕਬਜ਼ਾ ਕੀਤਾ, ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸਦੀ ਮੁਰੰਮਤ ਕੀਤੀ ਤੇ ਇਸਦਾ ਨਾ ਲੋਹਗੜ੍ਹ ਰੱਖਿਆ ਗਿਆ। ਸਰਹੰਦ ਦਾ ਖਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ। ਮਾਲ ਅਸਬਾਬ ਤੇ ਜੰਗੀ ਸਮਾਨ ’ਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ੍ਹ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਛੋਟਾ ਜਿਹਾ ਬੇਤਾਜ਼ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਭੀ ਹੋ ਗਈ ਸੀ। ਰਾਜ ਕਾਜ ਲਈ ਰਾਜਧਾਨੀ ਵੀ ਤੇ ਰਹਿਣ ਲਈ ਮਹਿਲ ਭੀ।

ਉਸ ਨੇ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ ’ਤੇ ਫਾਰਸੀ ਦੇ ਹੇਠ ਲਿਖੇ ਸ਼ਬਦ ਉਕਰੇ ਹੋਏ ਸਨ:-

“ਸਿੱਕਾ ਜਦ ਬਰ ਹਰ ਦੋ ਆਲਮ
ਤੇਗਿ ਨਾਨਕ ਵਾਹਿਬ ਅਸਤ”
‘ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ
ਫ਼ਜਲਿ ਸੱਚਾ ਸਾਹਿਬ ਅਸਤ’

**ਜਿਸਦਾ ਅਰਥ ਹੈ:-**

ਸਿੱਕਾ ਮਾਰਿਆ ਦੋ ਜਹਾਨ ਉੱਤੇ,
ਬਖਸ਼ਾਂ ਬਖਸ਼ੀਆਂ ਨਾਨਕ ਦੀ ਤੇਗ ਨੇ ਜੀ।
ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,
ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਿਤ ਦੇ ਇਹ ਸ਼ਬਦ ਸਨ:-

‘ਜਰਬ ਬ-ਅਮਾਨੁ-ਦਹਿਰ, ਮੁੱਸਵਰਤ ਸ਼ਹਿਰ, ਜੀਨਤੁ-ਤਖਤੁ, ਮੁਬਾਰਕ ਬਖਤ।’

ਅਰਥਤਾਰ ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਦਾਰੀ ਦਸਤਾਵੇਜ਼, ਸਨਦਾ, ਪ੍ਰਵਾਨਿਆਂ ਆਦਿ ਲਈ ਮੋਹਰ ਬਨਵਾਈ, ਜਿਥੇ ਕਿਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:-

ਦੇਗੋ ਤੇਗੋ ਫ਼ਤਹਿ ਓ ਨੁਸਰਤਿ ਬੇ-ਦਿਰੰਗ
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ

ਅਰਥਾਤ ਦੇਗ ਤੇਗ ਜਿਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।

(ਦੇਖੋ ਪੁਸਤਕ ‘ਬੰਦਾ ਸਿੰਘ ਬਹਾਦਰ’ ਰਚਨਾ ਡਾ. ਗੰਡਾ ਸਿੰਘ, ਪੰਨਾ 59-60)

ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੀ ਬਖਸ਼ਿਸ ਮੰਨਦਾ ਹੈ ਤੇ ਆਪ ਦੇਗ ਤੇ ਤੇਗ ਰਾਹੀਂ ਕੇਵਲ ਸੇਵਾਦਾਰ ਹੈ। ਉਸ ਲਈ ਬਖਸ਼ਿਸ਼ ਗੁਰੂ ਨਾਨਕ ਦੀ ਹੈ। ਫਤਹਿ ਗੁਰੂ ਗੋਬਿੰਦ ਦੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

ਜਿੱਤਾਂ ਦਾ ਸਿਲਸਿਲਾ ਜਾਰੀ ਰੱਖਦਿਆਂ ਬੰਦਾ ਬਹਾਦਰ ਨੇ ਜੁਲਾਈ 1710 ਵਿਚ ਗੰਗਾ ਤੇ ਜਮਨਾ ਦੇ ਮੈਦਾਨੀ ਇਲਾਕਿਆਂ ’ਤੇ ਕਬਜ਼ਾ ਕਰ ਲਿਆ। ਮਾਝੇ ਤੇ ਦੁਆਬੇ ਦੇ ਸਿੱਖ ਉਠ ਖੜ੍ਹੇ ਹੋਏ। ਅਕਤੂਬਰ 1710 ਤੱਕ ਕਿਲ੍ਹਾ ਭਗਵੰਤ ਰਾਏ ਤੇ ਭੀਲੋਵਾਲ ਭੀ ਸਿੱਖ ਫੌਜਾਂ ਦੇ ਕਬਜ਼ੇ ਵਿਚ ਆ ਗਏ। ਸਿੱਖਾਂ ਦੀ ਚੜ੍ਹਤ ਨੇ ਹਿੰਦੋਸਤਾਨ ਦੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੈਅ-ਭੀਤ ਕਰ ਦਿੱਤਾ। ਉਸ ਨੇ ਸਿੱਖਾਂ ਕੋਲੋਂ ਜਿੱਤਿਆ ਹੋਇਆ ਇਲਾਕਾ ਲੈਣ ਲਈ ਆਪ ਪੰਜਾਬ ਵੱਲ ਕੂਚ ਕੀਤਾ। ਹਾਲਾਤ ਅਨੁਸਾਰ ਸਿੱਖਾਂ ਨੂੰ ਪਿੱਛੇ ਹਟਣਾ ਪਿਆ ਤੇ ਉਹ ਪਹਾੜਾਂ ਵੱਲ ਨਿਕਲ ਗਿਆ। ਇਸੇ ਦੌਰਾਨ ਪੰਥ ਦੋਖੀ ਪਹਾੜੀ ਰਾਜੇ ਭੀਮ ਚੰਦ ਨੂੰ ਜਾ ਸੋਧਿਆ। 18 ਫਰਵਰੀ, 1712 ਨੂੰ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦਾ ਬਾਦਸ਼ਾਹ ਫਰੁਖਸੀਅਰ ਇਕ ਕਮਜ਼ੋਰ ਬਾਦਸ਼ਾਹ ਸੀ, ਇਸ ਮੌਕੇ ’ਤੇ ਲਾਭ ਉਠਾਇਆ ਬੰਦਾ ਸਿੰਘ ਨੇ ਮੁੜ ਆਪਣੀ ਤਾਕਤ ਨੂੰ ਸੰਗਠਿਤ ਕੀਤਾ ਤੇ ਕਈ ਇਲਾਕਿਆਂ ’ਤੇ ਕਬਜ਼ਾ ਕਰ ਲਿਆ। 1712 ਈ: ਨੂੰ ਸਰਹਿੰਦ ਤੇ ਲੋਹਗੜ੍ਹ ਫਿਰ ਜਿੱਤ ਲਏ। ਬਟਾਲਾ ਤੇ ਕਲਾਨੌਰ ਨੂੰ ਜਿੱਤ ਕੇ ਸਮਸ਼ ਖਾਨ ਨੂੰ ਮਾਰ ਮੁਕਾਇਆ। ਅੰਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿਚ ਬੰਦਾ ਸਿੰਘ ਤੇ ਕਈ ਹੋਰ ਸਿੰਘ ਮੁਗਲ ਫੌਜ ਦੇ ਘੇਰੇ ਵਿਚ ਆ ਗਏ। ਇਹ ਘੇਰਾ ਲੰਬਾ ਸਮਾਂ ਭਾਵ ਅੱਠ ਮਹੀਨੇ ਜਾਰੀ ਰਿਹਾ। ਘੇਰਾ ਲੰਬਾ ਹੋਣ ਕਾਰਣ ਰਾਸ਼ਨ ਦੀ ਕਮੀ ਹੋਣ ਲੱਗੀ। ਸਿਪਾਹੀ ਭੁੱਖ ਤੇ ਪਿਆਸ ਨਾਲ ਮਰਨ ਲੱਗੇ। ਉਂਝ ਤਾਂ ਸਾਰਾ ਇਤਿਹਾਸ ਹੀ ਸ਼ਹੀਦੀਆਂ ਨਾਲ ਭਰਿਆ ਪਿਆ ਹੈ ਪਰ ਬੰਦੇ ਦੀ ਸ਼ਹੀਦੀ ਸਿੱਖ ਇਤਿਹਾਸ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਮੁੱਚੇ ਇਤਿਹਾਸ ਵਿਚ ਹੀ ਲੂੰ-ਕੰਡੇ ਖੜ੍ਹੇ ਕਰਨ ਵਾਲੀ ਸ਼ਹੀਦੀ ਹੈ। ਬੰਦਾ ਬਹਾਦਰ ਨੂੰ 800 ਸਾਥੀਆਂ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਫਿਰ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਲਿਜਾਇਆ ਗਿਆ। 15 ਮਾਰਚ 1716 ਨੂੰ ਸਿੱਖ ਕੈਦੀਆਂ ਦਾ ਕਤਲੇਆਮ ਸ਼ੁਰੂ ਹੋਇਆ। ਤਕਰੀਬਨ 100 ਸਿੱਖ ਨੂੰ ਰੋਜ਼ ਕਤਲ ਕੀਤਾ ਜਾਂਦਾ, ਸਿੱਖ ਅਜਿਤ ਭਾਵਨਾ ਨਾਲ ਮੌਤ ਨੂੰ ਜੀ ਆਇਆਂ ਕਹਿੰਦੇ, ਖਿੜੇ ਚਿਹਰੇ ਨਾਲ ਜਲਾਦ ਨੂੰ ਸੀਸ ਭੇਂਟ ਕਰਦੇ। ਤਕਰੀਬਨ ਤਿੰਨ ਮਹੀਨੇ ਬਾਅਦ 9 ਜੂਨ 1716 ਈ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ ਤੇ ਜਲੂਸ ਦੀ ਸ਼ਕਲ ਵਿਚ ਕੁਤਬ ਮੀਨਾਰ ਦੇ ਨੇੜੇ ਖਵਾਜ਼ਾ ਕੁਤਬਦੀਨ ਬਖਤਿਆਰ ਕਾਕੀ ਦੇ ਰੋਜੇ ਪਾਸ ਪਹੁੰਚਾਇਆ ਗਿਆ। ਬਹੁਤ ਸਾਰੇ ਚਸ਼ਮਦੀਦ ਗਵਾਹਾਂ ਅਨੁਸਾਰ ਬੰਦੇ ਦੀ ਸ਼ਹਾਦਤ ਇਸ ਤਰ੍ਹਾਂ ਹੋਈ: ਬੰਦਾ ਸਿੰਘ ਬਹਾਦਰ ਨੂੰ ਸ਼ਹੀਦੀ ਜ਼ਾਮ ਪਿਲਾਉਣ ਤੋਂ ਪਹਿਲਾਂ ਉਸਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਕੇ ਉਸ ਦਾ ਧੜਕਦਾ ਦਿਲ ਉਸ ਦੇ ਮੂੰਹ ਵਿਚ ਤੁੰਨਿਆ ਗਿਆ। ਫਿਰ ਜਲਾਦ ਨੇ ਉਨ੍ਹਾਂ ਦੀਆਂ ਅੱਖਾਂ ਕੱਢੀਆਂ, ਹੱਥ-ਪੈਰ ਕੱਟੇ ਗਏ, ਲਾਲ ਭੱਖਦੇ ਜੰਬੂਰਾਂ ਨਾਲ ਸਰੀਰ ਤੋਂ ਮਾਸ ਨੋਚਿਆ ਗਿਆ ਅਤੇ ਅੰਤ ਵਿਚ ਸਿਰ ਤੇ ਧੜ ਨੂੰ ਅਲੱਗ ਕਰਕੇ ਟੁਕੜੇ-ਟੁਕੜੇ ਕਰ ਦਿੱਤੇ ਗਏ। ਜਿਥੇ ਉਹ ਸਿੱਖਾਂ ਦਾ ਮਹਾਨ ਹੁਕਮਰਾਨ ਸੀ, ਉਥੇ ਉਹ ਸਿੱਖਾਂ ਦਾ ‘ਸ਼੍ਰੋਮਣੀ ਸ਼ਹੀਦ’ ਵੀ ਹੋ ਨਿਬੜਿਆ।

ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਤੇ ਖਾਸ ਕਰ ਸਿੱਖਾਂ ਨੂੰ ਬਹੁਤ ਵੱਡੀ ਦੇਣ ਹੈ। ਉਸਦਾ ਪਹਿਲਾ ਕੰਮ ਸਿਰਲੱਥ ਖਾਲਸਾ ਨੂੰ ਸੰਗਠਿਤ ਕਰਕੇ ਆਜ਼ਾਦ ਲੋਕ ਰਾਜ ਦੀ ਸਥਾਪਨਾ ਕੀਤੀ। ਫੌਜੀ ਜਰਨੈਲ ਦੇ ਤੌਰ ’ਤੇ ਬੰਦਾ ਬਹਾਦਰ ਦਾ ਕੋਈ ਵੀ ਟਾਕਰਾ ਨਹੀਂ ਸੀ। ਇਹ ਪਹਿਲੀ ਵਾਰ ਸੀ ਕਿ ਬੰਦਾ ਬਹਾਦਰ ਦੀ ਰਹਿਨੁਮਾਈ ਹੇਠ ਪੰਜਾਬ ਦੇ ਦੱਬੇ-ਕੁਚਲੇ ਲੋਕਾਂ ਨੇ ਆਜ਼ਾਦੀ ਦਾ ਅਨੰਦ ਮਾਣਿਆ। ਉਸਨੇ ਹਮੇਸ਼ਾ ਲਈ ਸਿੱਖ ਕੌਮ ਅੰਦਰ ਆਜ਼ਾਦੀ ਦੀ ਚਿਣਗ ਲਾ ਦਿੱਤੀ, ਜੋ ਕਿ ਪਿੱਛੋਂ ਜਾ ਕੇ ਰਾਜਾਂ ਦੀ ਪ੍ਰਾਪਤੀ ਲਈ ਸੰਘਰਸ਼ ਦਾ ਕਾਰਣ ਬਣੀ।

# ਸਮਾਰਟ ਫੋਨ ਦੀ ਵਰਤੋਂ ਦਾ ਸਲੀਕਾ ਸਿੱਖਣ ਦੀ ਲੋੜ

-ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)



ਸ਼ਹਿਰ ਦੇ ਪ੍ਰਸਿੱਧ ਹਸਪਤਾਲ ਦੇ ਪ੍ਰਸਿੱਧ ਡਾਕਟਰ ਨੂੰ ਮਿਲਣ ਲਈ ਵਾਰੀ ਦੀ ਉਡੀਕ ਕਰ ਰਿਹਾ ਸਾਂ। ਕੁਰਸੀਆਂ ਸਾਰੀਆਂ ਭਰੀਆਂ ਸਨ ਅਤੇ ਬਹੁਤ ਸਾਰੇ ਲੋਕ ਇਧਰ-ਉਧਰ ਖੜ੍ਹੇ ਆਪੋ-ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ। ਖੱਬੇ-ਸੱਜੇ, ਅੱਗੇ-ਪਿੱਛੇ ਬਹੁਤੇ ਸਮਾਰਟ ਫੋਨ 'ਤੇ ਰੁੱਝੇ ਹੋਏ ਸਨ। ਗਰਦਨ ਝੁਕਾ ਕੇ ਨਜ਼ਰਾਂ ਸਕਰੀਨ 'ਤੇ ਗੱਡੀਆਂ ਸਨ। ਮੇਰੇ ਐਨ ਸੱਜੇ ਪਾਸੇ ਨਾਲ ਦੀ ਕੁਰਸੀ 'ਤੇ ਖਿੱਲਰ ਕੇ ਵਿੰਗਾ-ਟੇਢਾ ਬੈਠਾ ਮੁੰਡਾ ਫੋਨ 'ਤੇ ਉੱਚੀ ਆਵਾਜ਼ ਵਿਚ ਵਾਰ-ਵਾਰ ਵੀਡੀਓ ਵੇਖ ਰਿਹਾ ਸੀ। ਸਾਡੇ ਐਨ ਸਾਹਮਣੇ ਇਕ ਬੋਰਡ ਟੰਗਿਆ ਸੀ, ਜਿਸ 'ਤੇ ਹੋਰ ਜਾਣਕਾਰੀ ਦੇ ਨਾਲ ਮੋਟੇ ਅੱਖਰਾਂ ਵਿਚ ਲਿਖਿਆ ਸੀ, 'ਕਿਰਪਾ ਕਰਕੇ ਸ਼ਾਂਤ ਰਹੋ।' ਅਜੇ ਉਸਦੀ ਵੀਡੀਓ ਮੁੱਕੀ ਨਹੀਂ ਸੀ ਕਿ ਮੇਰੇ ਪਿਛਲੇ ਪਾਸੇ ਬੈਠੀ ਔਰਤ ਦੇ ਫੋਨ 'ਤੇ ਗਾਣੇ ਦੀ ਵੀਡੀਓ ਸ਼ੁਰੂ ਹੋ ਗਈ। ਮੈਂ ਥੋੜ੍ਹੀ ਗਰਦਨ ਘੁਮਾ ਕੇ ਉਹਦੇ ਵੱਲ ਵੇਖਿਆ ਪਰ ਉਸ 'ਤੇ ਕੋਈ ਅਸਰ ਨਾ ਹੋਇਆ।

ਏਨੇ ਨੂੰ ਇਕ ਐੱਨ.ਆਰ.ਆਈ. ਆਪਣੀ ਵਾਰੀ ਦੀ ਉਡੀਕ ਕਰਦਾ ਆਪਾ ਖੋਹ ਬੈਠਾ ਅਤੇ ਨਰਸ ਨਾਲ ਉੱਚੀ ਆਵਾਜ਼ ਵਿਚ ਬੋਲਣ ਲੱਗਾ। ਸਾਰਿਆਂ ਦਾ ਧਿਆਨ ਉਧਰ ਖਿੱਚਿਆ ਗਿਆ ਪਰੰਤੂ ਜਿਹੜੇ ਵੀਡੀਓ ਵੇਖਣ ਵਿਚ ਮਸਤ ਸਨ, ਉਨ੍ਹਾਂ ਦੀ ਬਿਰਤੀ ਵੀਡੀਓ ਵਿਚ ਲੱਗੀ ਰਹੀ।

ਸਿਆਣੇ ਕਹਿੰਦੇ ਹਨ, ਤੁਹਾਡੀ ਆਜ਼ਾਦੀ ਉਥੇ ਮੁੱਕੇ ਜਾਂਦੀ ਹੈ, ਜਿੱਥੇ ਤੁਹਾਡੇ ਨੱਕ ਦੀ ਨੋਕ ਮੁੱਕਦੀ ਹੈ। ਲੋਕਾਂ ਨੂੰ ਦੂਸਰਿਆਂ ਦੀ ਨਿੱਜਤਾ, ਪਸੰਦ, ਨਾਪਸੰਦ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ।



ਜਦ ਮੈਂ ਇਸ ਰੁਝਾਨ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ, ਤਾਂ ਪਤਾ ਚੱਲਿਆ ਕਿ ਵਧੇਰੇ ਲੋਕ ਟਾਈਮ ਪਾਸ ਕਰਨ ਲਈ, ਕੁਝ ਸਿੱਖਣ ਲਈ, ਮਨੋਰੰਜਨ ਲਈ, ਹੱਸਣ ਲਈ, ਸੰਗੀਤ ਸੁਣਨ ਲਈ, ਕੋਈ ਸ਼ੋਅ, ਕੋਈ ਟੀ.ਵੀ. ਪ੍ਰੋਗਰਾਮ ਵੇਖਣ ਲਈ ਵੀਡੀਓ ਵੇਖਦੇ ਹਨ। ਉੱਥੇ ਹਰੇਕ ਦੀ ਪਸੰਦ ਅਨੁਸਾਰ ਵੀਡੀਓ ਉਪਲਬਧ ਹਨ।

2022 ਦੇ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿਚ ਯੂ ਟਿਊਬ ਦੀ ਵਰਤੋਂ ਕਰਨ ਵਾਲਿਆਂ ਦੀ ਗਿਣਤੀ 260 ਕਰੋੜ ਸੀ। ਸਾਨੂੰ ਸਮਾਰਟ ਫੋਨ ਵਰਤਣ ਦਾ ਸਲੀਕਾ ਵੀ ਸਿੱਖਣ ਦੀ ਲੋੜ ਹੈ। ਕਿਸੇ ਸਿਆਣੇ ਨੇ ਠੀਕ ਹੀ ਕਿਹਾ ਹੈ, ਜਦੋਂ ਇੰਟਰਨੈਟ ਦੀ ਵਰਤੋਂ ਕਰਦੇ ਹੋ, ਉਦੋਂ ਦਿਮਾਗ ਦੀ ਵਰਤੋਂ ਵੀ ਕਰੋ।

ਮੈਨੂੰ ਯਾਦ ਹੈ ਆਸਟਰੇਲੀਆ ਵਿਚ ਕਿਸੇ ਨੇ ਸ਼ਾਮ ਨੂੰ ਆਪਣੇ ਘਰ ਛੋਟੀ ਜਿਹੀ ਪਾਰਟੀ ਕਰਨੀ ਸੀ। ਜਿਸ ਵਿਚ ਸੰਗੀਤ ਚਲਾਇਆ ਜਾਣਾ ਸੀ। ਉਸਨੇ ਦੁਪਿਹਰ ਵੇਲੇ ਗੁਆਂਢੀ ਦੀ ਬੈੱਲ ਮਾਰ ਕੇ ਉਸਤੋਂ ਅਗਾਊਂ ਮੁਆਫ਼ੀ ਮੰਗਦਿਆਂ ਕਿਹਾ ਕਿ ਹੋ ਸਕਦਾ ਤੁਹਾਨੂੰ ਪਾਰਟੀ ਕਾਰਨ ਕੁਝ ਸਮੇਂ ਲਈ ਪ੍ਰੇਸ਼ਾਨੀ ਪੇਸ਼ ਆਵੇ।

ਇਥੇ ਸਾਡੇ ਇਕ ਵਾਰ ਇਕ ਪ੍ਰੋਫੈਸਰ ਨੇ ਆਪਣੇ ਘਰ ਦੇ ਐਨ ਕੋਲ ਪੈਂਦੇ ਧਾਰਮਿਕ ਸਥਾਨ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਸਦੇ ਘਰ ਦੀ ਨੁੱਕਰ ਕੋਲ ਲਗਾਏ ਲਾਊਡ-ਸਪੀਕਰ ਦਾ ਮੂੰਹ ਥੋੜ੍ਹਾ ਦੂਸਰੇ ਪਾਸੇ ਘੁਮਾ ਦਿਓ ਕਿਉਂਕਿ ਆਵਾਜ਼ ਬਹੁਤ ਉੱਚੀ ਹੋਣ ਕਾਰਨ ਘਰ ਵਿਚ ਆਪਸ 'ਚ ਕੀਤੀ ਗੱਲ ਵੀ ਸੁਣਾਈ ਨਹੀਂ ਦਿੰਦੀ। ਧਾਰਮਿਕ ਸਥਾਨ ਦੇ ਪ੍ਰਬੰਧਕਾਂ ਨੇ ਉਦੋਂ ਤਾਂ ਕੁਝ ਨਾ ਕਿਹਾ ਪਰ ਅਗਲੇ ਦਿਨ ਉੱਥੇ ਇਕ ਹੋਰ ਲਾਊਡ-ਸਪੀਕਰ ਲਿਆ ਕੇ ਬੰਨ੍ਹ ਦਿੱਤਾ। ਹੁਣ ਇਕ ਦੀ ਥਾਂ ਦੋ ਉੱਚੀ ਆਵਾਜ਼ ਵਿਚ ਚੱਲਣ ਲੱਗੇ।

ਡਿਜ਼ੀਟਲ ਆਨੰਦ ਸਿਰਲੇਖ ਤਹਿਤ ਬੀਤੇ ਦਿਨੀਂ ਇਕ ਸੰਪਾਦਕ ਨੇ ਵਿਸਥਾਰ ਵਿਚ ਸੰਪਾਦਕੀ ਨੋਟ ਲਿਖਿਆ, ਜਿਸ ਵਿਚ ਇੰਟਰਨੈਟ ਦੀ ਵੱਧਦੀ ਵਰਤੋਂ ਅਤੇ ਨੌਜਵਾਨ ਵਰਗ ਦੇ ਇਸਦੀ ਲਪੇਟ ਵਿਚ ਚਲੇ ਜਾਣ 'ਤੇ ਗਹਿਰੀ ਚਿੰਤਾ ਵਿਅਕਤ ਕੀਤੀ ਗਈ। ਇਸ ਵਰਗ ਦਾ ਵੱਡਾ ਹਿੱਸਾ ਲਗਾਤਾਰ ਡਿਜ਼ੀਟਲ ਮਨੋਰੰਜਨ ਨਾਲ ਜੁੜਿਆ ਰਹਿੰਦਾ ਹੈ। ਸਮਾਂ, ਸਥਾਨ ਕੋਈ ਹੋਵੇ ਇਸ ਨਾਲ ਉਸਨੂੰ ਕੋਈ ਫ਼ਰਕ ਨਹੀਂ ਪੈਂਦਾ। ਭਾਵੇਂ ਹਸਪਤਾਲ ਦੀ ਰਿਸੈਪਸ਼ਨ ਜਾਂ ਆਪਣੀ ਵਾਰੀ ਦੀ ਉਡੀਕ ਕਰਨ ਵਾਲਾ ਹਿੱਸਾ ਹੀ ਕਿਉਂ ਨਾ ਹੋਵੇ। ਕੁਰਸੀਆਂ ਨਾਲ-ਨਾਲ ਹਨ ਇਸਦੀ ਵੀ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ। ਉਥੇ 40-50 ਲੋਕ ਬੈਠੇ ਹਨ। ਫੇਰ ਕੀ ਹੋਇਆ। ਉਨ੍ਹਾਂ ਨੇ ਤਾਂ ਯੂ ਟਿਊਬ 'ਤੇ ਆਪਣਾ ਮਨ-ਪਸੰਦ ਗਾਣਾ ਸੁਣਨਾ ਹੈ।

ਪੜ੍ਹਨ, ਸੁਣਨ, ਵੇਖਣ ਵਿਚ ਆ ਰਿਹਾ ਹੈ ਕਿ ਪੰਜਾਬ ਵਿਚੋਂ ਥੋੜ੍ਹਾ ਬਹੁਤ ਪੜ੍ਹ ਕੇ ਗਏ ਨੌਜਵਾਨਾਂ ਵਿਚੋਂ, ਕੁਝ ਵਿਦੇਸ਼ਾਂ ਵਿਚ ਜਾ ਕੇ ਵੀ ਉਥੋਂ ਦੇ ਨਿਯਮ, ਕਾਨੂੰਨ, ਮਰਿਯਾਦਾ ਅਤੇ ਸਲੀਕੇ ਨੂੰ ਨਹੀਂ ਮੰਨਦੇ। ਨਤੀਜੇ ਵਜੋਂ ਸਥਾਨਕ ਲੋਕਾਂ ਦੀ ਨਜ਼ਰ ਵਿਚ ਉਹ ਸਮੁੱਚੇ ਭਾਈਚਾਰੇ, ਸਮੁੱਚੇ ਪੰਜਾਬ ਨੂੰ ਸ਼ਰਮਸਾਰ ਕਰ ਦਿੰਦੇ ਹਨ। ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਤੋਂ, ਜਿੱਥੇ ਪੰਜਾਬੀਆਂ ਦੀ ਵਸੋਂ ਵਧੇਰੇ ਹੈ, ਅਜਿਹੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਸਮਾਰਟ ਫੋਨ ਸਾਡੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ ਪਰੰਤੂ ਇਸਦੀ ਵਰਤੋਂ ਦਾ ਸਲੀਕਾ ਸਿੱਖਣ, ਅਪਨਾਉਣ ਵਿਚ ਅਸੀਂ ਫਾਡੀ ਰਹਿ ਗਏ ਹਾਂ। ਇਸਦੀ ਵਰਤੋਂ ਕਾਹਦੇ ਲਈ ਕਰਨੀ ਹੈ, ਕਿੰਨਾ ਸਮਾਂ ਕਰਨੀ ਹੈ, ਕੀ ਵੇਖਣਾ ਹੈ, ਕੀ ਨਹੀਂ ਵੇਖਣਾ ਹੈ। ਇਸਦੀ ਮੋਟੀ ਜਿਹੀ ਸਮਝ ਅਪਣਾ ਕੇ ਚੱਲਣਾ ਪਵੇਗਾ। ਜਨਤਕ ਥਾਵਾਂ 'ਤੇ ਆਵਾਜ਼ ਮੱਧਮ ਰੱਖਣੀ ਪਵੇਗੀ। ਧੀਮੀ ਆਵਾਜ਼ ਵਿਚ ਗੱਲ ਕਰਨੀ ਹੋਵੇਗੀ। ਸਮਾਰਟ ਫੋਨ ਨਾਲ ਫੋਟੋ ਖਿੱਚਦੇ ਸਮੇਂ ਇਰਦ-ਗਿਰਦ ਖੜ੍ਹੇ, ਬੈਠੇ ਲੋਕਾਂ ਦੀ ਨਿੱਜਤਾ ਦਾ ਸਤਿਕਾਰ ਕਰਨਾ ਹੋਵੇਗਾ, ਖਿਆਲ ਰੱਖਣਾ ਹੋਵੇਗਾ। ਅਜਿਹੀ ਮੁੱਢਲੀ ਤੇ ਬੁਨਿਆਦੀ ਮਰਿਯਾਦਾ ਦੇ ਅੰਗ-ਸੰਗ ਤਾਂ ਵਿਚਰ ਹੀ ਸਕਦੇ ਹਾਂ। ਫੇਰ ਸਮਾਰਟ ਫੋਨ ਬੋਝ ਨਹੀਂ ਬਣੇਗਾ।

# ਬੋਕ ਦੇ ਸਿੰਙ

## ਵਿਅੰਗ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਪੰਜਾਬੀ ਭਾਸ਼ਾ ਵਿਚ "ਬੋਕ ਦੇ ਸਿੰਙ" ਬਹੁਤਾ ਵਧੀਆ ਲਫਜ਼ ਨਹੀਂ ਹੈ ਪਰ ਚਾਲੀ-ਪੰਜਤਾਲੀ ਵਰ੍ਹੇ ਪਹਿਲਾਂ ਪੰਜਾਬੀ ਗਾਇਕੀ ਦੀ ਮਸ਼ਹੂਰ ਜੋੜੀ ਮੁਹੰਮਦ ਸਦੀਕ ਅਤੇ ਰਣਜੀਤ ਕੌਰ ਨੇ ਗੀਤ ਗਾਇਆ ਸੀ 'ਪੁੱਠਾ ਪੰਗਾ ਲੈ ਲਿਆ ਜੱਟੀਏ, ਐਵੇਂ ਬੋਕ ਦੇ ਸਿੰਙਆਂ ਨੂੰ ਹੱਥ ਪਾ ਕੇ' ਤੇ ਰਣਜੀਤ ਕੌਰ ਕਹਿੰਦੀ ਸੀ 'ਵੇ ਮੈਂ ਫਸ ਗਈ ਛੁੜਾਈਂ ਜੱਟਾ ਆ ਕੇ ਛੜਿਆਂ ਦਾ ਬੋਕ ਛੇੜ ਕੇ' ਵਾਹਵਾ ਮਕਬੂਲ ਹੋਇਆ ਸੀ, ਤਾਂ ਉਸ ਦਾ ਹਵਾਲਾ ਦੇਣਾ ਪਿਆ। ਉਹੋ ਹਾਲ ਹੁਣ ਅਮਰੀਕਾ ਵਾਸੀਆਂ ਦਾ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਨੇ ਆਨਲਾਈਨ ਸਿਸਟਮ ਨੂੰ ਸੱਦਾ ਦਿੱਤਾ ਸੀ। ਭਾਵ ਐਮਾਜ਼ੋਨ ਵਗੈਰਾ ਨੂੰ ਬੜ੍ਹਾਵਾ ਦਿੱਤਾ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਲੋਕਾਂ ਦਾ ਰੁਝਾਨ ਆਨਲਾਈਨ ਸ਼ਾਪਿੰਗ ਵੱਲ ਹੋ ਗਿਆ ਤੇ ਵੱਡੇ-ਵੱਡੇ ਸਟੋਰ, ਮਾਲ ਆਦਿ ਬੰਦ ਹੋਣ ਦੀ ਕਗਾਰ 'ਤੇ ਆ ਗਏ, ਜਿਸ ਨਾਲ ਸਟੋਰਾਂ 'ਤੇ ਕੰਮ ਕਰਨ ਵਾਲੀ ਲੇਬਰ ਵਿਹਲੀ ਹੋ ਗਈ, ਵੱਡੇ ਕਾਰੋਬਾਰੀ ਦੀਵਾਲੇ ਕੱਢਣ ਲੱਗੇ, ਕੁਝ ਬੈਂਕ ਡੁੱਬਣ ਦੀ ਕਗਾਰ 'ਤੇ ਆ ਖਲੋਤੇ ਹਨ। ਜਿਹੜਾ ਕਾਮਾਂ ਦੋ ਸਾਲ ਪਹਿਲਾਂ 3500$ ਮਹੀਨੇ 'ਤੇ ਨਹੀਂ ਸੀ ਮਿਲਦਾ, ਉਹ ਹੁਣ 2500 $ 'ਤੇ ਧੱਕੇ ਖਾ ਰਿਹਾ ਹੈ। ਦੂਜੇ ਪਾਸੇ ਸਟੋਰ (ਗਰਾਸਰੀ ਨੂੰ ਛੱਡ ਕੇ) ਸਭ ਵਿਹਲੇ ਪਏ ਹਨ। ਸਟੋਰਾਂ ਵਾਲੇ ਮੂੰਹੋਂ ਕਹਿੰਦੇ ਹਨ, ਇਹ ਚੀਜ਼ਾਂ ਆਨਲਾਈਨ ਲੈ ਲਵੋ, ਸਾਡੇ ਕੋਲ ਨਹੀਂ ਹਨ। ਹੁਣ ਜੇ ਕੋਈ ਚੀਜ਼ ਤੁਹਾਨੂੰ ਦੋ-ਚਾਰ ਦਿਨ ਰੁਕ ਕੇ ਚਾਹੀਦੀ ਹੈ, ਤਾਂ ਤੁਸੀਂ ਆਨ ਲਾਈਨ ਲੈ ਲਵੋਗੇ। ਜੇ ਉਸੇ ਦਿਨ ਚਾਹੀਦੀ ਹੈ, ਤਾਂ ਕੀ ਕੀਤਾ ਜਾਵੇ? ਘਰੇਲੂ ਸਮਾਨ ਦੀਆਂ ਦਸ ਚੀਜ਼ਾਂ ਲੈਣ ਜਾਈਏ, ਤਾਂ ਚਾਰ ਮਿਲਦੀਆਂ ਹਨ, ਛੇ ਆਨਲਾਈਨ ਆਰਡਰ ਕਰਨੀਆਂ ਪੈਂਦੀਆਂ ਹਨ। ਆਨਲਾਈਨ ਆਈਆਂ ਚੀਜ਼ਾਂ ਦਾ ਆਪਣਾ ਗਧੀਗੇੜ ਹੈ। ਚਾਰਾਂ ਵਿਚੋਂ ਦੋ ਗਲਤ ਆ ਜਾਂਦੀਆਂ ਹਨ, ਫਿਰ ਉਨ੍ਹਾਂ ਨੂੰ ਵਾਪਸ ਭੇਜਣ ਵਾਸਤੇ ਫੈਡੇਕਸ ਦਫ਼ਤਰਾਂ ਦੀ ਪਰਿਕਰਮਾ। ਕੁੱਲ ਮਿਲਾ ਕੇ ਅਮਰੀਕਾ ਨੇ ਸਿਰ ਖੁਰਕਦੇ-ਖੁਰਕਦੇ ਗਾਉਣਾ ਹੈ, 'ਪੁੱਠਾ ਪੰਗਾ ਲੈ ਲਿਆ ਚੰਨ ਵੇ ਆਨਲਾਈਨ ਦੇ ਸਿੰਙਆਂ ਨੂੰ ਹੱਥ ਪਾ ਕੇ'॥

# ਆਤਮਾ ਅਤੇ ਪ੍ਰਮਾਤਮਾ ਦਾ ਮੇਲ ਹੈ ਯੋਗ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
(Punjab Mail USA)



ਵਿਸ਼ਵ ਪ੍ਰਸਿੱਧ ਕਹਾਵਤ ਹੈ ਕਿ ਸਿਹਤ ਇੱਕ ਵਡਮੁੱਲਾ ਧਨ ਹੈ, (Health is a Wealth)। ਸਿਹਤ ਨੂੰ ਧਨ ਤੋਂ ਵੀ ਜ਼ਿਆਦਾ ਕੀਮਤੀ ਇਸ ਕਰਕੇ ਮੰਨਿਆ ਗਿਆ ਹੈ ਕਿਉਂਕਿ ਧਨ ਤਾਂ ਜਦੋਂ ਇਕ ਵਾਰ ਚਲਾ ਜਾਵੇ, ਦੁਬਾਰਾ ਕਮਾਇਆ ਜਾ ਸਕਦਾ ਹੈ ਪਰ ਜਦੋਂ ਸਿਹਤ ਇੱਕ ਵਾਰ ਚਲੀ ਜਾਵੇ, ਦੁਬਾਰਾ ਕਮਾਉਣਾ ਮੁਸ਼ਿਕਲ ਨਹੀਂ, ਅਸੰਭਵ ਹੈ।

ਸਰੀਰ ਨੂੰ ਤੰਦਰੁਸਤ ਅਤੇ ਨਿਰੋਗ ਰੱਖਣ ਲਈ ਸੰਤੁਲਿਤ ਭੋਜਨ ਦੇ ਨਾਲ-ਨਾਲ ਸਵੇਰ ਦੀ ਸੈਰ, ਮੈਡੀਟੇਸ਼ਨ ਅਤੇ ਯੋਗ ਦੀ ਮਹੱਤਤਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਸਰੀਰ ਨੂੰ ਸੁਡੋਲ ਅਤੇ ਬਿਮਾਰੀਆਂ ਤੋਂ ਬਚਾਅ ਲਈ ਯੋਗ ਪ੍ਰਾਚੀਨ ਪ੍ਰਣਾਲੀ ਹੈ, ਜਿਸਨੂੰ ਸਾਡੇ ਰਿਸ਼ੀਆਂ, ਮੁਨੀਆਂ, ਗੁਰੂਆਂ, ਫਕੀਰਾਂ ਨੇ ਆਪਣੀ ਜ਼ਿੰਦਗੀ ਵਿਚ ਅਪਣਾ ਕੇ ਤੰਦਰੁਸਤ ਜੀਵਨ ਦਾ ਰਸਤਾ ਦਿਖਾਇਆ।

ਯੋਗ ਸ਼ਬਦ ਦਾ ਸਭ ਤੋਂ ਪਹਿਲਾਂ ਉਲੇਖ ਰਿਗਵੇਦ ਵਿਚ ਮਿਲਦਾ ਹੈ। ਯੋਗ ਸ਼ਬਦ ਦਾ ਅਰਥ ਹੈ ਮਨ ਨੂੰ ਇਕਾਗਰਚਿੱਤ ਕਰਨਾ। ਸ੍ਰੀ ਮਦਭਗਵਤ ਗੀਤਾ ਵਿਚ ਵੀ ਯੋਗ ਸ਼ਬਦ ਨੂੰ ਅੱਗੇ ਬੁੱਧੀਯੋਗ, ਸੰਨਿਆਸ ਯੋਗ ਅਤੇ ਕਰਮਯੋਗ ਵਿਚ ਵਿਭਾਜਿਤ ਕੀਤਾ ਗਿਆ ਹੈ। ਭਗਵਤ ਗੀਤਾ ਦਾ ਛੇਵਾਂ ਅਧਿਆਇ ਯੋਗ ਨਾਲ ਹੀ ਸਬੰਧਤ ਹੈ, ਜਿਸ ਵਿਚ ਕਰਮਯੋਗ, ਭਗਤੀਯੋਗ ਅਤੇ ਗਿਆਨਯੋਗ ਸ਼ਾਮਲ ਹਨ। ਪਤੰਜਲੀ ਦਾ



ਯੋਗ ਗ੍ਰੰਥ ਸਭ ਤੋਂ ਪੁਰਾਣਾ ਗ੍ਰੰਥ ਹੈ। ਇਸਦੀ ਰਚਨਾ ਈਸਾ ਪੂਰਵ ਤੋਂ ਵੀ ਪਹਿਲਾਂ ਦੀ ਮੰਨੀ ਜਾਂਦੀ ਹੈ। ਪਤੰਜਲੀ ਉਨ੍ਹਾਂ ਯੋਗ ਗੁਰੂਆਂ ਵਿਚੋਂ ਇੱਕ ਹੈ, ਜਿਨ੍ਹਾਂ ਨੇ ਯੋਗ ਨੂੰ ਅਪਣਾਇਆ ਹੀ ਨਹੀਂ, ਸਗੋਂ ਆਪਣੇ ਗੁਰੂਕੁਲਾਂ ਦੀ ਸਿੱਖਿਆ ਦੁਆਰਾ ਇਸ ਨੂੰ ਵਿੱਦਿਆ ਦਾ ਹਿੱਸਾ ਬਣਾਇਆ। ਪਤੰਜਲੀ ਦੇ ਯੋਗ ਸੂਤਰਾਂ ਵਿਚ ਅੱਠ ਅੰਗ ਸ਼ਾਮਲ ਹਨ, ਜਿਨ੍ਹਾਂ ਵਿਚ ਯਮ, ਨਿਯਮ, ਆਸਨ, ਪਣਾਯਮ, ਪਰਿਹਾਰ, ਧਾਰਨਾ, ਗਿਆਨ ਅਤੇ ਸਮਾਧੀ ਸ਼ਾਮਿਲ ਹਨ।

ਇਸ ਤੋਂ ਇਲਾਵਾ ਜੈਨ ਅਤੇ ਬੁੱਧ ਧਰਮ ਵਿਚ ਵੀ ਯੋਗ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸਮੇਂ ਦੇ ਬਦਲਣ ਅਤੇ ਪੱਛਮੀ ਸੱਭਿਅਤਾ ਦੇ ਪ੍ਰਭਾਵ ਨਾਲ ਯੋਗ ਨੂੰ ਕੁਝ ਸਮੇਂ ਲਈ ਅਣਗੌਲਿਆਂ ਜ਼ਰੂਰ ਕੀਤਾ ਗਿਆ ਪਰ ਇਸਦੀ ਮਹੱਤਤਾ ਘਟਣੀ ਨਹੀਂ। ਅਜੋਕੇ ਸਮੇਂ ਯੋਗ ਦੀ ਮਹੱਤਤਾ ਨੂੰ ਸਮਝਦੇ ਹੋਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਯਤਨਾਂ ਸਦਕਾ ਸੰਯੁਕਤ ਰਾਸ਼ਟਰ ਦੁਆਰਾ ਸਭ ਤੋਂ ਪਹਿਲਾਂ 21 ਜੂਨ, 2015 ਨੂੰ ਪਹਿਲੇ ਅੰਤਰਰਾਸ਼ਟਰੀ ਯੋਗ ਦਿਵਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ 192 ਦੇਸ਼ ਅਤੇ 47 ਮੁਸਲਿਮ ਦੇਸ਼ਾਂ ਨੇ ਸ਼ਾਮਲ ਹੋ ਕੇ ਦੋ ਵਿਸ਼ਵ ਰਿਕਾਰਡ ਬਣਾਏ।

ਅਜੋਕੇ ਸਮੇਂ ਵਿਚ ਮਨੁੱਖ ਪੈਸੇ ਦੇ ਪਿੱਛੇ ਇਸ ਕਦਰ ਪਾਗ਼ਲ ਹੋ ਗਿਆ ਹੈ ਕਿ ਉਸ ਨੂੰ ਆਪਣੀ ਸਿਹਤ ਦੀ ਕੋਈ ਫ਼ਿਕਰ ਨਹੀਂ, ਉਹ ਆਪਣੀ ਜੀਵਨ ਸ਼ੈਲੀ ਵਿਗਾੜਦਾ ਹੋਇਆ ਹਰ ਰੋਜ਼ ਨਵੀਆਂ-ਨਵੀਆਂ ਬਿਮਾਰੀਆਂ ਨੂੰ ਸੱਦਾ ਦਿੰਦਾ ਹੋਇਆ, ਆਦਰਸ਼ ਸਿਹਤ ਤੋਂ ਕੋਹਾਂ ਦੂਰ ਹੋ ਗਿਆ ਹੈ। ਯੋਗ ਦੀ ਮਦਦ ਨਾਲ ਰਕਤਚਾਪ ਅਤੇ ਕੋਲੈਸਟਰੋਲ ਵਰਗੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਵਧ ਰਹੇ ਤਨਾਅ ਨੂੰ ਘਟਾਉਣ ਅਤੇ ਨੀਂਦ ਲਿਆਉਣ ਵਿਚ ਯੋਗ ਬਹੁਤ ਵੱਡੀ ਭੂਮਿਕਾ ਨਿਭਾ ਸਕਦੀ ਹੈ। ਯੋਗ ਸਰੀਰ ਦੇ ਅੰਗਾਂ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਹੱਡੀਆਂ ਨੂੰ ਮਜ਼ਬੂਤ ਅਤੇ ਮਾਸਪੇਸ਼ੀਆਂ ਨੂੰ ਲਚਕਦਾਰ ਬਣਾਉਣ ਵਿਚ ਸਹਾਇਤਾ ਕਰਦਾ ਹੈ। ਮੋਟਾਪਾ ਅਤੇ ਚਰਬੀ ਨੂੰ ਘਟਾਉਣ ਲਈ ਯੋਗ ਇੱਕ ਵਰਦਾਨ ਹੈ।

ਯੋਗ ਦੀ ਮਹੱਤਤਾ ਨੂੰ ਦੇਖਦੇ ਹੋਏ ਹਰ ਸਾਲ ਵਾਂਗ ਇਸ ਸਾਲ ਵੀ ਅੰਤਰਰਾਸ਼ਟਰੀ ਯੋਗ ਦਿਵਸ 'ਤੇ ਯੋਗ ਦਿਵਸ ਦਾ ਆਯੋਜਨ ਕੀਤਾ ਜਾਵੇਗਾ ਪਰ ਇਹ ਆਯੋਜਨ ਕੇਵਲ ਯੋਗ ਦਿਵਸ ਲਈ ਨਹੀਂ ਹੋਣਾ ਚਾਹੀਦਾ, ਸਗੋਂ ਇਹ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਸ਼ਾਮਲ ਹੋ ਕੇ ਸਾਡੀ ਜ਼ਿੰਦਗੀ ਦਾ ਹਿੱਸਾ ਬਣਨਾ ਚਾਹੀਦਾ ਹੈ ਕਿਉਂਕਿ ਯੋਗ ਹੀ ਇੱਕ ਸਸਤਾ ਅਤੇ ਆਸਾਨੀ ਨਾਲ ਉਪਲਬਧ ਹੋਣ ਵਾਲਾ ਮੰਤਰ ਹੈ, ਜਿਸਦੀ ਮਦਦ ਨਾਲ ਅਸੀਂ ਤੰਦਰੁਸਤ ਅਤੇ ਖੁਸ਼ਹਾਲ ਜ਼ਿੰਦਗੀ ਦੇ ਸੁਪਨੇ ਨੂੰ ਸੱਚ ਕਰ ਸਕਦੇ ਹਾਂ।

# ਭਲਾ ਕਰਨਾ ਵੀ ਕਈ ਵਾਰ ਪੁੱਠਾ ਪੈ ਜਾਂਦਾ ਹੈ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)





ਦੋ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਬਰੇਲੀ (ਯੂ.ਪੀ.) ਵਿਚ ਕੁਝ ਬਦਮਾਸ਼ ਰੇਲਵੇ ਪਲੇਟਫਾਰਮ 'ਤੇ ਆਪਸ ਲੜ ਰਹੇ ਸਨ। ਉਨ੍ਹਾਂ ਨੂੰ ਛਿੱਤਰੋ-ਛਿੱਤਰੀ ਹੁੰਦਾ ਵੇਖ ਕੇ ਇੱਕ ਭਲੇਮਾਣਸ ਵਿਅਕਤੀ ਨੇ ਛੱਡ ਛੁਡਾ ਕਰਾਉਣ ਦੀ ਕੋਸ਼ਿਸ਼ ਕੀਤੀ, ਤਾਂ ਬਦਮਾਸ਼ਾਂ ਨੇ ਆਪਣੇ ਮਾਮਲੇ ਵਿਚ ਬਾਹਰੀ ਬੰਦੇ ਦੀ ਦਖਲਅੰਦਾਜ਼ੀ ਵੇਖ ਕੇ ਲੜਨਾ ਬੰਦ ਕਰ ਦਿੱਤਾ ਤੇ ਉਸ ਨੂੰ ਹੀ ਕੁੱਟਣਾ ਮਾਰਨਾ ਸ਼ੁਰੂ ਕਰ ਦਿੱਤਾ। ਇੱਕ ਬਦਮਾਸ਼ ਨੇ ਉਸ ਸ਼ਰੀਫ ਵਿਅਕਤੀ ਨੂੰ ਧੱਕਾ ਦੇ ਕੇ ਪਟੜੀਆਂ 'ਤੇ ਸੁੱਟ ਦਿੱਤਾ। ਐਨੇ ਨੂੰ ਤੇਜ਼ ਰਫਤਾਰ ਟਰੇਨ ਉਥੋਂ ਗੁਜ਼ਰੀ, ਜਿਸ ਨੇ ਉਸ ਦੇ ਟੁਕੜੇ-ਟੁਕੜੇ ਕਰ ਦਿੱਤੇ। ਇਹ ਵੇਖ ਕੇ ਬਦਮਾਸ਼ ਤਾਂ ਮੌਕੇ ਤੋਂ ਭੱਜ ਗਏ ਪਰ ਉਸ ਵਿਚਾਰੇ ਨੂੰ ਜਾਨ ਤੋਂ ਹੱਥ ਧੋਣੇ ਪਏ। ਵਾਹ ਲੱਗਦੀ ਭਲਾ ਜ਼ਰੂਰ ਕਰਨਾ ਚਾਹੀਦਾ ਹੈ, ਪਰ ਕਈ ਵਾਰ ਇਹ ਮਹਿੰਗਾ ਵੀ ਪੈ ਜਾਂਦਾ ਹੈ।

1994-95 ਵਿਚ ਮੈਂ ਐੱਸ.ਐੱਚ.ਓ. ਕੋਤਵਾਲੀ ਸੰਗਰੂਰ ਲੱਗਾ ਹੋਇਆ ਸੀ। ਦਸੰਬਰ ਦਾ ਮਹੀਨਾ ਸੀ ਤੇ ਸਖਤ ਸਰਦੀ ਪੈ ਰਹੀ ਸੀ। ਇੱਕ ਰਾਤ ਬਾਰਸ਼ ਹੋ ਰਹੀ ਸੀ ਤੇ ਮੈਂ ਸ਼ਹਿਰ ਵਿਚ ਗਸ਼ਤ ਕਰ ਰਿਹਾ ਸੀ। 9-10 ਵਜੇ ਦੀ ਗੱਲ ਹੋਵੇਗੀ ਕਿ ਇੱਕ ਸ਼ਰਾਬੀ ਜ਼ਖਮੀ ਹਾਲਤ ਵਿਚ ਸਕੂਟਰ ਸਮੇਤ ਸੜਕ 'ਤੇ ਡਿੱਗਾ ਪਿਆ ਸੀ। ਮੈਂ ਗੱਡੀ ਰੋਕ ਕੇ ਉਸ ਨੂੰ ਚੈੱਕ ਕੀਤਾ ਤਾਂ ਉਹ ਸਹੀ ਸਲਾਮਤ ਸੀ, ਪਰ ਜੇ ਕਿਤੇ ਅਜਿਹੀ ਸਖਤ ਠੰਡ ਵਿਚ ਘੰਟਾ ਦੋ ਘੰਟੇ ਹੋਰ ਰਹਿ ਜਾਂਦਾ, ਤਾਂ ਲਾਜ਼ਮੀ ਤੌਰ 'ਤੇ ਉਸ ਨੇ ਮਰ ਜਾਣਾ ਸੀ। ਅਸੀਂ ਉਸ ਨੂੰ ਸਕੂਟਰ ਸਮੇਤ ਸਰਕਾਰੀ ਆਲਵਿਨ ਨਿਸ਼ਾਨ ਟੈਂਪੂ ਵਿਚ ਲੱਦ ਲਿਆ।

ਗੰਨਮੈਨਾਂ ਨੇ ਬੜੀ ਮੁਸ਼ਕਿਲ ਨਾਲ ਹਿਲਾ-ਜੁਲਾ ਕੇ ਉਸ ਦਾ ਪਤਾ ਟਿਕਾਣਾ ਪੁੱਛਿਆ ਤੇ ਉਸ ਦੇ ਘਰ ਪਹੁੰਚ ਗਏ। ਕਾਫੀ ਦੇਰ ਖੜਕਾਉਣ ਤੋਂ ਬਾਅਦ ਘਰ ਵਾਲਿਆਂ ਨੇ ਦਰਵਾਜ਼ਾ ਖੋਲ੍ਹਿਆ। ਸਾਫ ਲੱਗਦਾ ਸੀ ਕਿ ਉਹ ਉਸ ਦੀਆਂ ਕਰਤੂਤਾਂ ਤੋਂ ਪਹਿਲਾਂ ਹੀ ਸੜੇ ਪਏ ਸਨ। ਸ਼ਰਾਬੀ ਦੀ ਪਤਨੀ ਲਾਲ-ਲਾਲ ਡੇਲੇ ਕੱਢ ਕੇ ਸਾਡੇ ਵੱਲ ਇਸ ਤਰ੍ਹਾਂ ਝਾਕ ਰਹੀ ਸੀ, ਜਿਵੇਂ ਕਿਤੇ ਅਸੀਂ ਹੀ ਉਸ ਨੂੰ ਸ਼ਰਾਬ ਪਿਆਈ ਹੋਵੇ। ਖੈਰ, ਅਸੀਂ ਉਸ ਨੂੰ ਛੱਡ ਕੇ ਵਾਪਸ ਆ ਗਏ। ਅਗਲੇ ਦਿਨ 11 ਕੁ ਵਜੇ ਮੈਨੂੰ ਮੈਸੇਜ਼ ਮਿਲਿਆ ਕਿ ਡੀ.ਐੱਸ.ਪੀ. ਸਾਹਿਬ ਨੇ ਆਪਣੇ ਦਫਤਰ ਬੁਲਾਇਆ ਹੈ। ਜਦੋਂ ਮੈਂ ਦਫਤਰ ਪਹੁੰਚਿਆ ਤਾਂ ਉਹ ਸ਼ਰਾਬੀ ਨਹਾ ਧੋ ਕੇ ਬਾਬੂ ਬਣਿਆ ਮੁਹੱਲੇ ਦੇ 8-10 ਬੰਦਿਆਂ ਨਾਲ ਡਿਪਟੀ ਸਾਹਿਬ ਦੇ ਸਾਹਮਣੇ ਕੁਰਸੀ 'ਤੇ ਤਣਿਆਂ ਬੈਠਾ ਸੀ। ਡਿਪਟੀ ਸਾਹਿਬ ਨੇ ਮੈਨੂੰ ਪੁੱਛਿਆ ਕਿ ਰਾਤੀਂ ਐਲਵਿਨ ਨਿਸ਼ਾਨ 'ਤੇ ਗਸ਼ਤ 'ਤੇ ਕੌਣ ਕਰ ਰਿਹਾ ਸੀ, ਉਹ ਇਸ ਵਿਚਾਰੇ ਨੂੰ ਫੇਟ ਮਾਰ ਕੇ ਮਾਰ ਹੀ ਦੇਣ ਲੱਗਾ ਸੀ। ਪਹਿਲਾਂ ਤਾਂ ਮੇਰਾ ਦਿਲ ਕਰੇ ਕਿ ਉਸ ਨੂੰ ਉਥੇ ਹੀ ਢਾਹ ਕੇ ਲੱਤਾਂ ਮੁੱਕਿਆਂ ਨਾਲ ਚੰਗੀ ਤਰ੍ਹਾਂ ਸੇਵਾ ਕਰਾਂ। ਪਰ ਫਿਰ ਮੈਂ ਆਪਣੇ ਗੁੱਸੇ ਨੂੰ ਦਬਾ ਕੇ ਡਿਪਟੀ ਸਾਹਿਬ ਨੂੰ ਦੱਸਿਆ ਕਿ ਸਰ ਇਹ ਗਲਤੀ ਮੇਰੇ ਕੋਲੋਂ ਹੀ ਹੋਈ ਹੈ। ਜੇ ਮੈਨੂੰ ਪਤਾ ਹੁੰਦਾ ਕਿ ਇਸ ਘਟੀਆ ਇਨਸਾਨ ਨੇ ਮੇਰੀ ਭਲਾਈ ਦਾ ਇਹ ਮੁੱਲ ਪਾਉਣਾ ਹੈ, ਤਾਂ ਮੈਂ ਇਸ ਨੂੰ ਉਥੇ ਹੀ ਮਰਨ ਲਈ ਛੱਡ ਦੇਣਾ ਸੀ।

ਮੇਰੇ ਕੋਲੋਂ ਸਾਰੀ ਰਾਮ ਕਹਾਣੀ ਸੁਣ ਕੇ ਡਿਪਟੀ ਸਾਹਿਬ ਨੇ ਰੱਜ ਕੇ ਉਸ ਬੰਦੇ ਦੀ ਕੁੱਤੇਖਾਣੀ ਕੀਤੀ ਤੇ ਕਿਹਾ ਕਿ ਲਾਹਨਤ ਹੈ ਤੇਰੇ 'ਤੇ, ਤੂੰ ਆਪਣੀ ਜਾਨ ਬਚਾਉਣ ਵਾਲੇ ਬੰਦੇ 'ਤੇ ਹੀ ਇਲਜ਼ਾਮ ਤਰਾਸ਼ੀ ਕਰ ਰਿਹਾ ਹੈਂ। ਸੱਚਾਈ ਸੁਣ ਕੇ ਨਾਲ ਆਏ ਮੁਹਤਬਰਾਂ ਨੇ ਆਪਣੀ ਗਲਤੀ ਮੰਨੀ ਤੇ ਉਸ ਨੂੰ ਰੱਜ ਕੇ ਫਿਟਕਾਰਾਂ ਪਾਈਆਂ। ਬਾਅਦ ਵਿਚ ਪਤਾ ਲੱਗਾ ਕਿ ਉਹ ਨਹਿਸ਼ ਵਿਅਕਤੀ ਡੀ.ਸੀ. ਦਫਤਰ ਵਿਚ ਸੁਪਰਡੈਂਟ ਲੱਗਾ ਹੋਇਆ ਸੀ।

1985-86 ਦੌਰਾਨ ਪਿੰਡਾਂ ਵਿਚ ਪਾਣੀ ਵਾਲੀਆਂ ਮੋਟਰਾਂ ਦੀ ਰਿਪੇਅਰ ਕਰਨ ਵਾਲੀਆਂ ਦੁਕਾਨਾਂ ਦੀ ਬਹੁਤ ਘਾਟ ਸੀ। ਅਸੀਂ ਵੀ ਮੋਟਰਾਂ ਸੜਨ 'ਤੇ ਚਾਟੀਵਿੰਡ ਗੇਟ ਅੰਮ੍ਰਿਤਸਰ ਦੇ ਬਾਹਰ ਕਾਲੂ ਮਿਸਤਰੀ (ਨਾਮ ਬਦਲਿਆ ਹੋਇਆ) ਦੀ ਦੁਕਾਨ 'ਤੇ ਲੈ ਕੇ ਜਾਂਦੇ ਹੁੰਦੇ ਸੀ। ਉਸ ਦੀ ਦੁਕਾਨ ਦੇ ਨਾਲ ਹੀ ਸ਼ਾਮੇ ਬਾਊ (ਨਾਮ ਬਦਲਿਆ ਹੋਇਆ) ਦੀ ਕਰਿਆਨੇ ਦੀ ਦੁਕਾਨ ਸੀ। ਇੱਕ ਦਿਨ ਮੈਂ ਸੜੀ ਹੋਈ ਮੋਟਰ ਰਿਪੇਅਰ ਕਰਨ ਲਈ ਕਾਲੂ ਦੀ ਦੁਕਾਨ 'ਤੇ ਦੇਣ ਲਈ ਗਿਆ, ਤਾਂ ਵੇਖਿਆ ਕਿ ਸ਼ਾਮਾ ਚਿੱਬ-ਖੜਿੱਬਾ ਹੋਇਆ ਪਿਆ ਸੀ ਤੇ ਉਸ ਦੇ ਸਿਰ 'ਤੇ ਪੱਟੀਆਂ ਬੱਝੀਆਂ ਹੋਈਆਂ ਸਨ। ਮੈਂ ਕਾਲੂ ਨੂੰ ਪੁੱਛਿਆ ਕਿ ਇਸ ਨੂੰ ਕੀ ਹੋਇਆ ਹੈ? ਕਾਲੂ ਨੇ ਹੱਸ ਕੇ ਦੱਸਿਆ ਕਿ ਇਸ ਨੂੰ ਭਲਾ ਕਰਨ ਦਾ ਫਲ ਮਿਲਿਆ ਹੈ। ਅੱਗੇ ਪੁੱਛਣ 'ਤੇ ਕਾਲੂ ਨੇ ਦੱਸਿਆ ਕਿ ਇਸ ਦੀ ਗਲੀ ਵਿਚ ਇੱਕ ਮੁੰਡੇ ਤੇ ਕੁੜੀ ਦਰਮਿਆਨ ਇਸ਼ਕ ਪੇਚਾ ਚੱਲ ਰਿਹਾ ਸੀ। ਇਹ ਐਵੇਂ ਸਵਾਦ ਲੈਣਾ ਦਾ ਮਾਰਾ ਦੋਵਾਂ 'ਤੇ ਨਜ਼ਰ ਰੱਖਦਾ ਸੀ। ਉਸ ਵੇਲੇ ਆਮ ਘਰਾਂ ਵਿਚ ਟੈਲੀਫੋਨ ਤਾਂ ਹੁੰਦੇ ਨਹੀਂ ਸਨ, ਪ੍ਰੇਮ ਸੁਨੇਹੇ ਚਿੱਠੀਆਂ ਤੇ ਇਸ਼ਾਰਿਆਂ ਰਾਹੀਂ ਹੀ ਪਹੁੰਚਾਏ ਜਾਂਦੇ ਸਨ।

ਪ੍ਰੇਮੀ ਜੋੜੇ ਨੇ ਗਲੀ ਵਿਚ ਇੱਕ ਥਾਂ ਚਿੱਠੀਆਂ ਰੱਖਣ ਲਈ ਨਿਸ਼ਚਿਤ ਕੀਤੀ ਹੋਈ ਸੀ, ਜੋ ਸ਼ਾਮੇ ਦੇ ਘਰ ਦੇ ਸਾਹਮਣੇ ਸੀ। ਕਦੇ ਕੁੜੀ ਚਿੱਠੀ ਰੱਖ ਜਾਂਦੀ ਤੇ ਮੁੰਡਾ ਕੁਝ ਦੇਰ ਬਾਅਦ ਚੁੱਕ ਕੇ ਲੈ ਜਾਂਦਾ ਤੇ ਕਦੇ ਮੁੰਡਾ ਚਿੱਠੀ ਰੱਖ ਜਾਂਦਾ ਤੇ ਕੁੜੀ ਮੌਕਾ ਵੇਖ ਕੇ ਲੈ ਜਾਂਦੀ। ਉਨ੍ਹਾਂ ਤੋਂ ਆਉਣ ਤੋਂ ਪਹਿਲਾਂ-ਪਹਿਲਾਂ ਸ਼ਾਮਾ ਚੋਰੀ-ਚੋਰੀ ਚਿੱਠੀਆਂ ਪੜ੍ਹ ਲੈਂਦਾ ਤੇ ਚੁੱਪਚਾਪ ਉਸੇ ਜਗ੍ਹਾ 'ਤੇ ਰੱਖ ਦਿੰਦਾ। ਇੱਕ ਦਿਨ ਮੁੰਡੇ ਨੇ ਚਿੱਠੀ ਲਿਖੀ ਤੇ ਕੁੜੀ ਨੂੰ ਕਿਹਾ ਕੇ ਆਪਾਂ ਫਲਾਣੀ ਰਾਤ ਨੂੰ ਫਰਾਰ ਹੋ ਜਾਣਾ ਹੈ, ਤੂੰ ਘਰ ਦਾ ਗਹਿਣਾ ਗੱਟਾ ਤੇ ਪੈਸੇ ਲੈ ਆਵੀਂ। ਸ਼ਾਮੇ ਨੇ ਜਦੋਂ ਚਿੱਠੀ ਪੜ੍ਹੀ ਤਾਂ ਉਸ ਦੇ ਅੰਦਰ ਭਲਾਈ ਦਾ ਕੀੜਾ ਜਾਗ ਉੱਠਿਆ ਤੇ ਨਾਲੇ ਗਲੀ-ਮੁਹੱਲੇ ਦੀ ਇੱਜ਼ਤ ਦਾ ਸਵਾਲ ਵੀ ਸੀ। ਉਸ ਨੇ ਇੱਕ ਆਦਰਸ਼ ਨਾਗਰਿਕ ਦਾ ਫਰਜ਼ ਨਿਭਾਉਂਦੇ ਹੋਏ ਚਿੱਠੀ ਕੁੜੀ ਦੇ ਘਰ ਵਾਲਿਆਂ ਨੂੰ ਜਾ ਫੜਾਈ ਕਿ ਭਾਈ ਜੇ ਆਪਣੀ ਇੱਜ਼ਤ ਬਚਾ ਸਕਦੇ ਹੋ ਤਾਂ ਬਚਾ ਲਉ। ਚਿੱਠੀ ਪੜ੍ਹਦੇ ਸਾਰ ਕੁੜੀ ਵਾਲਿਆਂ ਨੂੰ ਸੱਤ ਕੱਪੜੀਂ ਅੱਗ ਲੱਗ ਗਈ ਤੇ ਉਨ੍ਹਾਂ ਨੇ ਮੁੰਡੇ ਵਾਲਿਆਂ ਦੇ ਘਰ 'ਤੇ ਕਮਾਂਡੋ ਅਟੈਕ ਕਰ ਦਿੱਤਾ। ਦੋਵਾਂ ਧਿਰਾਂ ਵਿਚ ਜੰਮ ਕੇ ਇੱਟਾਂ ਵੱਟੇ ਤੇ ਸੋਡੇ ਦੀਆਂ ਬੋਤਲਾਂ ਚੱਲੀਆਂ। ਆਖਰ ਮੁਹੱਲੇ ਦੇ ਮੋਹਤਬਰਾਂ ਨੇ ਵਿਚ ਪੈ ਕੇ ਲੜਾਈ ਮੁਕਾਈ ਤੇ ਰਾਜ਼ੀਨਾਮਾ ਕਰਵਾ ਦਿੱਤਾ ਕਿ ਕੁੜੀ ਤੇ ਮੁੰਡਾ ਇੱਕ ਹੀ ਜ਼ਾਤ ਬਰਾਦਰੀ ਦੇ ਹਨ, ਇਸ ਲਈ ਦੋਵਾਂ ਦਾ ਵਿਆਹ ਕਰ ਦਿੱਤਾ ਜਾਵੇ।

ਜਦੋਂ ਠੰਡ-ਠੰਡੋਰਾ ਹੋ ਗਿਆ, ਤਾਂ ਮੁੰਡੇ ਵਾਲਿਆਂ ਨੇ ਕੁੜੀ ਵਾਲਿਆਂ ਨੂੰ ਪੁੱਛਿਆ ਕਿ ਭਾਈ ਹੁਣ ਤਾਂ ਆਪਾਂ ਰਿਸ਼ਤੇਦਾਰ ਬਣ ਗਏ ਹਾਂ, ਇਹ ਤਾਂ ਦਸ ਦਿਉ ਕਿ ਇਹ ਚਵਾਤੀ ਲਗਾਈ ਕਿਸ ਚੁਗਲਖੋਰ ਨੇ ਸੀ? ਜਦੋਂ ਕੁੜੀ ਵਾਲਿਆਂ ਨੇ ਦੱਸਿਆ ਕਿ ਇਹ ਸ਼ੁਭ ਕਰਮ ਸ਼ਾਮੇ ਨੇ ਕੀਤਾ ਹੈ, ਤਾਂ ਮੁੰਡੇ ਵਾਲਿਆਂ ਨੇ ਮਿੰਟਾਂ-ਸਕਿੰਟਾਂ ਵਿਚ ਸ਼ਾਮੇ ਨੂੰ ਬਕਰੇ ਵਾਂਗ ਜਾ ਢਾਹਿਆ। ਜੇ ਕਿਤੇ ਗਲੀ-ਮੁਹੱਲੇ ਵਾਲੇ ਵਿਚ ਨਾ ਪੈਂਦੇ, ਤਾਂ ਸ਼ਾਇਦ ਉਹ ਇਸ ਦਾ ਕਤਲ ਹੀ ਕਰ ਦਿੰਦੇ। ਇਸ ਨੂੰ ਅੱਜ ਦਸਾਂ ਦਿਨਾਂ ਬਾਅਦ ਹਸਪਤਾਲ ਤੋਂ ਛੁੱਟੀ ਮਿਲੀ ਹੈ। ਇਲਾਕੇ ਦੇ ਐੱਮ.ਸੀ. ਤੇ ਮੁਹਤਬਰਾਂ ਦੇ ਦਬਾਅ ਕਾਰਨ ਪੁਲਿਸ ਨੇ ਇਸ ਦੀ ਦਰਖਾਸਤ 'ਤੇ ਕੋਈ ਕਾਰਵਾਈ ਵੀ ਨਹੀਂ ਕੀਤੀ।

# ਪਿਤਾ ਆਪਣੇ ਪਰਿਵਾਰ ਦਾ ਥੰਮ੍ਹ ਅਤੇ ਸਭ ਤੋਂ ਵੱਡਾ ਗੁਰੂ ਹੁੰਦੇ ਹਨ

**ਬਠਿੰਡਾ, (ਅੰਗਰੇਜ ਸਿੰਘ ਵਿੱਕੀ)**- ਪਿਤਾ ਦੇ ਵਡਮੁੱਲੇ ਯੋਗਦਾਨ ਦੀ ਯਾਦ ਦਿਵਾਉਣ ਲਈ ਹਰ ਸਾਲ ਜੂਨ ਮਹੀਨਾ ਦੇ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਮਨਾਇਆ ਜਾਂਦਾ ਹੈ। ਇਹ ਦਿਨ ਪਿਤਾ ਦੇ ਪਿਆਰ ਅਤੇ ਸਨਮਾਨ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਪਿਤਾ ਦਾ ਸਮਰਪਣ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਪਿਤਾ ਦਿਵਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਡਾਕਟਰ ਬਿਮਲ ਸ਼ਰਮਾ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਪੱਛਮੀ ਵਰਜੀਨੀਆ ਵਿਚ ਪਿਤਾ ਦਿਵਸ 19 ਜੂਨ, 1910 ਨੂੰ ਮਨਾਇਆ ਗਿਆ ਸੀ ਅਤੇ ਅਮਰੀਕਾ ਵਿਚ ਪਿਤਾ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1916 ਵਿਚ ਹੋਈ ਸੀ। ਹਰੇਕ ਪਿਤਾ ਚਾਹੁੰਦਾ ਹੈ ਕਿ ਮੇਰਾ ਬੇਟਾ ਮੇਰੇ ਨਾਲ ਜ਼ਿਆਦਾ ਤਰੱਕੀ ਕਰ ਕੇ ਵਧੀਆ ਮੁਕਾਮ ਹਾਸਲ ਕਰੇ। ਬੱਚਿਆਂ ਨੂੰ ਕਦੇ ਵੀ ਆਪਣੇ ਪਿਤਾ ਦੀ ਗੱਲ ਦਾ ਗੁੱਸਾ ਨਹੀਂ ਕਰਨਾ ਚਾਹੀਦਾ, ਸਗੋਂ ਪਿਤਾ ਦੀ ਸਖ਼ਤੀ ਨੂੰ ਸਹਿਣ ਕਰਨਾ ਚਾਹੀਦਾ ਹੈ। ਪਿਤਾ ਉਹ ਸੂਰਜ ਦੀ ਤਰ੍ਹਾਂ ਹੁੰਦਾ ਹੈ ਕਿ ਜੇ ਡੁੱਬ



ਜਾਵੇ, ਤਾਂ ਜ਼ਿੰਦਗੀ ਵਿਚ ਹਨੇਰਾ ਛਾ ਜਾਂਦਾ ਹੈ। ਪਿਤਾ ਦੀਆ ਗੱਲਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ ਕਿਉਂਕਿ ਸਾਨੂੰ ਇਸ ਦੁਨੀਆਂ ਵਿਚ ਲਿਆਉਣ ਵਾਲੇ ਸਾਡੇ ਮਾਂ ਬਾਪ ਹੀ ਹੁੰਦੇ ਹਨ। ਹਰੇਕ ਬੇਟੇ ਦੇ ਕਾਮਯਾਬੀ ਵਿਚ ਪਿਤਾ ਦਾ ਅਹਿਮ ਰੋਲ ਹੁੰਦਾ ਹੈ। ਡਾਕਟਰ ਸ਼ਰਮਾ ਨੇ ਕਿਹਾ ਕਿ ਮਾਤਾ-ਪਿਤਾ ਤਾਂ ਇੱਕ ਤੀਰਥ ਵਾਂਗ ਹਨ। ਭਾਰਤੀ ਇਤਿਹਾਸ ਵਿਚ ਸਾਨੂੰ ਪਿਤਾ ਅਤੇ ਪੁੱਤਰ ਦੇ ਪਵਿੱਤਰ ਰਿਸ਼ਤੇ ਦੀ ਝਲਕ ਮਿਲਦੀ ਹੈ। ਸ਼੍ਰੀ ਰਾਮ ਚੰਦਰ ਜੀ ਵੱਲੋਂ 14 ਸਾਲਾਂ ਦਾ ਬਨਵਾਸ ਅਤੇ ਸਰਵਣ ਕੁਮਾਰ ਦੀ ਆਪਣੇ ਮਾਤਾ-ਪਿਤਾ ਪ੍ਰਤੀ ਭਗਤੀ ਤੋਂ ਵੱਡਾ ਉਦਾਹਰਣ ਕੀ ਹੋ ਸਕਦਾ ਹੈ, ਜਿਸ ਨੇ ਆਪਣੇ ਅੰਨੇ ਮਾਤਾ-ਪਿਤਾ ਨੂੰ ਵਹਿਗ ਵਿਚ ਬਿਠਾ ਕੇ ਚਾਰੇ ਧਾਮਾਂ ਦੀ ਯਾਤਰਾ ਕਰਵਾਉਣ ਦਾ ਪ੍ਰਣ ਲਿਆ ਸੀ। ਪਿਛਲੇ ਜ਼ਮਾਨੇ ਵਿਚ ਜਦੋਂ ਪਿਤਾ ਆਪਣੇ ਪੁੱਤਰ ਨੇ ਝਿੜਕਦਾ ਸੀ, ਤਾਂ ਬੱਚੇ ਗੁੱਸਾ ਨਹੀਂ ਕਰਦੇ ਸਨ ਪਰੰਤੂ ਅੱਜ ਦੇ ਜ਼ਮਾਨੇ ਵਿਚ ਜੇਕਰ ਪਿਤਾ ਆਪਣੇ ਪੁੱਤਰ ਨੇ ਘੂਰ ਦਿੰਦਾ ਹੈ, ਤਾਂ ਪੁੱਤਰ ਗਲਤ ਕੰਮ ਕਰਨ ਤੋਂ ਗੁਰੇਜ਼ ਨਹੀਂ ਕਰਦਾ ਅਤੇ ਕਈ ਵਾਰੀ ਗੁੱਸੇ ਵਿਚ ਆਪਣੀ ਜ਼ਿੰਦਗੀ ਤੋਂ ਹੱਥ ਧੋ ਲੈਂਦਾ ਹੈ। ਅੱਜਕੱਲ੍ਹ ਦੇ ਬੱਚਿਆਂ ਨੂੰ ਆਪਣੇ ਮਾਤਾ-ਪਿਤਾ ਦਾ ਬਿਲਕੁਲ ਵੀ ਡਰ ਨਹੀਂ ਹੈ ਅਤੇ ਆਪਣੇ ਆਪ ਹੀ ਆਪਣੀ ਜ਼ਿੰਦਗੀ ਦੇ ਫੈਸਲੇ ਲੈਂਦੇ ਹਨ ਪਰੰਤੂ ਜਦੋਂ ਗ਼ਲਤ ਫੈਸਲੇ ਲੈਣ ਕਰਕੇ ਕੋਈ ਮੁਸੀਬਤ ਆਉਂਦੀ ਹੈ, ਤਾਂ ਫਿਰ ਪਿਤਾ ਚੇਤੇ ਆਉਂਦਾ ਹੈ। ਪੁੱਤ ਤਾਂ ਕਪੁੱਤ ਹੋ ਜਾਂਦੇ ਹਨ ਪ੍ਰੰਤੂ ਮਾਂ-ਬਾਪ ਤਾਂ ਮਾਂ-ਬਾਪ ਹੀ ਰਹਿੰਦੇ ਹਨ ਅਤੇ ਹਮੇਸ਼ਾ ਆਪਣੇ ਬੱਚਿਆਂ ਦਾ ਭਲਾ ਹੀ ਸੋਚਦੇ ਹਨ। ਜੇਕਰ ਤੁਸੀਂ ਆਪਣੇ ਪਿਤਾ ਦੀ ਸਲਾਹ ਨਾਲ ਫੈਸਲਾ ਲਓ, ਤਾਂ ਕਦੇ ਵੀ ਮੁਸੀਬਤ ਨਹੀਂ ਆਉਂਦੀ। ਜਿਨ੍ਹਾਂ ਬੱਚਿਆਂ ਦਾ ਪਿਤਾ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ ਹੋਵੇ, ਉਨ੍ਹਾਂ ਨੂੰ ਪੁੱਛ ਕੇ ਵੇਖੋ ਕਿ ਉਹ ਕਿਵੇਂ ਵਖ਼ਤ ਗੁਜ਼ਾਰਦੇ ਹਨ। ਪਿਤਾ ਦੇ ਜਗ੍ਹਾ ਤਾਂ ਕੋਈ ਵੀ ਨਹੀਂ ਲੈ ਸਕਦਾ। ਹਰੇਕ ਕੰਮ ਕਰਨ ਵੇਲੇ ਪਿਤਾ ਦੀ ਕਮੀ ਮਹਿਸੂਸ ਹੁੰਦੀ ਹੈ। ਸਾਨੂੰ ਹਮੇਸ਼ਾ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਪੁਰਾਣੀ ਕਹਾਵਤ ਹੈ ਕਿ ਮਾਂ ਦੇ ਪੈਰਾਂ ਵਿਚ ਸਵਰਗ ਹੁੰਦਾ ਹੈ ਅਤੇ ਪਿਤਾ ਸਵਰਗ ਦਾ ਦਰਵਾਜ਼ਾ ਹੁੰਦਾ ਹੈ। ਮਾਂ ਬੱਚੇ ਨੂੰ ਜਨਮ ਦਿੰਦੀ ਹੈ ਅਤੇ ਪਿਤਾ ਉਸਦਾ ਪਾਲਣ-ਪੋਸ਼ਣ ਕਰਦਾ ਹੈ। ਜਿਨ੍ਹਾਂ ਬੱਚਿਆਂ ਦਾ ਰਿਸ਼ਤਾ ਆਪਣੇ ਮਾਤਾ-ਪਿਤਾ ਨਾਲ ਵਧੀਆ ਹੁੰਦਾ ਹੈ, ਉਹ ਮਾਨਸਿਕ, ਸਰੀਰਕ, ਬੌਧਿਕ ਅਤੇ ਭਾਵਨਾਤਮਿਕ ਰੂਪ ਵਿਚ ਜ਼ਿਆਦਾ ਮਜ਼ਬੂਤ ਹੁੰਦੇ ਹਨ। ਪਿਤਾ ਤਾਂ ਇਕ ਬੋਹੜ ਦੇ ਦਰੱਖਤ ਵਾਂਗ ਹੁੰਦਾ ਹੈ, ਜਿਸ ਦੀ ਛਾਂ ਹੇਠ ਬੱਚਿਆਂ ਦਾ ਜੀਵਨ ਸੁਰੱਖਿਅਤ ਰਹਿੰਦਾ ਹੈ। ਡਾਕਟਰ ਬਿਮਲ ਸ਼ਰਮਾ ਨੇ ਕਿਹਾ ਕਿ ਪਿਤਾ ਆਪਣੇ ਬੱਚਿਆਂ ਨੂੰ ਸੁੱਖ ਸਹੂਲਤਾਂ ਦੇਣ ਲਈ ਆਪਣਾ ਪੂਰਾ ਜੀਵਨ ਪਰਿਵਾਰ ਦੇ ਲੇਖੇ ਲਾ ਦਿੰਦਾ ਹੈ ਅਤੇ ਪਿਤਾ ਦੀਆਂ ਝਿੜਕਾਂ ਵਿਚ ਆਪਣੇ ਬੱਚਿਆਂ ਲਈ ਚਿੰਤਾ ਅਤੇ ਪਿਆਰ ਹੁੰਦਾ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਪਿਤਾ ਦੀਆਂ ਗਾਲ਼ਾਂ ਘਿਓ ਦੀਆਂ ਨਾਲਾਂ। ਪਿਤਾ ਦਿਵਸ ਦਾ ਮਹੱਤਵ ਆਪਣੇ ਪਿਤਾ ਨੂੰ ਕਾਰਡ, ਤੋਹਫ਼ੇ ਜਾਂ ਫੁੱਲ ਭੇਟ ਕਰਨਾ ਹੀ ਨਹੀਂ, ਸਗੋਂ ਇਸ ਗੱਲ ਦਾ ਅਹਿਸਾਸ ਕਰਵਾਉਣਾ ਚਾਹੀਦਾ ਹੈ ਕਿ ਪਿਤਾ ਨੇ ਸਾਰੀ ਉਮਰ ਤਿਆਗ ਅਤੇ ਸਮਰਪਣ ਨਾਲ ਗੁਜ਼ਾਰੀ ਹੈ, ਇਸ ਲਈ ਸਾਨੂੰ ਆਪਣੇ ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਆਪਣੇ ਪਿਤਾ ਦੀ ਲੰਮੀ ਉਮਰ ਦੀ ਕਾਮਨਾ ਕਰਨੀ ਚਾਹੀਦੀ ਹੈ।

# ਬਹੁਤ ਜ਼ਰੂਰੀ ਹੈ ਆਰਥਿਕ ਆਜ਼ਾਦੀ

ਹਰਕੀਰਤ ਕੌਰ
9779-118066
(Punjab Mail USA)



ਇਸ ਸੰਸਾਰ ਵਿਚ ਹਰ ਇੱਕ ਨੂੰ ਆਜ਼ਾਦ ਪਰਿੰਦੇ ਵਾਂਗ ਜੀਵਨ ਜਿਊਣ ਦਾ ਕੁਦਰਤੀ ਹੱਕ ਹੈ। ਪਰ ਜਿੱਥੇ ਅਗਿਆਨਤਾ ਹੈ ਉਸ ਪਿੱਛੇ ਆਰਥਿਕ ਮੰਦਹਾਲੀ ਹੈ ਅਤੇ ਜਿੱਥੇ ਆਰਥਿਕ ਮੰਦਹਾਲੀ ਹੈ, ਉੱਥੇ ਆਜ਼ਾਦੀ ਨਹੀਂ ਹੋ ਸਕਦੀ। ਦੁਨੀਆਂ ਦੀ ਅਗਿਆਨਤਾ ਦਾ ਸਬੱਬ ਗਰੀਬੀ ਹੈ। ਅਗਿਆਨਤਾ ਇੱਕ ਅਜਿਹਾ ਹਨੇਰਾ ਹੈ, ਜਿਸ ਵਿਚ ਕਿਸੇ ਵੀ ਪ੍ਰਕਾਰ ਦਾ ਵਿਕਾਸ ਸੰਭਵ ਨਹੀਂ ਹੈ। ਸੁਹਜਮਈ ਦ੍ਰਿਸ਼ਟੀ ਜੋ ਕਿ ਸ਼ੁੱਭ ਕਲਾਵਾਂ ਦੀ ਜਨਮਦਾਤੀ ਹੈ, ਉਹ ਕਦੇ ਅਗਿਆਨਤਾ ਵਿਚ ਪਨਪ ਨਹੀਂ ਸਕਦੀ। ਅਗਿਆਨਤਾ ਵਿਚ ਹਿਰਦੇ ਕਦੇ ਖੁਸ਼ ਨਹੀਂ ਹੁੰਦੇ ਤੇ ਚਿਹਰੇ ਕਦੇ ਖਿੜਦੇ ਨਹੀਂ ਹੁੰਦੇ। ਅੱਖਾਂ ਵਿਚ ਤਾਂਘ ਅਤੇ ਤਾਘਾਂ ਵਿਚ ਸੁਪਨੇ ਅਗਿਆਨਤਾ ਵਿਚੋਂ ਕਦੇ ਵੀ ਨਹੀਂ ਜਨਮ ਸਕਦੇ। ਬੀਮਾਰੀ, ਵਿਚਾਰਗੀ, ਗੁਲਾਮੀ ਅਤੇ ਅਗਿਆਨਤਾ ਸਭ ਗਰੀਬੀ ਅਤੇ ਗੁਰਬਤ ਦੀਆਂ ਨਿਸ਼ਾਨੀਆਂ ਅਤੇ ਦੇਣ ਹਨ। ਇਸ ਲਈ ਜਦੋਂ ਤੱਕ ਗਰੀਬੀ ਰਹੇਗੀ, ਉਦੋਂ ਤੱਕ ਸੰਸਾਰ ਵਿਚ ਦੁੱਖਾਂ ਦੇ ਬੱਦਲ ਮੰਡਰਾਉਂਦੇ ਰਹਿਣਗੇ।

ਆਰਥਿਕ ਮੰਦਹਾਲੀ ਤੇ ਆਰਥਿਕ ਗੁਲਾਮੀ ਦੇ ਚੱਲਦਿਆਂ ਨਿੱਜੀ ਆਜ਼ਾਦੀ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਜ਼ਿੰਦਗੀ ਦੀਆਂ ਬਹੁਤਾਤ ਬਰਕਤਾਂ ਆਰਥਿਕ ਖੁਸ਼ਹਾਲੀ ’ਤੇ ਨਿਰਭਰ ਕਰਦੀਆਂ ਹਨ। ਇਸ ਦੁਨੀਆਂ ਵਿਚ ਚਾਹੇ ਜਿਹੜਾ ਮਰਜ਼ੀ ਰਾਜਨੀਤਿਕ ਪ੍ਰਬੰਧ ਸਥਾਪਿਤ ਕਰਦੇ ਰਹੋ ਪਰ ਜਿੰਨੀ ਦੇਰ ਲੋਕਾਂ ਦੀ ਆਰਥਿਕ ਹਾਲਤ ਨਹੀਂ ਸੁਧਰੇਗੀ, ਉਨ੍ਹੀ ਦੇਰ ਮਨੁੱਖੀ ਜੀਵਨ ਅਤੇ ਦੇਸ਼ ਖੁਸ਼ਹਾਲੀ ਦੀ ਰਾਹ ਨਹੀਂ ਪੈ ਸਕੇਗਾ। ਹਰ ਹੱਥ ਨੂੰ ਕੰਮ ਕਰਨਾ ਸਿਖਾਏ ਬਿਨਾ ਜ਼ਿੰਦਗੀ ਦੀ ਉਸਾਰੀ ਨਹੀਂ ਹੋ ਸਕਦੀ। ਆਰਥਿਕ ਹਾਲਤ ਵਿਚ ਸੁਧਾਰ ਅਤੇ ਭਰੋਸੇ ਬਗੈਰ ਜ਼ਿੰਦਗੀ ਕਦੇ ਉੱਚੇ ਅਤੇ ਸੁੱਚੇ ਸੁਪਨੇ ਨਹੀਂ ਲੈ ਸਕਦੀ। ਆਰਥਿਕ ਮੰਦਹਾਲੀ ਵਾਲੇ ਵਿਅਕਤੀ ਨੂੰ ਜਿੱਥੇ ਜਵਾਨੀ ਵਿਚ ਕੋਈ ਸੁੱਖ ਨਸੀਬ ਨਹੀਂ ਹੁੰਦਾ, ਉਥੇ ਉਸਨੂੰ ਬੁਢਾਪੇ ਵਿਚ ਬੇਬਸੀ ਦੀ ਹਾਲਤ ਨਿੰਮੋਝੂਣਾ ਬਣਾਈ ਰੱਖਦੀ ਹੈ। ਆਰਥਿਕ ਮੰਦਹਾਲੀ ਕਾਰਨ ਜਵਾਨੀ ਵੀ ਫਾਕੇ ਕੱਟਦੀ ਹੈ ਤੇ ਬੁਢਾਪਾ ਵੀ ਰੁਲਦਾ ਹੈ। ਜ਼ਿੰਦਗੀ ਦਾ ਸਭ ਤੋਂ ਕਰੂਪ ਦ੍ਰਿਸ਼ ਕਿਸੇ ਬਜ਼ੁਰਗ ਨੂੰ ਭੀਖ ਮੰਗਦੇ ਵੇਖਣਾ ਹੁੰਦਾ ਹੈ, ਕਿਸੇ ਬੇਬਸ ਮੁਟਿਆਰ ਨੂੰ ਕੁਝ ਪੈਸਿਆਂ ਖਾਤਰ ਮਜਬੂਰੀ ਵਸ ਤਨ ਵੇਚਣਾ ਹੁੰਦਾ ਹੈ ਅਤੇ ਕਿਸੇ ਮਜਬੂਰ ਜਵਾਨ ਦਾ ਗਲਤ ਅਨਸਰਾਂ ਦੇ ਹੱਥਾਂ ਵਿਚ ਆ ਕੇ ਜ਼ਿੰਦਗੀ ਦੇ ਅਤਿ ਘਟੀਆ ਕੰਮ ਕਰਨਾ ਹੈ। ਜ਼ਿੰਦਗੀ ਦੇ ਦੀਵੇ ਨੂੰ ਜਗਾਈ ਰੱਖਣ ਲਈ ਤੇਲ ਪਾਉਣਾ ਹੀ ਪੈਂਦਾ ਹੈ। ਅਸੀਂ ਆਮ ਹੀ ਵੇਖਦੇ ਹਾਂ ਕਿ ਕਾਰੋਬਾਰਾਂ ਜਾਂ ਪੈਦਾਵਾਰਾਂ ਦੇ ਸਭ ਸਾਧਨਾਂ ਦੇ ਮਾਲਕ ਸਰਮਾਏਦਾਰ ਹਨ ਪਰ ਉਨ੍ਹਾਂ ਨੂੰ ਚਲਾਉਣ ਵਾਲੇ ਸਭ ਗਰੀਬ ਮਜ਼ਦੂਰ ਹਨ। ਇਹ ਮਜ਼ਦੂਰ, ਕਾਮੇ ਜੋ ਆਰਥਿਕ ਮੰਦਹਾਲੀ ਦਾ ਸ਼ਿਕਾਰ ਹਨ, ਇਸੇ ਮਜਬੂਰੀ ਵੱਸ ਆਪਣੇ ਪੇਟ ਦੀ ਅੱਗ ਨੂੰ ਝੁਲਕਾ ਦੇਣ ਲਈ ਸਾਰੀ ਉਮਰ ਆਪਣਾ ਖੂਨ-ਪਸੀਨਾ ਸਰਮਾਏਦਾਰਾਂ ਦੀ ਸੇਵਾ ਵਿਚ ਲਗਾ ਦਿੰਦੇ ਹਾਂ। ਮੈਂ ਬਹੁਤ ਸਾਰੇ ਲੋਕਾਂ ਨੂੰ ਆਮ ਹੀ ਇਹ ਕਹਿੰਦਿਆਂ ਸੁਣਿਆ ਹੈ ਕਿ "ਰੱਬ ਕ੍ਰਿਪਾ ਕਰੇ ਮੇਰੇ ਤੇ ਮੈਂ ਏਨਾਂ ਅਮੀਰ ਹੋ ਜਾਵਾਂ ਕਿ ਬਾਅਦ ਵਿਚ ਗਰੀਬ ਗੁਰਬਿਆਂ ਦੀ ਮਦਦ ਕਰ ਸਕਾਂ... ਇਹ ਗੱਲ ਮਾੜੀ ਨਹੀਂ ਪਰ ਮੈਂ ਸੋਚਦੀ ਹੁੰਦੀ ਹਾਂ ਕਿ ਅਸੀਂ ਰੱਬ ਕੋਲੋਂ ਆਪਣੀ ਅਮੀਰੀ ਤਾਂ ਮੰਗ ਲਈ, ਪਰ ਨਾਲ ਦੀ ਨਾਲ ਇਹ ਵੀ ਮੰਗ ਲਿਆ ਕਿ ਜੋ ਗਰੀਬ ਏ ਉਸਨੂੰ ਗਰੀਬ ਹੀ ਰਹਿਣ ਦਿੱਤਾ ਜਾਵੇ। ਇਸ ਦੀ ਬਜਾਏ ਸਾਡੀ ਇਹ ਅਰਦਾਸ ਕਿਉਂ ਨਹੀਂ ਹੁੰਦੀ ਕਿ ਇਸ ਦੁਨੀਆਂ ਵਿਚ ਕੋਈ ਅਜਿਹਾ ਨਾ ਹੋਵੇ, ਜੋ ਆਰਥਿਕ ਪੱਖੋਂ ਕਮਜ਼ੋਰ ਹੋਵੇ ਤੇ ਇੱਕ ਵਧੀਆ ਜ਼ਿੰਦਗੀ ਜਿਊਣ ਲਈ ਉਸਨੂੰ ਕਿਸੇ ਦੇ ਹੱਥਾਂ ਵੱਲ ਦੇਖਣ ਦੀ ਜ਼ਰੂਰਤ ਹੀ ਨਾ ਹੋਵੇ।

ਕੋਈ ਵੀ ਦੇਸ਼ ਜਿਸ ਵਿਚ ਬਹੁਤਾਤ 24 ਸਾਲਾਂ ਨੌਜਵਾਨ ਵਰਗ ਜੇਕਰ ਬੇਰੁਜ਼ਗਾਰ ਹੈ, ਤਾਂ ਉਸ ਦੇਸ਼ ਦੀ ਵਧੀਆ ਅਰਥਵਿਵਸਥਾ ਦੀ ਆਸ ਰੱਖਣੀ ਨਿਰਅਰਥ ਹੈ। ਇੱਕ ਬਹੁਤ ਹੀ ਆਮ ਜਿਹੀ ਉਦਾਹਰਣ ਹੈ ਕਿ ਬਾਹਰਲੇ ਮੁਲਕ ਜਿਵੇਂ ਕਿ ਅਮਰੀਕਾ, ਕੈਨੇਡਾ ਆਦਿ ਏਨੇ ਖੁਸ਼ਹਾਲ ਕਿਉਂ ਹਨ? ਕਿਉਂਕਿ ਉਥੋਂ ਦਾ ਹਰ 18 ਸਾਲ ਦਾ ਜਵਾਨ ਆਰਥਿਕ ਪੱਖੋਂ ਆਜ਼ਾਦ ਹੁੰਦਾ ਹੈ। ਜਿੱਥੇ ਸਾਡੇ ਭਾਰਤ ਵਰਗੇ ਦੇਸ਼ ਵਿਚ 18 ਸਾਲ ਦੇ ਬਹੁਤਾਤ ਬੱਚੇ ਜਵਾਨੀ ਦੇ ਨਸ਼ੇ ਵਿਚ ਡੁੱਬੇ ਹੁੰਦੇ ਹਨ, ਘਰ ਪਰਿਵਾਰ ਦੇ ਮੈਂਬਰ ਮੋਹ ਵਸ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਬਿਠਾਈ ਰੱਖਦੇ ਹਨ, ਉਥੇ ਬਾਹਰਲੇ ਮੁਲਕਾਂ ਦੇ ਬੱਚੇ ਆਪਣੇ ਭਵਿੱਖ ਦੇ ਟੀਚੇ ਮਿੱਥ ਰਹੇ ਹੁੰਦੇ ਹਨ। ਸਾਡੇ ਦੇਸ਼ ਵਿਚ ਮਾਪਿਆਂ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੁੰਦਾ ਹੈ ਬੱਚਿਆਂ ਦੀਆਂ ਰੀਝਾਂ ਅਤੇ ਮੰਗਾਂ ਪੂਰਿਆਂ ਕਰਨ ਵਿਚ, ਉਧਰ ਵਿਕਸਿਤ ਦੇਸ਼ਾਂ ਵਿਚ ਮਾਪੇ ਬੱਚੇ ਨੂੰ ਪੈਰਾਂ ਸਿਰ ਕਰਨ ਲਈ ਪੜ੍ਹਾਈ ਦੇ ਨਾਲ-ਨਾਲ ਨੌਕਰੀ ਕਰਨ ਲਈ ਕਹਿੰਦੇ ਹਨ। ਜਿੱਥੇ ਸਾਡੇ ਦੇਸ਼ ਦੀਆਂ ਸਰਕਾਰਾਂ ਜਨਤਾ ਨੂੰ ਲੁੱਟਣ ਦੇ ਨਵੇਂ-ਨਵੇਂ ਰਾਹ ਲੱਭ ਰਹੀਆਂ ਹੁੰਦੀਆਂ ਹਨ, ਉੱਥੇ ਬਾਹਰਲੇ ਮੁਲਕਾਂ ਵਿਚ ਸਰਕਾਰਾਂ ਨੌਜਵਾਨਾਂ ਨੂੰ ਕਾਰੋਬਾਰ ਮੁੱਹਈਆ ਕਰਵਾਉਣ ਦੇ ਸਾਧਨ ਲੱਭ ਰਹੀਆਂ ਹੁੰਦੀਆਂ ਹਨ। ਵਰਲਡ ਬੈਂਕ ਦੁਆਰਾ ਪੇਸ਼ ਕੀਤੇ ਤਾਜ਼ੇ ਅੰਕੜਿਆਂ ਅਨੁਸਾਰ ਦੁਨੀਆਂ ਭਰ ਵਿਚ 719 ਮਿਲੀਅਨ ਲੋਕ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਦੇ ਬੋਝ ਨੂੰ ਢੋਅ ਰਹੇ ਹਨ, ਜਦਕਿ ਇਸ ਗਿਣਤੀ ਵਿਚ ਭਾਰਤ ਦੀ 34 ਮਿਲੀਅਨ ਜਨਤਾ ਸ਼ਾਮਲ ਹੈ, ਜੋ ਗਰੀਬੀ ਰੇਖਾ ਤੋਂ ਹੇਠਾਂ ਜ਼ਿੰਦਗੀ ਕੱਟਣ ਲਈ ਮਜਬੂਰ ਹੈ। ਇਹ ਅੰਕੜੇ ਭਿਆਨਕ ਹਨ, ਇਹ ਉਨ੍ਹਾਂ ਲੋਕਾਂ ਦੀ ਗਿਣਤੀ ਹੈ, ਜਿਨ੍ਹਾਂ ਲਈ ਬੁਨਿਆਦੀ ਸਹੂਲਤਾਂ ਤਾਂ ਬਹੁਤ ਦੂਰ, ਖਾਣ ਲਈ ਦੋ ਵਕਤ ਦਾ ਰੱਜਵਾਂ ਭੋਜਨ ਵੀ ਨਸੀਬ ਨਹੀਂ ਹੁੰਦਾ। ਇਨ੍ਹਾਂ ਲੋਕਾਂ ਤੋਂ ਇਲਾਵਾ ਹੋਰ ਵੀ ਲੱਖਾਂ ਕਰੋੜਾਂ ਲੋਕ ਹਨ, ਜੋ ਖੂਨ-ਪਸੀਨਾ ਇੱਕ ਕਰਕੇ ਬਹੁਤ ਮੁਸ਼ਕਿਲ ਨਾਲ ਭੋਜਨ ਦਾ ਆਹਰ ਕਰਦੇ ਹਨ।


ਹਰ ਇੱਕ ਦੀ ਦਿਲੀ ਤਮੰਨਾ ਹੈ ਕਿ ਉਹ ਇੱਕ ਖੁਸ਼ਹਾਲ ਜੀਵਨ ਜੀਵੇ, ਪਰ ਅਜਿਹੇ ਜੀਵਨ ਲਈ ਸਾਧਨਾਂ ਦੀ ਵਿਵਸਥਾ ਹੋਣੀ ਬਹੁਤ ਜ਼ਰੂਰੀ ਹੈ। ਇਹ ਵਿਵਸਥਾ ਦੀ ਜ਼ਿੰਮੇਵਾਰੀ ਸਮੇਂ ਦੀਆਂ ਸਰਕਾਰਾਂ ਆਪਣੇ ਸਿਰ ਲੈਂਦੀਆਂ ਹਨ। ਕਿਸੇ ਵੀ ਸਰਕਾਰ, ਵਿਵਸਥਾ ਨੂੰ ਉਦੋਂ ਤੱਕ ਕਾਮਯਾਬ ਨਹੀਂ ਕਿਹਾ ਜਾ ਸਕਦਾ, ਜਿੰਨੀ ਦੇਰ ਉਨ੍ਹਾਂ ਦੇ ਕਾਰਜਕਾਲ ਦੌਰਾਨ ਲੋਕਾਂ ਦੇ ਆਰਥਿਕ ਪੱਧਰ ਦਾ ਵਿਕਾਸ ਨਹੀਂ ਹੁੰਦਾ। ਲੱਖਾਂ ਪੁੱਲ ਬਣ ਜਾਣ, ਸੜਕਾਂ ਬਣ ਜਾਣ, ਵੱਡੀਆਂ-ਵੱਡੀਆਂ ਇਮਾਰਤਾਂ ਖੜ੍ਹੀਆਂ ਹੋ ਜਾਣ, ਵਿਦੇਸ਼ਾਂ ਨਾਲ ਸੰਧੀਆਂ ਜਾਂ ਸੁਖਾਵੇਂ ਸੰਬੰਧ ਸਥਾਪਿਤ ਹੋ ਜਾਣ, ਸਭ ਬੇਅਰਥ ਹਨ, ਜਿੰਨੀ ਦੇਰ ਦੇਸ਼ ਦੇ ਲੋਕਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਨਹੀਂ ਹੁੰਦਾ।

ਸੋ ਮੁੱਕਦੀ ਗੱਲ ਕਿ ਸਰਕਾਰਾਂ ਨੂੰ ਲੋਕਾਂ ਨੂੰ ਇਹ ਸਮਝਣਾ ਪਵੇਗਾ ਕਿ ਇੱਕ ਖੁਸ਼ਹਾਲ ਜੀਵਨ ਲਈ ਦੇਸ਼ ਦੀ ਜਨਤਾ ਦਾ ਆਰਥਿਕ ਪੱਖੋਂ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ। ਇਹ ਯਕੀਨੀ ਬਣਾਉਣਾ ਪਵੇਗਾ ਕਿ ਦੇਸ਼ ਦੇ ਹਰ ਵਰਗ ਦੇ ਵਿਅਕਤੀ ਕੋਲ ਦੋ ਵੇਲੇ ਦੀ ਸੁਖਾਵੀਂ ਰੋਟੀ ਅਤੇ ਨਿੱਜੀ ਜ਼ਰੂਰਤਾਂ ਪਹੁੰਚਦੀਆਂ ਹਨ। ਇਸਦਾ ਹੱਲ ਇਹੀ ਹੈ ਕਿ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣ, ਨੌਜਵਾਨਾਂ ਨੂੰ ਸਿੱਖਿਅਤ ਕੀਤਾ ਜਾਵੇ। ਜਵਾਨੀ ਦੇ ਜੋਸ਼ ਨੂੰ ਸਾਰਥਕ ਪਾਸੇ ਲਾ ਉਨ੍ਹਾਂ ਦੀ ਨਿੱਜੀ ਅਤੇ ਦੇਸ਼ ਦੀ ਤਰੱਕੀ ਦੇ ਰਾਹ ਖੋਲ੍ਹੇ ਜਾਣ। ਇੱਕ ਚੰਗਾ, ਵਿਕਸਿਤ ਦੇਸ਼ ਉਹੀ ਹੈ, ਜਿਸ ਵਿਚ ਹਰ ਕੋਈ ਇੱਕ ਖੁਸ਼ਹਾਲ ਜ਼ਿੰਦਗੀ ਜਿਉ ਰਿਹਾ ਹੋਵੇ। ਇੱਕ ਬੇਫਿਕਰੀ ਤੇ ਆਜ਼ਾਦ ਪਰਿੰਦੇ ਵਾਲੀ ਜ਼ਿੰਦਗੀ ਜਿਊਣ ਦੀ ਪਹਿਲੀ ਪੌੜੀ ਆਰਥਿਕ ਪੱਖੋਂ ਖੁਸ਼ਹਾਲ ਹੋਣਾ ਹੈ, ਆਓ ਇਸ ਪੌੜੀ ’ਤੇ ਚੜ੍ਹਨ ਦੇ ਸਾਰਥਕ ਰਾਹ ਲੱਭੀਏ। ਨੌਜਵਾਨ ਖੁਦ ਵੀ ਆਪਣੀ ਕਲਾ ਦੀ ਪਛਾਣ ਕਰਨ, ਆਪਣੇ ਹੁਨਰ ਦੇ ਬਲਬੂਤੇ ’ਤੇ ਆਪਣੇ ਛੋਟੇ-ਮੋਟੇ ਕੰਮ ਸ਼ੁਰੂ ਕਰਨ, ਕੇਵਲ ਸਰਕਾਰਾਂ ਦੇ ਮੂੰਹ ਕੰਨੀ ਦੇਖਣਾ ਵਿਅਰਥ ਹੈ, ਨੌਜਵਾਨ ਖੁਦ ਵੀ ਯਤਨ ਕਰਨ ਕਿ ਕੋਈ ਨਿੱਕੇ ਕਾਰੋਬਾਰ ਸ਼ੁਰੂ ਕਰ ਆਪਣੇ ਰੁਜ਼ਗਾਰ ਦੇ ਰਾਹ ਖੋਲ੍ਹਣ ਕਿਉਂਕਿ ਇਹ ਜੀਵਨ ਸਾਡਾ ਹੈ, ਤਾਂ ਇਸਨੂੰ ਖੁਸ਼ਹਾਲ ਬਣਾਉਣ ਦੀ ਜ਼ਿੰਮੇਵਾਰੀ ਪਹਿਲ ਦੇ ਆਧਾਰ ’ਤੇ ਸਾਡੀ ਖੁਦ ਦੀ ਹੈ।



# ਵਿਆਹਾਂ ’ਚ ਖਤਮ ਹੁੰਦੀ ਜਾ ਰਹੀ ਦਿਖਾਵਾ ਦਿਖਾਉਣ ਦੀ ਰਸਮ

-ਸੰਜੀਵ ਸਿੰਘ ਸੈਣੀ
ਮੋਹਾਲੀ
78889-66168
(Punjab Mail USA)



ਪੰਜਾਬੀ ਸੱਭਿਆਚਾਰ ਬਹੁਤ ਹੀ ਅਮੀਰ ਵਿਰਸਾ ਹੈ। ਵਿਆਹ ਜਿਹੇ ਪ੍ਰੋਗਰਾਮਾਂ ਵਿਚ ਸਾਨੂੰ ਬਹੁਤ ਖੁਸ਼ੀ ਹੁੰਦੀ ਹੈ। ਜੇ ਵਿਆਹ ਸਾਡੇ ਘਰ ਵਿਚ ਹੋਵੇ, ਤਾਂ ਸਾਨੂੰ ਗੋਡੇ-ਗੋਡੇ ਚਾਅ ਚੜ੍ਹ ਜਾਂਦਾ ਹੈ। ਪਰ ਅੱਜਕੱਲ੍ਹ ਮੈਰਿਜ ਪੈਲੇਸਾਂ ਨੇ ਘਰ ਵਿਚ ਹੋਣ ਵਾਲੇ ਵਿਆਹਾਂ ਦੀ ਜਗ੍ਹਾ ਲੈ ਲਈ ਹੈ। ਅੱਜਕੱਲ੍ਹ ਤਾਂ ਪਤਾ ਹੀ ਨਹੀਂ ਲੱਗਦਾ ਕਿ ਇਸ ਘਰ ਵਿਚ ਕੋਈ ਵਿਆਹ ਹੈ। ਜਦੋਂ ਘਰ ਤੇ ਬਿਜਲੀ ਵਾਲੀ ਲੜੀਆਂ ਪਾ ਦਿੱਤੀ ਜਾਂਦੀਆਂ ਹਨ, ਤਾਂ ਪਤਾ ਲੱਗਦਾ ਹੈ ਕਿ ਇੱਥੇ ਅੱਜ ਕੋਈ ਵਿਆਹ ਹੈ। ਪੁਰਾਣੇ ਵੇਲਿਆਂ ਵਿਚ ਜਦੋਂ ਚਿੱਠੀ ਲਿਖਾ ਦਿੱਤੀ ਜਾਂਦੀ ਸੀ, ਤਾਂ ਵਿਆਹ ਦੀਆਂ ਰਸਮਾਂ ਸ਼ੁਰੂ ਹੋ ਜਾਂਦੀਆਂ ਸਨ। ਰਿਸ਼ਤੇਦਾਰ ਵਿਆਹ ਤੋਂ ਕਈ ਦਿਨ ਪਹਿਲਾਂ ਹੀ ਆ ਜਾਂਦੇ ਸਨ। ਅੱਜ ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਦਿਨ ਪ੍ਰਤੀ ਦਿਨ ਇਹ ਰਸਮਾਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਵਿਆਹ ਤੋਂ ਪਹਿਲੇ ਖ਼ੂਬ ਖਰੀਦਦਾਰੀ ਕੀਤੀ ਜਾਂਦੀ ਹੈ। ਚਾਹੇ ਉਹ ਮੁੰਡੇ ਦਾ ਵਿਆਹ ਹੋਵੇ ਜਾਂ ਕੁੜੀ ਦਾ ਵਿਆਹ। ਮੁੰਡੇ ਦੇ ਵਿਆਹ ਵਿਚ ਚਲੋ ਘੱਟ ਖ਼ਰੀਦਾਰੀ ਹੁੰਦੀ ਹੈ, ਪਰ ਕੁੜੀ ਦੇ ਵਿਆਹ ਵਿਚ ਜੋ ਸਹੁਰਿਆਂ ਨੂੰ ਕੱਪੜੇ ਜਾਂ ਹੋਰ ਵੀ ਕਿਸੇ ਤਰ੍ਹਾਂ ਦਾ ਸਾਮਾਨ ਦੇਣਾ ਹੁੰਦਾ ਹੈ, ਬਹੁਤ ਖ਼ਰੀਦਦਾਰੀ ਕੁੜੀ ਦੇ ਵਿਆਹ ਵਿਚ ਹੁੰਦੀ ਹੈ। ਫ਼ਿਰ ਵੀ ਅੰਤ ਸਮੇਂ ਤੱਕ ਕੁੱਝ ਨਾ ਕੁੱਝ ਸਾਮਾਨ ਰਹਿ ਵੀ ਜਾਂਦਾ ਹੈ।

ਅੱਜ ਜੇ ਕੁੜੀ ਦੇ ਵਿਆਹ ਦੀ ਚਿੱਠੀ ਲਿਖਾਈ ਜਾਂਦੀ ਹੈ, ਜੋ ਉਸ ਨੂੰ ਕੱਪੜੇ ਅੱਗੇ ਸਹੁਰਾ ਪਰਿਵਾਰ ਵਿਚ ਦੇਣੇ ਹੁੰਦੇ ਹਨ, ਉਹ ਦਿਖਾਵਾ ਦਿਖਾਉਣ ਦੀ ਰਸਮ ਵੀ ਅੱਜ ਖ਼ਤਮ ਹੋ ਚੁੱਕੀ ਹੈ। ਜੇ ਗੱਲ 15 ਸਾਲ ਪਹਿਲੇ ਦੀ ਕਰੀਏ, ਤਾਂ ਜਦੋਂ ਕੁੜੀ ਦੇ ਵਿਆਹ ਲਈ ਖ਼ਰੀਦਦਾਰੀ ਕੀਤੀ ਜਾਂਦੀ ਸੀ, ਤਾਂ ਪਿੰਡ ਵਿਚ ਨਾਈ ਵੱਲੋਂ ਸੱਦਾ ਦਿੱਤਾ ਜਾਂਦਾ ਸੀ ਕਿ ਭਾਈ ਫ਼ਲਾਣੇ ਦੀ ਕੁੜੀ ਦਾ ਵਿਆਹ ਹੈ। ਉਨ੍ਹਾਂ ਨੇ ਦਿਖਾਵਾ ਦਿਖਾਉਣਾ ਹੈ, ਜੋ ਕੁੜੀ ਨੂੰ ਵਿਆਹ ਵਿਚ ਸਮਾਨ, ਜਿਵੇਂ ਕੱਪੜੇ, ਗਹਿਣੇ, ਫਰਨੀਚਰ ਦੇਣਾ ਹੈ। ਹੋਰ ਤਾਂ ਹੋਰ ਜੋ ਨਾਨਕ ਛੱਕ ਵਿਚ ਨਾਨਕਾ ਮੇਲ ਕੱਪੜੇ, ਗਹਿਣੇ, ਹੋਰ ਵੀ ਤਰ੍ਹਾਂ-ਤਰ੍ਹਾਂ ਦਾ ਸਮਾਨ ਲੈ ਕੇ ਆਉਂਦਾ ਸੀ, ਉਹ ਮੰਜਿਆਂ ’ਤੇ ਰੱਖ ਕੇ ਪੂਰੇ ਪਿੰਡ ਨੂੰ ਦਿਖਾਏ ਜਾਂਦੇ ਸਨ। ਨਾਨਕੀ ਛੱਕ ਵਿਚ ਲਿਆਂਦੇ ਗਏ ਕੱਪੜਿਆਂ ’ਤੇ ਪਰਚੀਆਂ ਲਗਾਈਆਂ ਜਾਂਦੀਆਂ ਸਨ ਕਿ ਫਲਾਣੀ ਔਰਤ ਦਾ ਸੂਟ ਹੈ, ਜਾਂ ਉਸ ਬੰਦੇ ਦੀ ਲੋਈ ਹੈ। ਪਿੰਡ ਦੀਆਂ ਜ਼ਨਾਨੀਆਂ ਖੋਲ੍ਹ-ਖੋਲ੍ਹ ਕੇ ਕੱਪੜੇ ਦੇਖਦੀਆਂ ਸਨ। ਇਕ ਜ਼ਿੰਮੇਵਾਰ ਔਰਤ ਨੂੰ ਪਰਾਂਤ ਵਿਚ ਸੋਨੇ, ਚਾਂਦੀ ਦੇ ਗਹਿਣੇ, ਪੈਸੇ ਰੱਖ ਕੇ ਦਿਖਾਵੇ ਵਾਲੀ ਥਾਂ ’ਤੇ ਕੋਲ ਬਿਠਾ ਦਿੱਤਾ ਜਾਂਦਾ ਸੀ। ਜਦੋਂ ਔਰਤਾਂ ਦਿਖਾਵਾ ਦੇਖ ਕੇ ਜਾਂਦੀਆਂ ਸਨ, ਤਾਂ ਉਨ੍ਹਾਂ ਨੂੰ ਚਾਹ-ਪਾਣੀ ਵੀ ਪੁੱਛਿਆ ਜਾਂਦਾ ਸੀ। ਕਿਉਂਕਿ ਨਾਨਕਿਆਂ ਦਾ ਅੱਧਾ ਵਿਆਹ ਹੁੰਦਾ ਸੀ। ਅੱਜ ਦੇ ਜ਼ਮਾਨੇ ਵਿਚ ਤਾਂ ਨਾਨਕਿਆਂ ਵੱਲੋਂ ਪੈਸੇ ਦੇ ਦਿੱਤੇ ਜਾਂਦੇ ਹਨ। ਇਹ ਦਿਖਾਵਾ ਦਿਖਾਉਣ ਦੀ ਰਸਮ, ਨਾਨਕਿਆਂ ਵੱਲੋਂ ਲਿਆਇਆ ਗਿਆ ਸਾਮਾਨ ਸਭ ਕੁੱਝ ਖ਼ਤਮ ਹੋ ਰਿਹਾ ਹੈ। ਕਿਉਂਕਿ ਪੈਸਾ ਪ੍ਰਧਾਨ ਬਣ ਚੁੱਕਿਆ ਹੈ। ਵੈਸੇ ਵੀ ਅੱਜਕੱਲ੍ਹ ਕਿਸੇ ਦਾ ਲਿਆਂਦਾ ਹੋਇਆ ਕੋਈ ਕੱਪੜਾ ਥੋੜੀ ਪਸੰਦ ਕਰਦਾ ਹੈ, ਆਪਣੀ ਮਨਮਰਜ਼ੀ ਚੱਲਦੀ ਹੈ। ਬਸ ਦੋ-ਚਾਰ ਜ਼ਿੰਮੇਵਾਰ ਇਨਸਾਨਾਂ ਨੂੰ ਹੀ ਨਾਨਕ ਛੱਕ ਵਿਚ ਲਿਆਂਦਾ ਗਿਆ ਸਾਮਾਨ ਦਿਖਾ ਦਿੱਤਾ ਜਾਂਦਾ ਹੈ।

ਪਰ ਅੱਜ ਵੀ ਕਈ ਪਿੰਡਾਂ ਵਿਚ ਨਾਨਕਿਆਂ ਵੱਲੋਂ ਲਿਆਈ ਗਈ ਛੱਕ ਪੂਰੇ ਪਿੰਡ ਵਿਚ ਦਿਖਾਵੇ ਵਜੋਂ ਦਿਖਾਈ ਜਾਂਦੀ ਹੈ। ਵਿਆਹ ਵਾਲ਼ਿਆਂ ਵੱਲੋਂ ਨਾਨਕਾ ਪਰਿਵਾਰ ਨੂੰ ਜੋ ਲੈਣ-ਦੇਣ ਕਰਨਾ ਹੁੰਦਾ ਹੈ, ਉਹ ਵੀ ਪੰਚਾਇਤ ਮੈਂਬਰਾਂ ਦੇ ਸਾਹਮਣੇ ਬਿਠਾ ਕੇ ਦਿਖਾਇਆ ਜਾਂਦਾ ਹੈ। ਕਹਿਣ ਦਾ ਮਤਲਬ ਹੈ ਕਿ ਇਹ ਰਸਮ ਵਿਆਹ ਦੀ ਕਾਫ਼ੀ ਮਹੱਤਵਪੂਰਨ ਹੁੰਦੀ ਸੀ। ਨਾਨਕਿਆਂ ਦਾ ਪੂਰਾ ਆਦਰ-ਸਤਿਕਾਰ ਕੀਤਾ ਜਾਂਦਾ ਸੀ। ਸਿੱਠਣੀਆਂ ਦਿੱਤੀਆਂ ਜਾਂਦੀਆਂ ਸਨ। ਅੱਜਕੱਲ੍ਹ ਤਾਂ ਵਿਆਹਾਂ ਵਿਚ ਸਿੱਠਣੀਆਂ ਦੇਣ ਦੀ ਰਸਮ ਵੀ ਖ਼ਤਮ ਹੋ ਗਈ ਹੈ।

ਜਦੋਂ ਮੁੰਡੇ ਦਾ ਵਿਆਹ ਧਰਿਆ ਜਾਂਦਾ ਹੈ, ਤਾਂ ਆਉਣ ਵਾਲੀ ਨੂੰਹ ਲਈ ਵਰੀ ਤਿਆਰ ਕੀਤੀ ਜਾਂਦੀ ਹੈ। ਇਸ ਵਰੀ ਵਿਚ ਕੱਪੜੇ, ਗਹਿਣੇ, ਨੂੰਹ ਲਈ ਜੁੱਤੀਆਂ ਤਿਆਰ ਕੀਤੀ ਜਾਂਦੀਆਂ ਹਨ। ਪਹਿਲਾਂ ਤਾਂ ਇਹ ਇੱਕ ਟਰੰਕ ਵਿਚ ਰੱਖੀ ਜਾਂਦੀ ਸੀ। ਪਰ ਅੱਜਕੱਲ੍ਹ ਦੇ ਜ਼ਮਾਨੇ ਵਿਚ ਇਹ ਅਟੈਚੀਆਂ ਵਿਚ ਆ ਚੁੱਕੀ ਹੈ। ਨਾਈ ਆਪਣੇ ਸਿਰ ’ਤੇ ਵਰ੍ਹੀ ਰੱਖ ਕੇ ਲੈ ਕੇ ਜਾਂਦਾ ਸੀ। ਜਦੋਂ ਬਾਰਾਤ ਕੁੜੀ ਵਾਲਿਆਂ ਦੇ ਵਿਹੜੇ ਪਹੁੰਚਦੀ ਸੀ, ਤਾਂ ਚਾਹ-ਪਾਣੀ ਪੀਣ ਤੋਂ ਬਾਅਦ ਉੱਥੇ ਜ਼ਿੰਮੇਵਾਰ ਮੈਂਬਰਾਂ ਨੂੰ ਇਹ ਵਰੀ ਦਿਖਾਈ ਜਾਂਦੀ ਸੀ ਕਿ ਅਸੀਂ ਆਉਣ ਵਾਲੀ ਨੂੰਹ ਨੂੰ ਕੀ ਕੁੱਝ ਚੜ੍ਹਾਇਆ ਹੈ। ਪਰ ਅੱਜਕੱਲ੍ਹ ਵਿਆਹਾਂ ਵਿਚ ਵੀ ਵਰ੍ਹੀ ਦਿਖਾਉਣ ਦੀ ਰਸਮ ਖ਼ਤਮ ਹੋ ਚੁੱਕੀ। ਸਮਾਂ ਨਹੀਂ ਰਿਹਾ। ਮਹਿੰਗਾਈ ਨੇ ਲੋਕ ਸਿਆਣੇ ਕਰ ਦਿੱਤੇ ਹਨ। ਵਿਆਹ ਦੀਆਂ ਰਸਮਾਂ ਸਿਰਫ਼ ਨਾਮਾਤਰ ਹੀ ਰਹਿ ਚੁੱਕੀਆਂ ਹਨ। ਰਹਿੰਦੀ ਕਸਰ ਮੈਰਿਜ ਪੈਲੇਸਾਂ ਨੇ ਪੂਰੀ ਕਰ ਦਿੱਤੀ ਹੈ। ਅੱਜਕੱਲ੍ਹ ਤਾਂ ਨਾਨਕਾ ਮੇਲ ਵੀ ਉਸੇ ਦਿਨ ਹੀ ਵਿਆਹ ਵਿਚ ਆਉਂਦਾ ਹੈ, ਜਿਸ ਦਿਨ ਵਿਆਹ ਧਰਿਆ ਹੋਵੇ। ਸਮੇਂ ਦੀ ਘਾਟ ਕਾਰਨ ਇਹ ਰਸਮਾਂ ਖ਼ਤਮ ਹੁੰਦੀਆਂ ਜਾ ਰਹੀਆਂ ਹਨ। ਪਰਿਵਾਰਕ ਮੈਂਬਰ ਵੀ ਅੱਜਕੱਲ੍ਹ ਕੁੜੀ ਨੂੰ ਦਾਜ ਦੇਣ ਦੀ ਬਜਾਏ ਕੈਸ਼ ਦਿੰਦੇ ਹਨ। ਸੋ ਸਾਨੂੰ ਆਪਣੇ ਸੱਭਿਆਚਾਰ ਦੇ ਮੁਤਾਬਕ ਇਹ ਰਸਮਾਂ ਜ਼ਰੂਰ ਕਰਨੀ ਚਾਹੀਦੀਆਂ ਹਨ।




# ਸੂਰਜ ਦਾ ਰੱਥ

ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)



ਧਰਤੀ ਦਾ ਸੂਰਜ ਦੁਆਲੇ ਇਕ ਚੱਕਰ ਜਿਸ ਨੂੰ ਸਾਲ ਕਹਿੰਦੇ ਹਨ, ਵਿਚ ਦੋ ਦਿਨ ਅਜਿਹੇ ਆਉਂਦੇ ਹਨ, ਜਦੋਂ ਧਰਤੀ 'ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿਚ ਦੋ ਦਿਨ ਅਜਿਹੇ ਵੀ ਆਉਂਦੇ ਹਨ, ਜਦੋਂ ਉੱਤਰੀ ਅਰਧ ਗੋਲੇ ਵਿਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ, ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਅਤੇ ਦਿਨ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਦੱਖਣੀ ਅਰਧ ਗੋਲੇ ਵਿਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ, ਉਸੇ ਵੇਲੇ ਉੱਤਰੀ ਅਰਧ ਗੋਲੇ ਵਿਚ ਦਿਨ ਛੋਟਾ ਅਤੇ ਰਾਤ ਵੱਡੀ ਹੁੰਦੀ ਹੈ। ਭਾਵੇਂ ਸਾਨੂੰ ਇਹ ਦੱਸਿਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿਚ ਛਿਪਦਾ ਹੈ। ਪਰ ਅਜਿਹਾ ਸਾਲ ਵਿਚ ਦੋ ਕੁ ਦਿਨ ਹੀ ਹੁੰਦਾ ਹੈ, ਜਦੋਂ ਸੂਰਜ ਪੂਰਬ ਭਾਵ 90% ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਸੂਰਜ 89% ਜਾਂ 91% ਤੋਂ ਚੜ੍ਹਦਾ ਹੈ। ਅੰਮ੍ਰਿਤਸਰ ਵਿਚ ਸੂਰਜ, 21 ਜੂਨ ਨੂੰ 62%, 21 ਮਾਰਚ ਅਤੇ 22 ਸਤੰਬਰ ਨੂੰ 90% ਅਤੇ 21 ਦਸੰਬਰ ਨੂੰ 117% ਤੋਂ ਚੜ੍ਹਦਾ ਹੈ। ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿਚ ਸੂਰਜ ਚੜ੍ਹਨ ਦੀ ਡਿਗਰੀ ਵੱਖ-ਵੱਖ ਹੁੰਦੀ ਹੈ।




ਧਰਤੀ ਦੇ ਧੁਰੇ ਦਾ ਲਗਭਗ 23.5% ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ, ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ 'ਤੇ ਸੂਰਜ ਦੀ ਰੌਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉੱਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਰੁੱਤਾਂ ਬਦਲਦੀਆਂ ਹਨ। ਜੂਨ ਦੇ ਮਹੀਨੇ ਉੱਤਰੀ ਅਰਧ ਗੋਲੇ ਵਿਚ ਗਰਮੀ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਜੇ ਆਪਾਂ ਚੜ੍ਹਦੇ ਸੂਰਜ ਨੂੰ ਵੇਖੀਏ, ਤਾਂ ਹਰ ਰੋਜ਼ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿਚ ਇਸ ਨੂੰ ਉਤਰਾਇਣ ਕਹਿੰਦੇ ਹਨ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਇਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਸੂਰਜ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁੱਕ ਜਾਂਦਾ ਹੈ ਅਤੇ ਪਿੱਛੇ ਭਾਵ ਦੱਖਣ ਵੱਲ ਨੂੰ ਮੁੜ ਪੈਂਦਾ ਹੈ ਅਤੇ ਦਿਨ ਦੀ ਲੰਬਾਈ ਥੋੜੀ-ਥੋੜੀ ਘਟਣੀ ਆਰੰਭ ਹੋ ਜਾਂਦੀ ਹੈ। ਇਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ (2023 ਈ:) ਇਹ ਘਟਨਾ 21 ਜੂਨ, ਦਿਨ ਬੁੱਧਵਾਰ ਨੂੰ ਲੱਗਭੱਗ 14:59 (" ") 'ਤੇ ਵਾਪਰੇਗੀ। ਇਸ ਸਮੇਂ ਸੂਰਜ ਅੱਗੇ ਜਾਣ ਦੀ ਬਜਾਏ ਪਿੱਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 23 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। 22 ਦਸੰਬਰ ਨੂੰ ਉੱਤਰੀ ਅਰਧ ਗੋਲੇ ਵਿਚ ਦਿਨ ਛੋਟੇ ਤੋਂ ਛੋਟਾ ਹੋਵੇਗਾ ਅਤੇ ਸੂਰਜ 3: 29 (" ") 'ਤੇ ਉਤਰਾਇਣ ਨੂੰ ਮੁੜ ਪਵੇਗਾ। ਸੂਰਜ ਦੇ ਉਤਰਾਇਣ ਤੋਂ ਦਖਰਾਇਣ ਅਤੇ ਦਖਰਾਇਣ ਤੋਂ ਉਤਰਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਸਾਲ ਦੀ ਲੰਬਾਈ ਹੈ। ਸਾਲ ਦੀ ਇਸ ਲੰਬਾਈ ਮੁਤਾਬਕ ਹੀ ਧਰਤੀ 'ਤੇ ਰੁੱਤਾਂ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (Tropical year) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥" (ਪੰਨਾ 1108) "ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੌ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ"। (ਫਰੀਦਕੋਟੀ ਟੀਕਾ)

ਉਪਰੋਕਤ ਪਾਵਨ ਪੰਗਤੀ ਦਾ ਭਾਵ ਹੈ ਕਿ ਜਦੋਂ ਹਾੜ ਦੇ ਮਹੀਨੇ, ਸੂਰਜ ਵੱਧ ਤੋਂ ਵੱਧ ਉੱਤਰ ਵੱਲ ਗਿਆ ਹੁੰਦਾ ਹੈ, ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ 'ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਆਰੰਭ ਹੋ ਜਾਂਦਾ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਹਿੰਦੇ ਹਨ। ਉੱਤਰੀ ਭਾਰਤ ਵਿਚ ਇਸ ਦਿਨ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

ਹੁਣ ਜਦੋਂ ਇਹ ਸਪੱਸ਼ਟ ਹੈ ਕਿ ਸੂਰਜ ਦਾ ਰੱਥ 21-22 ਜੂਨ (ਗਰੈਗੋਰੀਅਨ) ਨੂੰ ਕਿਸੇ ਵੇਲੇ ਫਿਰਦਾ ਹੈ। ਤਾਂ ਆਓ ਵੇਖੀਏ ਕਿ ਗੁਰੂ ਨਾਨਕ ਜੀ ਦੇ ਸਮੇਂ ਸੂਰਜ ਦਾ ਰੱਥ ਕਦੋਂ ਫਿਰਿਆ ਸੀ। ਸੰਮਤ 1526 ਬਿਕ੍ਰਮੀ ਵਿਚ ਸੂਰਜ ਦਾ ਰੱਥ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਦਿਨ ਸੋਮਵਾਰ ਨੂੰ ਫਿਰਿਆ ਸੀ। ਯਾਦ ਰਹੇ, ਜੇ 12 ਜੂਨ ਜੂਲੀਅਨ ਨੂੰ ਗਰੈਗੋਰੀਅਨ ਵਿਚ ਬਦਲੀ ਕਰੀਏ ਤਾਂ ਇਹ 21 ਜੂਨ ਹੀ ਬਣਦੀ ਹੈ। ਸਾਲ 2023 ਈ: ਵਿਚ 21 ਜੂਨ ਮੁਤਾਬਕ 7 ਹਾੜ (ਦ੍ਰਿਕ ਗਿਣਤ ਸਿਧਾਂਤ) ਨੂੰ ਫਿਰੇਗਾ। ਅੱਜ ਤੋਂ 500 ਸਾਲ ਭਾਵ ਸੰਮਤ 2523 ਈ: ਨੂੰ ਸੂਰਜ ਦਾ ਰੱਥ 21 ਜੂਨ ਮੁਤਾਬਕ 31 ਜੇਠ (ਦ੍ਰਿਕ ਗਿਣਤ ਸਿਧਾਂਤ) ਦਿਨ ਸੋਮਵਾਰ ਨੂੰ ਫਿਰੇਗਾ ਅਤੇ 3000 ਈ: ਵਿਚ 20 ਜੂਨ ਮੁਤਾਬਕ 24 ਜੇਠ ਦਿਨ ਸ਼ੁੱਕਰਵਾਰ ਨੂੰ ਫਿਰੇਗਾ। ਬਾਣੀ ਦੀ ਇਹ ਪੰਗਤੀ 'ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ' ਤਾਂ ਹਾੜ ਦੇ ਮਹੀਨੇ 'ਚ ਪੜ੍ਹੀ ਜਾਵੇਗੀ ਪਰ ਸੂਰਜ ਦਾ ਰੱਥ ਤਾਂ ਜੇਠ ਦੇ ਮਹੀਨੇ ਫਿਰ ਚੁੱਕਾ ਹੋਵੇਗਾ।

ਇਸ ਦਾ ਕਾਰਨ ਇਹ ਹੈ ਕਿ ਬਿਕ੍ਰਮੀ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਸੀ, ਜੋ ਅਸਲ ਸਾਲ ਦੀ ਲੰਬਾਈ ਤੋਂ ਲਗਭਗ 24 ਮਿੰਟ ਵੱਧ ਸੀ। ਸਾਲ ਦੀ ਲੰਬਾਈ ਵੱਧ ਹੋਣ ਕਾਰਨ 60 ਸਾਲ ਪਿੱਛੋਂ (1440/24=60) ਬਿਕ੍ਰਮੀ ਸਾਲ ਦਾ ਇਕ ਦਿਨ ਦਾ ਫਰਕ ਪੈ ਜਾਂਦਾ ਸੀ। 1964 ਈ: ਵਿਚ ਹਿੰਦੂ ਵਿਦਵਾਨਾਂ ਨੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵਿਚ ਸੋਧ ਕਰਕੇ, ਇਸ ਨੂੰ 365.2563 ਦਿਨ ਕਰ ਦਿੱਤਾ ਸੀ। ਹੁਣ ਇਸ ਨੂੰ ਦ੍ਰਿਕਗਿਣਤ ਸਿਧਾਂਤ ਕਹਿੰਦੇ ਹਨ। ਹੁਣ ਵੀ ਇਹ ਲੰਬਾਈ ਲਗਭਗ 20 ਮਿੰਟ ਵੱਧ ਹੈ। ਇਸ ਕਾਰਨ ਹੁਣ (1440/20=72) ਸਾਲ ਪਿੱਛੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਜਿਸ ਕਾਰਨ ਬਿਕ੍ਰਮੀ ਕੈਲੰਡਰ ਵਿਚ ਰੁੱਤਾਂ ਸਥਿਰ ਨਹੀਂ ਰਹਿੰਦੀਆਂ। 1999 ਈ: ਵਿਚ ਸਿੱਖ ਵਿਦਵਾਨਾਂ ਨੇ ਸਾਲ ਦੀ ਲੰਬਾਈ ਵਿਚ ਸੋਧ ਕਰਕੇ 365.2425 ਦਿਨ ਕਰਕੇ ਨਾਨਕਸ਼ਾਹੀ ਕੈਲੰਡਰ ਬਣਾਇਆ ਸੀ। ਸਾਲ ਦੀ ਇਹ ਲੰਬਾਈ ਸੂਰਜ ਦੇ ਰੱਥ ਫਿਰਨ ਦੀ ਲੰਬਾਈ 365.2422 ਦਿਨਾਂ ਦੇ ਬਹੁਤ ਨੇੜੇ ਹੈ। ਇਸ ਮੁਤਾਬਕ ਹੁਣ ਲਗਭਗ 3200 ਸਾਲ ਪਿੱਛੋਂ ਇਕ ਦਿਨ ਦਾ ਫਰਕ ਪਵੇਗਾ। ਨਾਨਕਸ਼ਾਹੀ ਕੈਲੰਡਰ ਮੁਤਾਬਕ ਸੰਮਤ 530 ਨਾਨਕਸ਼ਾਹੀ (1999 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰਿਆ ਸੀ। ਸੰਮਤ 1030 ਨਾਨਕਸ਼ਾਹੀ (2499-2500 ਈ:) ਵਿਚ ਵੀ ਰੱਥ 7 ਹਾੜ ਨੂੰ ਫਿਰੇਗਾ ਅਤੇ ਸੰਮਤ 1530 ਨਾਨਕਸ਼ਾਹੀ (2999-3000 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰੇਗਾ।

ਦੁਨੀਆਂ ਦੇ ਸਾਂਝੇ ਕੈਲੰਡਰ (ਗਰੈਗੋਰੀਅਨ ਕੈਲੰਡਰ) ਦੇ ਸਾਲ ਦੀ ਲੰਬਾਈ ਵੀ ਸੂਰਜ ਦੇ ਰੱਥ ਫਿਰਨ ਦੇ ਮੁਤਾਬਕ ਹੀ ਹੈ। ਰੋਮ ਵਾਸੀਆਂ ਨੇ 1582 ਈ: ਵਿਚ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ (365.25 ਦਿਨ) ਵਿਚ ਸੋਧ ਕਰਕੇ 365.2425 ਦਿਨ ਈ: ਕਰ ਲਈ ਸੀ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਗੱਲ ਦੂਜੀਆਂ ਕੌਮਾਂ ਨੂੰ 16ਵੀਂ ਸਦੀ ਵਿਚ ਸਮਝ ਆ ਗਈ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 21ਵੀਂ ਸਦੀ ਵਿਚ ਵੀ ਸਮਝ ਨਹੀਂ ਆ ਰਹੀ।

## ਨੈਸ਼ਨਲ ਸਟੈਟਿਸਟਿਕ ਦਿਵਸ (29 ਜੂਨ) 'ਤੇ ਵਿਸ਼ੇਸ਼

# ਅੰਕੜਿਆਂ ਦੇ ਮਹਾਨ ਵਿਗਿਆਨੀ 'ਪ੍ਰਸ਼ਾਂਤ ਚੰਦਰ ਮਹਾਲਨੌਬਿਸ'

ਮੰਨਤ ਮੰਡ
ਖੋਜ ਵਿਦਿਆਰਥੀ, ਮੈਥੇਮੈਟਿਕਸ ਵਿਭਾਗ, ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਲੌਂਗੋਵਾਲ (ਪੰਜਾਬ)
94653-83337
(Punjab Mail USA)



ਸਟੈਟਿਸਟਿਕਸ ਗਣਿਤ ਵਿਗਿਆਨ ਦੀ ਉਹ ਸ਼ਾਖਾ ਹੈ, ਜਿਸਦੀ ਮਦਦ ਨਾਲ ਕਿਸੇ ਚੀਜ਼, ਕਿਸੇ ਸਮੂਹ ਨਾਲ ਜੁੜੇ ਹੋਏ ਅੰਕੜੇ ਇਕੱਠੇ ਕਰਕੇ ਸਰਵੇਖਣ ਕੀਤਾ ਜਾਂਦਾ ਹੈ। ਚਾਹੇ ਮੁੱਦਾ ਦੇਸ਼ ਦੇ ਉਦਯੋਗਿਕ ਢਾਂਚੇ ਦਾ ਹੋਵੇ, ਭਾਵੇਂ ਆਰਥਿਕ ਢਾਂਚੇ ਨੂੰ ਸਮਝਣ ਦਾ ਹੋਵੇ, ਅੰਕੜਿਆਂ ਦੀ ਜਾਣਕਾਰੀ ਤੋਂ ਬਿਨਾਂ ਕਿਸੇ ਵੀ ਨਤੀਜੇ 'ਤੇ ਪਹੁੰਚਣਾ ਸੰਭਵ ਨਹੀਂ। ਜਨਗਣਨਾ, ਰਾਜਨੀਤਿਕ ਚੋਣਾਂ ਦੇ ਨਤੀਜੇ, ਗਰੀਬੀ ਰੇਖਾ ਦੀ ਦਰ ਦਾ ਮਾਪਦੰਡ ਕੁਝ ਵੀ ਅੰਕੜਿਆਂ ਤੋਂ ਬਿਨਾ ਨਹੀਂ ਸਮਝਿਆ ਜਾ ਸਕਦਾ। ਮੌਸਮ ਅਨੁਸਾਰ ਫ਼ਸਲ ਦੀ ਬਿਜਾਈ ਦੇ ਅਨੁਮਾਨ ਤੋਂ ਲੈ ਕੇ ਘਰੇਲੂ ਖਰਚੇ ਦਾ ਮਾਸਿਕ ਹਿਸਾਬ ਲਾਉਣ ਤੱਕ ਹਰ ਆਮ ਇਨਸਾਨ ਰੋਜ਼ਾਨਾ ਸਟੈਟਿਸਟਿਕਸ ਨੂੰ ਸਹਿਜ ਸੁਭਾਅ ਹੀ ਅਨੇਕਾਂ ਵਾਰ ਵਰਤਦਾ ਹੈ। ਇਹੋ ਜਿਹੇ ਸਿਧਾਂਤਾਂ ਨੂੰ ਸਮਝਾਉਣ ਵਾਲੇ ਸੀ ਸਾਡੇ ਮਹਾਨ ਖੋਜੀ ਪੀ.ਸੀ. ਮਹਾਲਨੌਬਿਸ।

ਭਾਰਤੀ ਅੰਕੜਿਆਂ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਪ੍ਰਸ਼ਾਤ ਚੰਦਰ ਮਹਾਲਨੌਬਿਸ ਦਾ ਜਨਮ 29 ਜੂਨ, 1893 ਨੂੰ ਕਲਕੱਤਾ (ਪੱਛਮੀ ਬੰਗਾਲ) ਦੇ ਬ੍ਰਾਹਮਣ ਪਰਿਵਾਰ 'ਚ ਹੋਇਆ। ਉਨ੍ਹਾਂ ਦੇ ਦਾਦਾ ਜੀ ਗੁਰੂਚਰਨ ਨੇ ਰਾਜਾ ਰਾਮ ਮੋਹਨ ਰਾਏ ਅਤੇ ਦਬਿੰਦਰਨਾਥ ਟੈਗੋਰ ਦੇ ਨਾਲ 'ਬ੍ਰਹਮੋ ਸਮਾਜ ਲਹਿਰ' ਦਾ ਹਿੱਸਾ ਬਣਕੇ ਸਮਾਜਿਕ ਕੁਰੀਤੀਆਂ ਖਿਲਾਫ਼ ਕਈ ਸੰਘਰਸ਼ਾਂ ਵਿਚ ਭਾਗ ਲਿਆ ਸੀ। ਪਰਿਵਾਰ 'ਚ ਸੂਝਵਾਨ ਜੀਆਂ ਦੀ ਮੌਜੂਦਗੀ ਤੇ ਗਿਆਨ ਦਾ ਮਾਹੌਲ ਹੋਣ ਕਰਕੇ ਮਹਾਲਨੌਬਿਸ ਨੂੰ ਬਚਪਨ ਤੋਂ ਹੀ ਪੜ੍ਹਾਈ ਦਾ ਸ਼ੌਕ ਸੀ।

ਸਕੂਲ ਦੀ ਪੜ੍ਹਾਈ ਮਹਾਲਨੌਬਿਸ ਨੇ 'ਬ੍ਰਹਮੋ ਬੁਆਇਜ਼ ਸਕੂਲ ਕਲਕੱਤਾ' ਤੋਂ 1908 'ਚ ਪੂਰੀ ਕੀਤੀ। 1912 'ਚ ਭੌਤਿਕ ਵਿਗਿਆਨ ਆਨਰਜ਼ ਵਿਸ਼ੇ ਨਾਲ 'ਬੈਚਲਰ ਆਫ ਸਾਇੰਸ' ਦੀ ਡਿਗਰੀ ਹਾਸਲ ਕੀਤੀ। ਉਥੇ ਜਗਦੀਸ਼ ਚੰਦਰ ਬੋਸ ਅਤੇ ਪ੍ਰਫੁੱਲ ਚੰਦਰ ਰੇ ਵਰਗੇ ਪ੍ਰਸਿੱਧ ਵਿਗਿਆਨੀ ਉਸਦੇ ਅਧਿਆਪਕ ਸਨ। ਪ੍ਰੈਜ਼ੀਡੈਂਸੀ ਕਾਲਜ ਦੇ ਮੇਘਨਾਥ ਸਾਹਾ ਤੇ ਸੁਭਾਸ਼ ਚੰਦਰ ਬੋਸ ਵਰਗੇ ਵਿਦਵਾਨ ਉਸਦੇ ਜੂਨੀਅਰ ਸਨ। ਗ੍ਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ 1913 'ਚ ਮਹਾਲਨੌਬਿਸ ਉਚੇਰੀ ਵਿਦਿਆ ਲਈ ਯੂਨੀਵਰਸਿਟੀ ਆਫ ਲੰਦਨ ਦਾ ਮਨ ਬਣਾ ਕੇ ਕੈਂਬਰਿਜ ਚਲੇ ਗਏ, ਪਰ ਦੇਰੀ ਹੋ ਜਾਣ ਕਾਰਨ ਦਾਖਲਾ ਨਾ ਹੋ ਸਕਿਆ। ਇਕ ਦੋਸਤ ਦੀ ਸਲਾਹ ਮੰਨ ਕੇ ਉਸਨੇ ਕਿੰਗਜ਼ ਕਾਲਜ ਕੈਂਬਰਿਜ ਵਿਚ ਆਪਣੀ ਖੋਜ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ। ਇਸ ਵਕਤ ਦੌਰਾਨ ਉਨ੍ਹਾਂ ਦੀ ਮੁਲਾਕਾਤ ਪ੍ਰਸਿੱਧ ਗਣਿਤ ਵਿਗਿਆਨੀ ਸ੍ਰੀ ਨਿਵਾਸ ਰਾਮਾਨੁਜਨ ਨਾਲ ਵੀ ਹੋਈ। ਇਸ ਮੁਲਾਕਾਤ ਦਾ ਵੇਰਵਾ ਰਾਬਰਟ ਕੈਨੀਗਲ ਦੀ ਕਿਤਾਬ 'ਦ ਮੈਨ ਹੂ ਨਿਊ ਇਨਫਿਨਿਟੀ' ਜੋ ਕਿ ਰਾਮਾਨੁਜਨ ਦੇ ਜੀਵਨ 'ਤੇ ਅਧਾਰਿਤ ਹੈ, ਵਿਚ ਵਿਸਥਾਰ ਨਾਲ ਮੌਜੂਦ ਹੈ।

ਖੋਜ ਦੇ ਕੰਮ 'ਚ ਥੋੜ੍ਹਾ ਵਕਫਾ ਪਾ ਕੇ ਮਹਾਲਨੌਬਿਸ ਭਾਰਤ ਪਰਤ ਆਏ ਅਤੇ ਆਣ ਕੇ ਪ੍ਰੈਜ਼ੀਡੈਂਸੀ ਕਾਲਜ ਦੇ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਸੰਭਾਲਣ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਭੌਤਿਕ ਵਿਗਿਆਨ ਵੀ ਪੜ੍ਹਾਇਆ। ਇੰਗਲੈਂਡ ਪਰਤਣ ਤੋਂ ਬਾਅਦ ਮਹਾਲਨੌਬਿਸ ਦੀ ਨਜ਼ਰ ਇਕ ਖੋਜ ਰਸਾਲੇ 'ਬਾਇਉਮੈਟਰਿਕਾ' 'ਤੇ ਪਈ। ਜਿਸ ਤੋਂ ਉਹ ਏਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਦੀ ਰੁਚੀ ਭੌਤਿਕ ਵਿਗਿਆਨ ਨਾਲੋਂ ਜ਼ਿਆਦਾ ਸਟੈਟਿਸਟਿਕਸ ਵੱਲ ਹੋ ਗਈ। ਬਾਇਉਮੈਟਰਿਕਾ ਦੇ ਸਾਰੇ ਮੌਜੂਦਾ ਅੰਕਾਂ ਦਾ ਅਧਿਐਨ ਕਰਨ ਤੋਂ ਬਾਅਦ ਮਹਾਲਨੌਬਿਸ ਨੇ ਮਾਨਵ ਵਿਗਿਆਨ ਤੇ ਮੌਸਮ ਵਿਗਿਆਨ 'ਚ ਅੰਕੜਿਆਂ ਦੀ ਮਹੱਤਤਾ ਉੱਤੇ ਖੋਜ ਦਾ ਕੰਮ ਕੀਤਾ। 1945 'ਚ ਮਹਾਲਨੌਬਿਸ ਨੂੰ 'ਰੌਇਲ ਸੁਸਾਇਟੀ ਲੰਡਨ' ਦਾ ਫੈਲੋ ਚੁਣਿਆਂ ਗਿਆ।

238 ਰੁਪਏ ਦੇ ਫੰਡ ਨਾਲ ਮਹਾਲਨੌਬਿਸ ਨੇ 1932 'ਚ ਪ੍ਰੈਜ਼ੀਡੈਂਸੀ ਕਾਲਜ ਦੇ ਭੌਤਿਕ ਵਿਗਿਆਨ ਵਿਭਾਗ ਅੰਦਰ ਹੀ ਸਟੈਟਿਸਟਿਕਸ ਵਿਭਾਗ ਦੀ ਨੀਂਹ ਰੱਖੀ, ਜੋ ਕਿ ਬਾਅਦ ਵਿਚ 'ਇੰਡੀਅਨ ਸਟੈਟਿਸਟੀਕਲ ਇੰਸਟੀਚਿਊਟ' (ਆਈ.ਐੱਸ.ਆਈ.) ਦੇ ਨਾਮ ਨਾਲ ਜਾਣਿਆਂ ਜਾਣ ਲੱਗਾ। 1933 'ਚ ਆਈ.ਐੱਸ.ਆਈ. ਨੇ ਆਪਣਾ ਪਹਿਲਾ ਖੋਜ-ਰਸਾਲਾ 'ਸੰਖਿਆ' ਜਾਰੀ ਕੀਤਾ।



ਮਹਾਲਨੌਬਿਸ ਨੇ ਅੰਕੜਿਆਂ ਨਾਲ ਸਬੰਧਤ ਅਨੇਕਾਂ ਖੋਜਾਂ ਸਮਾਜ ਦੀ ਝੋਲੀ ਪਾਈਆਂ ਹਨ। ਜਿਨ੍ਹਾਂ ਵਿਚੋਂ ਉਨ੍ਹਾਂ ਦੀ ਸਭ ਤੋਂ ਜ਼ਿਆਦਾ ਵਰਤੀ ਜਾਣ ਵਾਲੀ ਰਚਨਾ 'ਮਹਾਲਨੌਬਿਸ ਡਿਸਟੈਂਸ' ਦੇ ਨਾਮ ਨਾਲ ਜਾਣਿਆਂ ਜਾਣ ਵਾਲਾ ਫਾਰਮੂਲਾ ਹੈ, ਜਿਸਦੀ ਵਰਤੋਂ ਜਨਸੰਖਿਆ ਅਧਿਐਨ ਲਈ ਕੀਤੀ ਜਾਂਦੀ ਹੈ। ਉਸਨੇ ਅੰਕੜਿਆਂ ਨਾਲ ਸਬੰਧਤ ਆਪਣੀਆਂ ਖੋਜਾਂ ਨੂੰ ਦੇਸ਼ ਦੇ ਵਿਕਾਸ ਨਾਲ ਜੋੜਦਿਆਂ ਸਮਝਾਇਆ ਕਿ ਕਿਵੇਂ 'ਸੈਂਪਲ ਸਰਵੇਖਣ' ਵਰਗੇ ਸਿਧਾਂਤ ਦਾ ਪ੍ਰਯੋਗ ਅਵਾਮ ਦੀ ਤਰੱਕੀ ਲਈ ਕੀਤਾ ਜਾ ਸਕਦਾ ਹੈ। 1937-1944 ਦੌਰਾਨ ਉਨ੍ਹਾਂ ਆਪਣੀ ਦੇਖ-ਰੇਖ ਵਿਚ ਕਈ ਸਰਵੇਖਣ ਕਰਵਾਏ, ਜਿਨ੍ਹਾਂ ਵਿਚ ਦੇਸ਼ ਦੇ ਖਪਤਕਾਰਾਂ ਦੀ ਲਾਗਤ ਸਬੰਧੀ, ਨਾਗਰਿਕਾਂ ਦੇ ਚਾਹ ਪੀਣ ਦੀਆਂ ਆਦਤਾਂ ਸਬੰਧੀ ਕਈ ਰਿਪੋਰਟਾਂ ਤਿਆਰ ਕੀਤੀਆਂ ਗਈਆਂ।

ਮਹਾਲਨੌਬਿਸ ਨੇ ਦੂਜੀ 'ਪੰਜ ਸਾਲਾ ਯੋਜਨਾ' (1956-1961) ਦੀ ਰੂਪ ਰੇਖਾ ਤਿਆਰ ਕੀਤੀ, ਜਿਸਨੂੰ ਬਾਅਦ ਵਿਚ 'ਨਹਿਰੂ-ਮਹਾਲਨੌਬਿਸ ਪਲੈਨ' ਦਾ ਨਾਮ ਦਿੱਤਾ ਗਿਆ। ਇਸ ਪੰਜ ਸਾਲਾ ਯੋਜਨਾ ਦਾ ਮੁੱਖ ਮਕਸਦ ਲੋਹੇ ਤੇ ਸਟੀਲ ਦੀਆਂ ਵੱਡੀਆਂ ਫੈਕਟਰੀਆਂ ਸਥਾਪਤ ਕਰਕੇ ਮੁਲਕ ਨੂੰ ਆਤਮ ਨਿਰਭਰ ਬਣਾਉਣਾ ਸੀ। ਮਹਾਲਨੌਬਿਸ ਦਾ ਇਹ ਮਾਡਲ ਭਾਰਤੀ ਆਰਥਕ ਢਾਂਚੇ ਨੂੰ ਪੈਰਾਂ ਸਿਰ ਕਰਨ ਵਿਚ ਬੜਾ ਮਦਦਗਾਰ ਸਾਬਿਤ ਹੋਇਆ।

ਮਹਾਲਨੌਬਿਸ ਦੀ ਅਗਵਾਈ ਵਿਚ 'ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜ਼ੇਸ਼ਨ' (ਐੱਨ.ਐੱਸ.ਐੱਸ.ਓ.) ਅਤੇ 'ਸੈਂਟਰਲ ਸਟੈਟਿਸਟੀਕਲ ਆਫਿਸ' (ਸੀ.ਐੱਸ.ਓ.) ਦਾ ਨਿਰਮਾਣ ਕੀਤਾ ਗਿਆ। ਇਨ੍ਹਾਂ ਦੀ ਦੇਖ-ਰੇਖ ਵਿਚ ਹੀ 'ਪਲੈਨਿੰਗ ਕਮਿਸ਼ਨ ਆਫ ਇੰਡੀਆ' ਦਾ ਗਠਨ ਕੀਤਾ ਗਿਆ। 1968 'ਚ ਮਹਾਲਨੌਬਿਸ ਨੂੰ 'ਪਦਮ ਭੂਸ਼ਨ' ਨਾਲ ਸਨਮਾਨਿਤ ਕੀਤਾ ਗਿਆ। ਅੱਜ ਵੀ ਮਹਾਲਨੌਬਿਸ ਦੇ ਬਣਾਏ ਸਿਧਾਂਤਾਂ ਨੂੰ ਵਿਸ਼ਵ ਬੈਂਕ ਅਤੇ ਯੂਨਾਈਟਿਡ ਨੇਸ਼ਨਜ਼ ਵਰਤ ਰਹੇ ਨੇ। ਨੋਬਲ ਪੁਰਸਕਾਰ ਵਿਜੇਤਾ ਐਨਗਾਸ ਡਿਆਟਨ ਅਤੇ ਉਨ੍ਹਾਂ ਦੀ ਸਹਿ-ਲੇਖਿਕਾ ਵਾਲੇਰੀ ਕੋਜ਼ਲ 2005 ਵਿਚ ਆਪਣੇ ਇਕ ਲੇਖ ਵਿਚ ਲਿਖਦੇ ਨੇ "ਅੰਕੜਿਆਂ ਦੇ ਖੇਤਰ ਵਿਚ ਮਹਾਲਨੌਬਿਸ ਤੇ ਭਾਰਤ ਨੇ ਅਗਵਾਈ ਕੀਤੀ, ਤੇ ਬਾਕੀ ਦੁਨੀਆਂ ਨੇ ਇਨ੍ਹਾਂ ਦਾ ਪਾਲਣ ਹੀ ਕੀਤਾ ਹੈ। ਇਨ੍ਹਾਂ ਦੀ ਬਦੌਲਤ ਹੀ ਅੱਜ ਸਾਰੇ ਦੇਸ਼ਾਂ 'ਚ ਆਮਦਨ ਅਤੇ ਖਰਚ ਦਾ ਸਰਵੇਖਣ ਕੀਤਾ ਜਾ ਰਿਹਾ ਹੈ। ਬਹੁਤੇ ਦੇਸ਼ ਆਪਣੀ ਅੰਕੜਾ ਸਮਰੱਥਾ ਦੇ ਪ੍ਰਸੰਗ ਵਿਚ ਭਾਰਤ ਨਾਲ ਈਰਖਾ ਕਰਦੇ ਹਨ।

ਆਪਣੀ ਜਨਮ ਮਿਤੀ ਤੋਂ ਠੀਕ ਇਕ ਦਿਨ ਪਹਿਲਾਂ 28 ਜੂਨ, 1972 ਨੂੰ ਪ੍ਰਸ਼ਾਂਤ ਚੰਦਰ ਮਹਾਲਨੌਬਿਸ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਸ ਵੇਲੇ ਉਹ ਆਈ.ਐੱਸ.ਆਈ. ਦੇ ਡਾਇਰੈਕਟਰ ਦੀ ਭੂਮਿਕਾ ਨਿਭਾਅ ਰਹੇ ਸੀ ਅਤੇ ਭਾਰਤ ਸਰਕਾਰ ਦੀ ਕੈਬਨਿਟ ਲਈ ਅੰਕੜਿਆਂ ਸਬੰਧੀ ਖਾਸ ਸਲਾਹਕਾਰ ਸਨ। ਉਨ੍ਹਾਂ ਦੀ ਅੰਕੜਿਆਂ ਸਬੰਧੀ ਕਾਰਗੁਜ਼ਾਰੀ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਉਨ੍ਹਾਂ ਦੇ ਜਨਮ ਦਿਨ 29 ਜੂਨ ਨੂੰ 'ਨੈਸ਼ਨਲ ਸਟੈਟਿਸਟਿਕਸ ਡੇ' ਵਜੋਂ ਘੋਸ਼ਿਤ ਕੀਤਾ ਹੈ।

ਭਾਵੇਂ ਗੱਲ ਪ੍ਰਸ਼ਾਂਤ ਚੰਦਰ ਮਹਾਲਨੌਬਿਸ ਦੀ ਕਰੀਏ, ਜਾਂ ਮਹਾਨ ਗਣਿਤ ਵਿਗਿਆਨੀ ਸ਼੍ਰੀ ਨਿਵਾਸ ਰਾਮਾਨੁਜਨ ਦੀ ਜੋ ਗਣਿਤ ਦੀ ਹਰ ਇਕੁਏਸ਼ਨ ਨੂੰ ਕੁਦਰਤ/ਪ੍ਰਮਾਤਮਾ ਨਾਲ ਜੋੜ ਕੇ ਪੜ੍ਹਨ 'ਚ ਵਿਸ਼ਵਾਸ ਰੱਖਦੇ ਸਨ, ਜਾਂ ਸਾਡੇ ਆਪਣੇ ਹੋਰ ਬਹੁਤ ਸਾਰੇ ਚਿੰਤਕਾਂ ਵਿਗਿਆਨੀਆਂ ਦੀ ਜਿਨ੍ਹਾਂ ਨੇ ਆਪਣੀ ਸਾਰੀ ਅਕਲ/ਸੇਵਾਵਾਂ ਸਮਾਜ ਨੂੰ ਸਮਰਪਿਤ ਕਰ ਦਿੱਤੀਆਂ। ਆਓ ਉਨ੍ਹਾਂ ਦੀ ਘਾਲਣਾਂ ਅੱਗੇ ਸਿਰ ਝੁਕਾਈਏ, ਮਾਣ ਕਰੀਏ ਤੇ ਆਪਣੇ ਵਿਰਸੇ ਤੋਂ ਸੇਧ ਲਈਏ। ਅੱਜ ਸਾਡੀ ਜਵਾਨੀ ਨੂੰ ਇਨ੍ਹਾਂ ਬਹੁਪੱਖੀ ਸ਼ਖ਼ਸੀਅਤਾਂ ਤੋਂ ਪ੍ਰੇਰਣਾ ਲੈਣ ਦੀ ਲੋੜ ਹੈ। ਇਹੀ ਸਾਡੇ ਅਸਲੀ ਹੀਰੋ/ਲੋਕ ਨਾਇਕ ਹਨ। ਅਸੀਂ ਆਪਣੇ ਆਪ ਨੂੰ ਇਨ੍ਹਾਂ ਦੇ ਵਾਰਿਸ ਮੰਨੀਏ ਅਤੇ ਆਪਣੇ ਪਿਆਰੇ ਭਾਰਤ ਦੇ ਨਿੱਘਰ ਰਹੇ ਆਰਥਿਕ ਸਮਾਜਕ ਹਾਲਾਤ ਉੱਤੇ ਸੰਜੀਦਗੀ ਨਾਲ ਵਿਚਾਰ ਕਰੀਏ।

# ਦਸਤਾਰਧਾਰੀ ਜਾਂਬਾਜ਼

**ਡਾ. ਹਰਸ਼ਿੰਦਰ ਕੌਰ**
ਬੱਚਿਆਂ ਦੀ ਮਾਹਿਰ
28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।
ਫੋਨ ਨੰ : 0175-2216783
(Punjab Mail USA



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸਜਾ ਕੇ ਜੋ ਸਰੀਰਾਂ ਅੰਦਰ ਰੂਹ ਫੂਕੀ ਸੀ, ਉਸ ਨੇ ਕਿਵੇਂ ਦੇ ਜਾਂਬਾਜ਼ ਪੈਦਾ ਕੀਤੇ, ਉਨ੍ਹਾਂ ਵਿਚੋਂ ਹੀ ਕੁੱਝ ਦਾ ਜ਼ਿਕਰ ਕਰਨ ਲੱਗੀ ਹਾਂ।

ਸਭ ਤੋਂ ਔਖਾ ਉਹ ਸਮਾਂ ਹੁੰਦਾ ਹੈ, ਜਦੋਂ ਸਾਹਮਣੇ ਮੌਤ ਵੇਖ ਕੇ ਵੀ ਆਪਣੇ ਲਈ ਨਹੀਂ, ਬਲਕਿ ਹੋਰਨਾਂ ਦੀ ਰਾਖੀ ਕਰਦਿਆਂ ਆਪ ਹੀ ਅਗਾਂਹ ਹੋ ਕੇ ਭਰ ਜਵਾਨੀ ਵਿਚ ਮੌਤ ਨੂੰ ਲਾੜੀ ਦੇ ਤੁਲ ਮੰਨ ਕੇ ਹੱਸਦਿਆਂ ਕੁਰਬਾਨ ਹੋ ਜਾਣਾ। ਆਪਣੇ ਜੰਮਣ ਵਾਲਿਆਂ, ਜੀਵਨ ਸਾਥਣ, ਗੋਦ ਵਿਚ ਪੈ ਕੇ ਕਿਲਕਾਰੀ ਮਾਰਨ ਨੂੰ ਤਰਸਦਾ ਬਾਲ ਅਤੇ ਅੱਗੇ ਆਉਣ ਵਾਲੇ ਖ਼ੁਸ਼ਨੁਮਾ ਪਲਾਂ ਨੂੰ ਕੁਰਬਾਨ ਕਰਕੇ ਸਿਰਫ਼ ਦੇਸ਼ ਦਾ ਮਾਣ ਵਧਾਉਣ ਲਈ ਜਿਨ੍ਹਾਂ ਨੇ ਇੱਕ ਹੁੰਦਿਆਂ ਵੀ ਸਵਾ ਲੱਖ ਨਾਲ ਲੜ ਕੇ ਦਸਤਾਰ ਨਾਲ ਮਿਲੀ ਰੂਹਾਨੀ ਤਾਕਤ ਨੂੰ ਦੁਨੀਆਂ ਸਾਹਮਣੇ ਦਰਸਾਇਆ, ਉਸ ਤਰ੍ਹਾਂ ਦੀ ਮਿਸਾਲ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਹਾਲੇ ਤੱਕ ਦਿਸੀ ਨਹੀਂ।

ਜੈਸਲਮੇਰ ਦੇ ਫੌਜੀ ਇਲਾਕੇ ਵਿਚ ਰੋਜ਼ ਸ਼ਾਮ ਨੂੰ ਇੱਕ ਫਿਲਮ ਵਿਖਾਈ ਜਾਂਦੀ ਹੈ, ਜਿਸ ਵਿਚ ਉਸ ਥਾਂ ਉੱਤੇ 23 ਪੰਜਾਬ ਰੈਜੀਮੈਂਟ ਵੱਲੋਂ ਵਿਖਾਈ ਲਾਮਿਸਾਲ ਵੀਰਤਾ ਦੀ ਕਹਾਣੀ ਦੁਹਰਾਈ ਜਾਂਦੀ ਹੈ। ਬੜੇ ਫ਼ਖ਼ਰ ਨਾਲ ਅਨੇਕ ਵਾਰ ਇੱਕ-ਇੱਕ ਦਸਤਾਰਧਾਰੀ ਜਾਂਬਾਜ਼ ਵੱਲੋਂ ਗੱਜ ਕੇ ਬੁਲਾਏ ਫਤਹਿ ਦੇ ਜੈਕਾਰੇ ਨੂੰ ਗਗਨ ਚੁੰਬੀ ਆਵਾਜ਼ ਨਾਲ ਚੁਫ਼ੇਰੇ ਰੌਸ਼ਨੀਆਂ ਹੇਠ ਟੈਂਕਾਂ ਤੇ ਤੋਪਾਂ ਦੇ ਗੋਲਿਆਂ ਵਿਚ ਸੁਣਾਇਆ ਜਾਂਦਾ ਹੈ। ਮਹਾਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਦੀ ਸ਼ੇਰ ਵਰਗੀ ਦਹਾੜ ਜਦੋਂ ਸੁਣਦੀ ਹੈ, ਤਾਂ ਹਰ ਵੇਖਣ ਵਾਲੇ ਦੇ ਸਰੀਰ ਅੰਦਰਲਾ ਲਹੂ ਉਬਾਲੇ ਖਾਣ ਲੱਗ ਪੈਂਦਾ ਹੈ।

ਜਿਉਂ ਹੀ ਲਾਈਟ ਐਂਡ ਸਾਊਂਡ ਫਿਲਮ ਵਿਚ ਆਰ ਜਾਂ ਪਾਰ ਦੀ ਜੰਗ ਵਿੱਢਣ ਤੋਂ ਪਹਿਲਾਂ ਖਾਲਸਾ ਝੰਡਾ ਸਕਰੀਨ ਉੱਤੇ ਵਿਖਾ ਕੇ, ਫਿਰ ਖੰਡਾ ਲਹਿਰਾ ਕੇ, ਗੱਜ ਕੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਨਾਲ 'ਜੈ ਹਿੰਦ' ਕਹਿੰਦਿਆਂ ਦਸਤਾਰਧਾਰੀ ਛਾਲਾਂ ਮਾਰਦਿਆਂ ਅਗਾਂਹ ਤੁਰਦੇ ਵਿਖਾਉਂਦੇ ਹਨ, ਤਾਂ ਹਰ ਵੇਖਣ ਵਾਲਾ ਜਾਤ-ਪਾਤ, ਧਰਮ ਭੁਲਾ ਕੇ ਫਤਹਿ ਦੇ ਜੈਕਾਰੇ ਦੇ ਨਾਲ ਹੀ ਸਤਿ ਸ੍ਰੀ ਅਕਾਲ ਅਤੇ ਜੈ ਹਿੰਦ ਬੁਲਾਉਂਦਾ ਦਿੱਸਦਾ ਹੈ। ਜਿਸ ਬਹਾਦਰੀ ਨਾਲ ਸਿੱਖ ਫੌਜੀਆਂ ਵੱਲੋਂ ਪਾਕਿਸਤਾਨੀ ਟੈਂਕਾਂ ਉੱਤੇ ਹੱਲਾ ਬੋਲਦਿਆਂ ਵਿਖਾਇਆ ਜਾਂਦਾ ਹੈ, ਹਰ ਕਿਸੇ ਦਾ ਮਾਣ ਨਾਲ ਸਿਰ ਉੱਚਾ ਹੋ ਜਾਂਦਾ ਹੈ। ਸਿੱਖ ਫੌਜੀ ਨੂੰ ਸ਼ਹੀਦ ਹੁੰਦਿਆਂ ਵੇਖ ਇੱਕ ਵੀ ਜਣਾ ਹੰਝੂ ਕੇਰਨ ਤੋਂ ਬਿਨਾਂ ਨਹੀਂ ਰਹਿੰਦਾ। ਜਿਉਂ ਹੀ 'ਦੇਹ ਸ਼ਿਵਾ' ਉਚਾਰਿਆ ਜਾਂਦਾ ਹੈ, ਉੱਥੇ ਸਭ ਖੜ੍ਹੇ ਹੋ ਕੇ ਮਹਾਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਕੁਲਦੀਪ ਸਿੰਘ ਚਾਂਦਪੁਰੀ ਜੀ ਦੀ ਜਿਉਂਦੀ ਜਾਗਦੀ ਤਸਵੀਰ ਤੇ ਚਿਹਰੇ ਦੇ ਜਲੌਅ ਨੂੰ ਵੇਖ ਸਲਾਮ ਕਰਨ ਲਈ ਮਜਬੂਰ ਹੋ ਜਾਂਦੇ ਹਨ।

ਮੇਰੇ ਪਤੀ ਡਾ. ਗੁਰਪਾਲ ਸਿੰਘ ਦੇ ਸਿਰ ਸਜੀ ਦਸਤਾਰ ਵੇਖ ਹਰ ਫੌਜੀ ਨੇ ਸੈਲੂਟ ਕਰਕੇ ਇੱਜ਼ਤ ਦਿੰਦਿਆਂ ਇਹੀ ਕਿਹਾ- "ਆਜ ਜੈਸਲਮੇਰ ਅਗਰ ਭਾਰਤ ਕਾ ਹਿੱਸਾ ਹੈ ਤੋ ਸਿਰਫ਼ ਏਕ ਬੱਬਰ ਸ਼ੇਰ ਕੁਲਦੀਪ ਚਾਂਦਪੁਰੀ ਜੀ ਕੇ ਕਾਰਨ ਹੀ ਹੈ। ਹਰ ਸਿੱਖ ਭਾਈ ਕੋ ਹਮਾਰਾ ਸਲਾਮ ਹੈ। ਉਨਕੇ ਜਜ਼ਬੇ ਕੋ ਸਲਾਮ ਹੈ।"

23 ਪੰਜਾਬ ਰੈਜੀਮੈਂਟ ਦੇ ਉਂਗਲਾਂ ਉੱਤੇ ਗਿਣੇ ਜਾਣ ਵਾਲੇ 120 ਫੌਜੀਆਂ ਕੋਲੋਂ ਜਿਸ ਬਹਾਦਰੀ ਨਾਲ ਚਾਂਦਪੁਰੀ ਜੀ ਨੇ 5 ਅਤੇ 6 ਦਸੰਬਰ 1971 ਨੂੰ 20,000 ਪਾਕਿਸਤਾਨੀ ਫੌਜੀਆਂ, ਟੈਂਕਾਂ, ਤੋਪਾਂ ਦੇ ਸਾਹਮਣੇ ਜੂਝਣ ਲਈ ਟਿਕਾਈ ਰੱਖਿਆ, ਉਹ ਜੰਗ ਅੱਜ ਬ੍ਰਿਟੇਨ ਵਿਖੇ ਇਕ ਮਿਸਾਲੀ ਜੰਗ ਵਜੋਂ ਫੌਜੀਆਂ ਲਈ ਸਿਖਲਾਈ ਦਾ ਹਿੱਸਾ ਬਣਾ ਦਿੱਤਾ ਗਿਆ ਹੈ। ਸਭ ਮੰਨਦੇ ਹਨ ਕਿ ਬੋਲੇ ਸੋ ਨਿਹਾਲ ਦੇ ਜੈਕਾਰੇ ਏਨੇ ਬੁਲੰਦ ਸਨ ਕਿ ਪਾਕਿਸਤਾਨੀ ਫੌਜੀਆਂ ਨੂੰ ਭੁਲੇਖਾ ਪੈ ਗਿਆ ਸੀ ਕਿ ਲੌਂਗੇਵਾਲ ਦੀ ਨਿੱਕੀ ਜਿਹੀ ਪੋਸਟ ਉੱਤੇ ਘੱਟੋ-ਘੱਟ 50,000 ਦੀ ਫੌਜ ਖੜ੍ਹੀ ਹੋਈ ਹੈ।

ਏਨੀ ਫੌਜ ਨਾਲ ਜੂਝਦਿਆਂ ਸਿਰਫ਼ ਦੋ ਸ਼ਹੀਦੀਆਂ ਹੋਣੀਆਂ ਤੇ ਦੁਸ਼ਮਣ ਫੌਜੀਆਂ ਅਤੇ ਉਨ੍ਹਾਂ ਦੇ ਟੈਂਕਾਂ ਨੂੰ ਨੇਸਤਾ-ਨਾਬੂਦ ਕਰ ਦੇਣਾ ਕੋਈ ਖਾਲਾ ਜੀ ਦਾ ਘਰ ਨਹੀਂ ਸੀ।

ਕੌਣ ਭੁਲਾ ਸਕਦਾ ਹੈ ਲੈਫ. ਜਨਰਲ ਬਿਕਰਮ ਸਿੰਘ ਜੀ ਨੂੰ! ਸੰਨ 1933 ਵਿਚ ਫੌਜ ਵਿਚ ਭਰਤੀ ਹੋਏ ਬਿਕਰਮ ਸਿੰਘ ਜੀ ਨੂੰ ਅੱਜ ਤਾਈਂ ਚੀਨੀ ਭੁਲਾ ਨਹੀਂ ਸਕੇ ਅਤੇ ਹੁਣ ਤੱਕ "ਡਰੈਗਨ ਕਿੱਲਰ" ਵਜੋਂ ਹੀ ਯਾਦ ਕਰਦੇ ਹਨ। ਸੰਨ 1962 ਵਿਚ ਲੱਦਾਖ ਵਿਚ ਚੀਨੀ ਫੌਜੀਆਂ ਨੂੰ ਜਿਸ ਢੰਗ ਨਾਲ ਵੱਢਿਆ ਤੇ ਦਹਿਸ਼ਤ ਫੈਲਾਈ, ਚੀਨੀ ਫੌਜੀ ਦਸਤਾਰ ਵੇਖਦਿਆਂ ਪਿਛਾਂਹ ਭੱਜਣ ਲੱਗ ਪਏ ਸਨ।

ਲੱਦਾਖ ਦੇ ਬੋਧੀਆਂ ਨੇ ਅਜਿਹੀ ਬਹਾਦਰੀ ਬਾਰੇ ਕਦੇ ਸੁਣਿਆ ਵੇਖਿਆ ਹੀ ਨਹੀਂ ਸੀ। ਉਨ੍ਹਾਂ ਨੂੰ 'ਸਿੰਘ' ਦੀ ਤਾਕਤ ਦਾ ਅੰਦਾਜ਼ਾ ਹੀ ਨਹੀਂ ਸੀ। ਇਹੀ ਕਾਰਨ ਹੈ ਕਿ ਉੱਥੇ ਵੱਸਦਾ ਹਰ 'ਲਾਮਾ' ਆਪਣੇ ਗੋਂਪੇ ਵਿਚ ਅਤੇ ਬੁੱਧ ਮੋਨੈਸਟਰੀਆਂ ਵਿਚ ਲੈਫ. ਜਨਰਲ ਬਿਕਰਮ ਸਿੰਘ ਨੂੰ ਹੀਰੋ ਵਜੋਂ ਯਾਦ ਰੱਖਣ ਵਾਸਤੇ ਨਾ ਸਿਰਫ਼ ਯਾਦਗਾਰ ਬਣਾ ਕੇ ਬੈਠਾ ਹੈ, ਬਲਕਿ ਲੋਕ ਗੀਤਾਂ ਦਾ ਹਿੱਸਾ ਬਣਾ ਕੇ ਅਮਰ ਕਰ ਚੁੱਕਿਆ ਹੈ।

ਜੰਮੂ ਵਿਚ ਇੱਕ ਚੌਂਕ ਦਾ ਨਾਂ ਹੀ ਬਿਕਰਮ ਸਿੰਘ ਉੱਤੇ ਰੱਖਿਆ ਗਿਆ ਹੈ ਅਤੇ ਉੱਥੇ ਉਨ੍ਹਾਂ ਦਾ ਬੁੱਤ ਸੁਸ਼ੋਭਿਤ ਹੈ।

ਪੰਜਾਬ ਦੇ ਫ਼ਰੀਦਕੋਟ ਦਾ ਨਾਯਾਬ ਹੀਰਾ ਮਹਾਵੀਰ ਚੱਕਰ ਵਿਜੇਤਾ ਬ੍ਰਿਗੇਡੀਅਰ ਸੰਤ ਸਿੰਘ ਭਾਰਤ ਦੀ ਫੌਜ ਦੇ ਚਮਕਦੇ ਸਿਤਾਰਿਆਂ ਦੀ ਸਿਖਰਲੀ ਕਤਾਰ ਵਿਚ ਸ਼ਾਮਲ ਕੀਤਾ ਗਿਆ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਦੁਸ਼ਮਨਾਂ ਦੇ ਛੱਕੇ ਛੁਡਾਉਣ ਵਾਲਾ ਇਹ ਹੀਰਾ ਅੱਜ ਤੱਕ "ਸੰਤ ਸਿਪਾਹੀ" ਵਜੋਂ ਹੀ ਯਾਦ ਕੀਤਾ ਜਾਂਦਾ ਹੈ। ਸਿੱਖੀ ਦੇ ਸਿਧਾਂਤਾਂ ਨੂੰ ਪ੍ਰਣਾਇਆ ਇਹ ਹੀਰਾ ਸਵਾ ਲੱਖ ਨਾਲ ਲੜ ਜਾਣ ਵਾਲਾ ਮੰਨਿਆ ਜਾ ਚੁੱਕਿਆ ਹੈ। ਸ਼ਾਂਤ ਸੁਭਾਅ ਅਤੇ ਹਰ ਕਿਸੇ ਨੂੰ ਖਿੜੇ ਮੱਥੇ ਮਿਲਣ ਵਾਲਾ ਇਹ ਜਾਂਬਾਜ਼ ਇੱਕ ਨਹੀਂ, ਦੋ-ਦੋ ਜੰਗਾਂ ਵਿਚ ਸਰਵਉੱਚ ਸਨਮਾਨ ਹਾਸਲ ਕਰਨ ਵਾਲਾ ਸਾਬਤ ਹੋਇਆ। ਭਾਰਤੀ ਫੌਜ ਸੰਤ ਸਿੰਘ ਜੀ ਦੇ 1965 ਅਤੇ 1971 ਦੀ ਹਿੰਦ-ਪਾਕ ਜੰਗ ਵਿਚਲੇ ਬਹਾਦਰੀ ਦੇ ਕਾਰਨਾਮੇ ਭੁਲਾ ਹੀ ਨਹੀਂ ਸਕਦੀ ਕਿਉਂਕਿ ਪਾਕਿਸਤਾਨ ਦੀ ਭਾਰੀ ਫੌਜ ਦਾ ਜਿਸ ਬਹਾਦਰੀ ਨਾਲ ਥੋੜ੍ਹੇ ਜਿੰਨੇ ਫੌਜੀਆਂ ਨਾਲ ਸਾਹਮਣਾ ਕਰ ਕੇ, ਗੋਲਿਆਂ ਅਤੇ ਗੋਲੀਆਂ ਦੀ ਬੌਛਾਰ ਵਿਚੋਂ ਵੀ ਉਨ੍ਹਾਂ ਨੂੰ ਖਦੇੜ ਕੇ ਮੈਮਨ ਸਿੰਘ ਅਤੇ ਮਾਧੋਪੁਰ ਇਲਾਕਾ ਭਾਰਤ ਨਾਲ ਜੋੜਿਆ, ਇਹ ਸਿਰਫ਼ ਸੰਤ ਸਿਪਾਹੀ ਦੇ ਜ਼ੇਰੇ ਅਤੇ ਉਸ ਦੇ ਗਗਨ-ਚੁੰਬੀ ਫਤਹਿ ਦੇ ਜੈਕਾਰਿਆਂ ਸਦਕਾ ਹੀ ਸੰਭਵ ਹੋ ਸਕਿਆ।

ਕਦੇ ਕੋਈ ਸੁਫ਼ਨੇ ਵਿਚ ਵੀ ਸੋਚ ਸਕਦਾ ਹੈ ਕਿ ਇੱਕ ਜਰਨੈਲ ਇੱਕੋ ਦਿਨ ਵਿਚ ਦੁਸ਼ਮਨ ਦੇ 67 ਟੈਂਕ ਫ਼ਨਾਹ ਕਰ ਸਕਦਾ ਹੈ? ਸਵਾ ਲਾਖ ਸੇ ਏਕ ਲੜਾਉਂ ਦਾ ਜਿਉਂਦਾ ਜਾਗਦਾ ਇਤਿਹਾਸ "ਮੇਜਰ ਜਨਰਲ ਰਾਜਿੰਦਰ ਸਿੰਘ" ਨੇ ਲਿਖਿਆ! "ਸਪੈਰੋ" ਨਾਂ ਨਾਲ ਮਸ਼ਹੂਰ ਰਾਜਿੰਦਰ ਸਿੰਘ ਨੂੰ ਦੋ ਵਾਰ ਬੇਮਿਸਾਲ ਬਹਾਦਰੀ ਵਾਸਤੇ ਮਹਾਵੀਰ ਚੱਕਰ ਦਿੱਤਾ ਗਿਆ। ਪਹਿਲਾ, ਸੰਨ 1947 ਵਿਚ 'ਝੰਗਰ' ਨੂੰ ਪਾਕਿਸਤਾਨ ਹੱਥੋਂ ਬਚਾ ਕੇ ਭਾਰਤ ਵਿਚ ਸ਼ਾਮਲ ਕਰਨ ਲਈ ਅਤੇ ਦੂਜੀ ਵਾਰ 1965 ਦੀ ਭਾਰਤ ਪਾਕ ਜੰਗ ਵਿਚ! ਭਾਰਤੀ ਫੌਜ ਦੇ ਹਰ ਜਵਾਨ ਨੂੰ ਇਹ ਬਹਾਦਰੀ ਦੀ ਗਾਥਾ ਸੁਣਾਈ ਜਾਂਦੀ ਹੈ ਕਿ ਕਿਵੇਂ ਬੱਬਰ ਸ਼ੇਰ ਸਪੈਰੋ ਨੇ ਫਿਲੌਰਾ ਦੀ ਜੰਗ ਵਿਚ ਇੱਕੋ ਦਿਨ 67 ਦੁਸ਼ਮਨਾਂ ਦੇ ਟੈਂਕ ਫਨਾਹ ਕੀਤੇ ਅਤੇ ਆਪਣੀ ਛੋਟੀ ਜਿਹੀ ਫੌਜੀ ਟੁਕੜੀ ਨਾਲ 15 ਦਿਨ ਲਗਾਤਾਰ ਦੁਸ਼ਮਨਾਂ ਨਾਲ ਟੱਕਰ ਲੈਂਦਿਆਂ ਬਾਜ਼ ਵਾਂਗ ਵਾਰ ਕਰਦਿਆਂ 250 ਦੁਸ਼ਮਨਾਂ ਦੇ ਟੈਂਕ ਫੂੰਡ ਸੁੱਟੇ।

ਜਿੱਥੇ ਪਰਿੰਦਾ ਵੀ ਪਰ ਮਾਰਨ ਤੋਂ ਡਰਦਾ ਹੋਵੇ, ਉਸ ਜੋਜ਼ਿਲਾ ਪਾਸ ਉੱਤੇ ਦੁਸ਼ਮਨਾਂ ਨੂੰ ਮੂੰਹ ਦੀ ਸਿਰਫ਼ ਇਸ ਕਰਕੇ ਖਾਣੀ ਪਈ ਕਿਉਂਕਿ ਉੱਡਣੇ ਬਾਜ਼ ਨੇ ਨਾਮੁਮਕਿਨ ਨੂੰ ਮੁਮਕਿਨ ਕਰ ਵਿਖਾਇਆ ਅਤੇ ਜੋਜ਼ਿਲਾ ਪਾਸ ਉੱਤੇ ਟੈਂਕ ਪਹੁੰਚਾ ਕੇ ਦੁਸ਼ਮਨਾਂ ਦੇ ਦੰਦ ਖੱਟੇ ਕਰ ਦਿੱਤੇ। ਇਹ ਦੁਨੀਆਂ ਦਾ ਵਿਲੱਖਣ ਰਿਕਾਰਡ ਹੈ ਕਿ ਏਨੀ ਉਚਾਈ ਉੱਤੇ ਕੋਈ ਵੀ ਟੈਂਕ ਪਹੁੰਚਾ ਨਹੀਂ ਸਕਿਆ, ਜੋ 'ਸਪੈਰੋ' ਨੇ ਕਰ ਵਿਖਾਇਆ। ਤਿੰਨ ਅਕਤੂਬਰ 1911 ਨੂੰ ਜੰਮਿਆ ਸਪੈਰੋ ਬ੍ਰਿਟਿਸ਼ ਆਰਮੀ ਰੈਜੀਮੈਂਟ ਲਿਵਰਪੂਲ ਵਿਖੇ ਵੀ ਨੌਕਰੀ ਕਰਦਾ ਰਿਹਾ ਸੀ ਤੇ ਉਸ ਨੇ ਵਿਸ਼ਵ ਜੰਗ ਦੂਜੀ ਵਿਚ ਵੀ ਬਹਾਦਰੀ ਦੇ ਜੌਹਰ ਵਿਖਾਏ ਸਨ। ਸੰਨ 1948 ਦੇ ਕਸ਼ਮੀਰ ਅਪਰੇਸ਼ਨ ਦੌਰਾਨ ਲੱਦਾਖ ਦਾ ਰਾਹ ਖੋਲ੍ਹਣ ਵਾਲਾ ਇਹ ਬੱਬਰ ਸ਼ੇਰ ਦਸਤਾਰ ਦਾ ਮਾਣ ਵਧਾ ਗਿਆ। ਸਲਾਮ ਹੈ ਉਸ ਦੇ ਜਜ਼ਬੇ ਨੂੰ।

ਕੈਪਟਨ ਈਸ਼ਰ ਸਿੰਘ ਦੀ ਵੀਰਤਾ ਦਾ ਲੋਹਾ ਫਿਰੰਗੀਆਂ ਨੇ ਵੀ ਮੰਨਿਆ। ਤੀਹ ਦਸੰਬਰ 1895 ਨੂੰ ਜੰਮੇ ਸਰਦਾਰ ਬਹਾਦਰ ਈਸ਼ਰ ਸਿੰਘ ਜੀ ਪਹਿਲੇ ਸਿੱਖ ਸਨ, ਜਿਨ੍ਹਾਂ ਨੂੰ ਬੇਮਿਸਾਲ ਯੋਧੇ ਵਜੋਂ 25 ਵਰ੍ਹਿਆਂ ਦੀ ਉਮਰ 'ਚ 28 ਪੰਜਾਬ ਰੈਜੀਮੈਂਟ ਵੱਲੋਂ ਵਜ਼ੀਰਸਤਾਨ ਵਿਚ ਬ੍ਰਿਟੇਨ ਵੱਲੋਂ ਲੜਦਿਆਂ ਵਿਕਟੋਰੀਆ ਕਰਾਸ ਦਿੱਤਾ ਗਿਆ। ਛਾਤੀ ਵਿਚ ਗੋਲੀ ਵੱਜਣ ਦੇ ਬਾਵਜੂਦ ਅਤੇ ਦੁਸ਼ਮਨਾਂ ਵੱਲੋਂ ਸਾਰੇ ਸਾਥੀ ਫੌਜੀਆਂ ਦੇ ਮਾਰੇ ਜਾਣ ਬਾਅਦ ਵੀ ਲਗਾਤਾਰ ਇਕੱਲੇ ਜੂਝਦਿਆਂ ਨਾ ਸਿਰਫ਼ ਆਪਣੀ ਬੰਦੂਕ ਵਾਪਸ ਖੋਹੀ, ਬਲਕਿ ਵਹਿੰਦੇ ਲਹੂ ਨਾਲ ਸਾਹਮਣੇ ਖੜ੍ਹੀ ਹਥਿਆਰਾਂ ਨਾਲ ਲੈਸ ਦੁਸ਼ਮਨ ਫੌਜੀਆਂ ਦੀ ਟੁਕੜੀ ਵੀ ਮਾਰ ਮੁਕਾਈ। ਹਾਲੇ ਇਥੇ ਹੀ ਬਸ ਨਹੀਂ ਹੋਈ, ਜਦੋਂ ਈਸ਼ਰ ਸਿੰਘ ਜੀ ਨੂੰ ਹਸਪਤਾਲ ਭੇਜਣ ਲਈ ਤਿਆਰੀ ਕੀਤੀ ਗਈ ਤਾਂ ਪਹਿਲਾਂ ਉਨ੍ਹਾਂ ਨੇ ਆਪਣੇ ਜ਼ਖ਼ਮੀ ਸਾਥੀ ਫੌਜੀਆਂ ਨੂੰ ਇਲਾਜ ਲਈ ਭੇਜਿਆ ਅਤੇ ਓਨੀ ਦੇਰ ਇਕੱਲੇ ਹੀ ਛਾਤੀ ਵਿਚੋਂ ਲਗਾਤਾਰ ਵਗਦੇ ਲਹੂ ਨਾਲ ਦੁਸ਼ਮਨਾਂ ਦਾ ਗੋਲੀਆਂ ਮਾਰ ਕੇ ਸਾਹਮਣੇ ਕਰਦੇ ਰਹੇ। ਜਦੋਂ ਇਲਾਜ ਲਈ ਡਟੇ ਡਾਕਟਰ ਵੱਲ ਦੁਸ਼ਮਨਾਂ ਨੇ ਗੋਲੀਆਂ ਚਲਾਈਆਂ, ਤਾਂ ਈਸ਼ਰ ਸਿੰਘ ਜੀ ਨੇ ਆਪਣੇ ਸਰੀਰ ਨੂੰ ਢਾਲ ਬਣਾ ਕੇ ਸਾਥੀ ਜ਼ਖ਼ਮੀ ਫੌਜੀਆਂ ਅਤੇ ਡਾਕਟਰ ਨੂੰ ਬਚਾਇਆ। ਤਿੰਨ ਘੰਟੇ ਇੰਜ ਹੀ ਵਗਦੇ ਲਹੂ ਅਤੇ ਛਲਣੀ ਸਰੀਰ ਨਾਲ ਡਟੇ ਰਹਿਣ ਸਦਕਾ ਹੀ ਵਿਸ਼ਵ ਜੰਗ ਦੂਜੀ ਵਿਚ ਉਨ੍ਹਾਂ ਨੂੰ ਪਹਿਲਾਂ ਦੇ ਮਿਲੇ ਵਿਕਟੋਰੀਆ ਕਰਾਸ ਦੇ ਨਾਲ ਬ੍ਰਿਟੇਨ ਦਾ ਸਰਵਉੱਚ ਸਨਮਾਨ "ਸਰਦਾਰ ਬਹਾਦਰ" ਖਿਤਾਬ ਨਾਲ ਸਨਮਾਨਿਤ ਵੀ ਕੀਤਾ ਗਿਆ।

ਨਾਇਬ ਸੂਬੇਦਾਰ ਨੰਦ ਸਿੰਘ ਨੂੰ ਭਾਰਤ ਦੇ ਸਭ ਤੋਂ ਵੱਧ ਸਨਮਾਨਿਤ ਸਿੱਖ ਯੋਧੇ ਵਜੋਂ ਮਾਨਤਾ ਦਿੱਤੀ ਗਈ ਹੈ। ਪਹਿਲੇ ਵਿਸ਼ਵ ਜੰਗ 'ਚ ਵਿਕਟੋਰੀਆ ਕਰਾਸ ਹਾਸਲ ਕਰਨ ਤੋਂ ਬਾਅਦ 1947 'ਚ ਜੰਮੂ ਕਸ਼ਮੀਰ ਵਿਚ ਉੜੀ ਇਲਾਕੇ ਵਿਚ "ਇੱਕ ਸਿੱਖ ਰੈਜੀਮੈਂਟ" ਵੱਲੋਂ ਹਿੰਦ-ਪਾਕਿ ਜੰਗ ਵਿਚ ਆਪਣੇ ਸਾਥੀਆਂ ਨੂੰ ਬਚਾਉਂਦੇ ਅਤੇ ਉਸ ਇਲਾਕੇ ਉੱਤੇ ਦੁਸ਼ਮਨਾਂ ਦੇ ਦੰਦ ਖੱਟੇ ਕਰਦਿਆਂ ਜਾਨ ਤੱਕ ਵਾਰ ਦਿੱਤੀ। ਮਹਾਵੀਰ ਚੱਕਰ ਵਿਜੇਤਾ ਦੇ ਬੇਜਾਨ ਸਰੀਰ ਨੂੰ ਅਤਿ ਦੇ ਘਿਨਾਉਣੇ ਢੰਗ ਨਾਲ ਮੁਜ਼ੱਫਰਾਬਾਦ ਵਿਚ ਟਰੱਕ ਉੱਤੇ ਰੱਖ ਦੁਸ਼ਮਨਾਂ ਵੱਲੋਂ ਨਿਰਾਦਰ ਕੀਤਾ ਗਿਆ। ਵਿਕਟੋਰੀਆ ਕਰਾਸ ਹਾਸਲ ਕਰਨਾ ਸੂਬੇਦਾਰ ਨੰਦ ਸਿੰਘ ਜੀ ਦੀ ਵਿਲੱਖਣ ਮਿਸਾਲ ਇਸ ਲਈ ਹੈ ਕਿਉਂਕਿ ਤਿੱਖੀ ਚੋਟੀ ਉੱਤੇ ਬੈਠੀ ਦੁਸ਼ਮਨ ਟੁਕੜੀ ਨੂੰ ਹੇਠੋਂ ਭਾਰੇ ਹਥਿਆਰ ਚੁੱਕ ਕੇ, ਫੱਟੜ ਲੱਤ, ਮੂੰਹ ਅਤੇ ਬਾਂਹ ਨਾਲ ਜਿਵੇਂ ਕਾਬੂ ਕੀਤਾ ਅਤੇ ਅੱਗੋਂ ਹੋਰ ਦੋ ਚੋਟੀਆਂ ਵੀ ਦੁਸ਼ਮਨਾਂ ਤੋਂ ਆਜ਼ਾਦ ਕਰਵਾਈਆਂ, ਉਸ ਵਰਗਾ ਕੋਈ ਹੋਰ ਬਲਵਾਨ ਹਾਲੇ ਤੱਕ ਸਾਬਤ ਨਹੀਂ ਕੀਤਾ ਜਾ ਸਕਿਆ। ਇਹ ਇੱਕੋ ਇੱਕ ਭਾਰਤੀ ਫੌਜੀ ਹੈ, ਜਿਸ ਨੂੰ ਵਿਕਟੋਰੀਆ ਕਰਾਸ ਅਤੇ ਮਹਾਵੀਰ ਚੱਕਰ ਵੀ ਹਾਸਲ ਹੋਇਆ। ਮਾਨਸਾ ਜ਼ਿਲ੍ਹੇ ਦਾ ਬਹਾਦਰਪੁਰ ਪਿੰਡ ਅੱਜ ਵੀ ਆਪਣੇ ਇਸ ਮਹਾਨ ਯੋਧੇ ਨੂੰ ਪ੍ਰਣਾਮ ਕਰਦਾ ਹੈ।

ਨਾਇਬ ਸੂਬੇਦਾਰ ਬਾਨਾ ਸਿੰਘ ਨੇ ਦਸਤਾਰ ਦਾ ਰੁਤਬਾ ਹੋਰ ਉੱਚਾ ਕਰ ਦਿੱਤਾ। ਛੇ ਜਨਵਰੀ, 1949 ਵਿਚ ਜੰਮੇ ਬਾਨਾ ਸਿੰਘ ਜੀ ਨੂੰ ਸਿਆਚਿਨ ਦੇ ਹੀਰੋ ਵਜੋਂ ਯਾਦ ਕੀਤਾ ਜਾਂਦਾ ਹੈ। ਪਰਮਵੀਰ ਚੱਕਰ ਵਿਜੇਤਾ ਬਾਨਾ ਸਿੰਘ ਜੀ ਨੇ ਜਿਸ ਬੇਮਿਸਾਲ ਬਹਾਦਰੀ ਨਾਲ ਸਿਆਚਿਨ ਦੀ ਸਭ ਤੋਂ ਉੱਚੀ ਚੋਟੀ ਨੂੰ ਪਾਕਿਸਤਾਨ ਤੋਂ ਜਿੱਤ ਕੇ ਵਾਪਸ ਭਾਰਤ ਨਾਲ ਮਿਲਾਇਆ, ਉਸੇ ਸਦਕਾ ਅੱਜ ਉਸ ਚੋਟੀ ਨੂੰ 'ਬਾਨਾ ਚੋਟੀ' ਦਾ ਨਾਂ ਦੇ ਦਿੱਤਾ ਗਿਆ ਹੈ।

ਫ਼ਖ਼ਰ ਨਾਲ ਸਿਰ ਦੋ ਗੁਣਾ ਉੱਚਾ ਹੋ ਜਾਂਦਾ ਹੈ, ਜਦੋਂ ਸਿਰ ਉੱਤੇ ਦਸਤਾਰ ਸਜਾਈ ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਦਾ ਨਾਂ ਲਿਆ ਜਾਂਦਾ ਹੈ। ਪੂਰੀ ਦੁਨੀਆਂ ਵਿਚ ਕਿਤੇ ਅਜਿਹੀ ਮਿਸਾਲ ਨਹੀਂ ਮਿਲਦੀ, ਜਿੱਥੇ ਢਾਕੇ ਵਿਖੇ ਦਸੰਬਰ 1971 ਵਿਚ 93,000 ਪਾਕਿਸਤਾਨ ਫੌਜੀਆਂ ਨੇ ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਜੀ ਅੱਗੇ ਗੋਡੇ ਟੇਕ ਦਿੱਤੇ ਅਤੇ ਬੰਗਲਾਦੇਸ਼ ਦੇ ਵਾਸੀਆਂ ਨੂੰ ਆਜ਼ਾਦ ਧਰਤੀ ਉੱਤੇ ਸਾਹ ਲੈਣ ਦਿੱਤਾ। ਪਰਮ ਵਸ਼ਿਸ਼ਟ ਸੇਵਾ ਮੈਡਲ ਅਤੇ ਪਦਮ ਭੂਸ਼ਣ ਹਾਸਲ ਕਰਨ ਵਾਲੇ ਜਗਜੀਤ ਸਿੰਘ ਜੀ ਸਮੁੱਚੇ ਭਾਰਤ ਦਾ ਮਾਣ ਹਨ।

ਜਰਨੈਨਾਂ ਦੇ ਜਰਨੈਲ, ਮੇਜਰ ਜਨਰਲ ਸ਼ਬੇਗ ਸਿੰਘ ਨੇ ਸਾਬਤ ਕਰ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਨਿਵਾਜਿਆ ਖਾਲਸਾ ਕਿਵੇਂ ਕੌਤਕ ਸਿਰਜਦਾ ਹੈ। ਸੰਨ 1925 ਵਿਚ ਖ਼ਿਆਲਾ ਪਿੰਡ (ਅੰਮ੍ਰਿਤਸਰ ਨੇੜੇ) ਵਿਖੇ ਜੰਮੇ ਸ਼ਬੇਗ ਸਿੰਘ ਵੱਲੋਂ ਸਟਾਫ ਕਾਲਜ ਵਿਚ ਘੁੜਸਵਾਰੀ ਵਿਚ ਜਿੱਤੀਆਂ ਅੱਠ ਰੇਸਾਂ ਦਾ ਰਿਕਾਰਡ ਅੱਜ ਤਾਈਂ ਕੋਈ ਨਹੀਂ ਤੋੜ ਸਕਿਆ। ਮਿਲਟਰੀ ਅਪਰੇਸ਼ਨ ਵਿਚਲੀ ਯੁੱਧ ਕਲਾ ਅਤੇ ਮਿਲਟਰੀ ਸਾਇੰਸ ਵਿਚ ਜਿੰਨੇ ਪ੍ਰਬੀਨ ਸ਼ਬੇਗ ਸਿੰਘ ਜੀ ਸਨ, ਉਸ ਦਾ ਸਾਨੀ ਹਾਲੇ ਤੱਕ ਕੋਈ ਬਣ ਹੀ ਨਹੀਂ ਸਕਿਆ।

ਸਭ ਤੋਂ ਔਖੀਆਂ ਪਾਕਿਸਤਾਨੀ ਪੋਸਟਾਂ ਜੋ ਕਸ਼ਮੀਰ ਦੇ ਹਾਜੀ ਪੀਰ ਸੈਕਟਰ ਵਿਚ ਸਨ, ਨੂੰ ਜਿਸ ਢੰਗ ਨਾਲ ਫਤਹਿ ਕੀਤਾ ਗਿਆ, ਉਸ ਲਾਮਿਸਾਲ ਬਹਾਦਰੀ ਨੂੰ ਵੇਖਦਿਆਂ ਅਤੇ ਜੰਗੀ ਨੁਕਤਿਆਂ ਦਾ ਵਿਲੱਖਣ ਢੰਗ ਵਰਤ ਕੇ ਅਗਵਾਈ ਕਰਨ ਦੀ ਜੁਗਤ ਸਦਕਾ ਹੀ ਬੰਗਲਾਦੇਸ਼ ਤਿਆਰ ਕਰਨ ਦਾ ਪੂਰਾ ਮਿਲਟਰੀ ਅਪਰੇਸ਼ਨ ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਜੀ ਨੇ ਸ਼ਬੇਗ ਸਿੰਘ ਨੂੰ ਸੌਂਪ ਦਿੱਤਾ ਸੀ। ਮੁਕਤੀ ਵਾਹਿਨੀ ਦਾ ਹੀਰੋ ਅਤੇ ਗੁਰਿੱਲਾ ਟਰੇਨਿੰਗ ਦਾ ਸਭ ਤੋਂ ਉੱਤਮ ਆਗੂ ਵਜੋਂ ਮੰਨਿਆ ਜਾਣਾ ਆਪਣੇ ਆਪ ਵਿਚ ਹੀ ਸ਼ਬੇਗ ਸਿੰਘ ਜੀ ਨੂੰ ਮਹਾਂ-ਮਾਨਵ ਸਿੱਧ ਕਰ ਗਿਆ। ਇਸੇ ਮੁਕਤੀ ਵਾਹਿਨੀ ਦੇ ਅਣਥੱਕ ਯੋਧੇ ਸਦਕਾ ਹੀ ਪਾਕਿਸਤਾਨੀ ਜਰਨੈਲਾਂ ਦੇ ਛੱਕੇ ਛੁਟ ਗਏ ਤੇ ਅੰਤ ਉਹ ਪੂਰੀ ਫੌਜ ਨਾਲ ਲੈਫ. ਜਨਰਲ ਜਗਜੀਤ ਸਿੰਘ ਅਰੋੜਾ ਜੀ ਅੱਗੇ ਨਤਮਸਤਕ ਹੋ ਗਏ।

ਵਿਰਲੇ ਹੀ ਕਿਸੇ ਮਾਂ ਦੇ ਲਾਲ ਵਿਚ ਏਨੀ ਹਿੰਮਤ ਹੋ ਸਕਦੀ ਹੈ, ਜਿੰਨੀ ਖਾਲਸਾ ਫੌਜ ਦੇ ਕਮਾਂਡਰ ਇਨ ਚੀਫ਼ ਹਰੀ ਸਿੰਘ ਨਲੂਏ ਵਿਚ ਸੀ। ਇੰਜ ਹੀ ਭਾਰਤ ਦਾ ਨੇਪੋਲੀਅਨ ਮੰਨਿਆ ਜਾ ਚੁੱਕਿਆ ਸੂਰਬੀਰਾਂ ਦਾ ਸੂਰਬੀਰ ਜਰਨੈਲ ਜ਼ੋਰਾਵਰ ਸਿੰਘ ਸੀ।

ਇਹੋ ਜਿਹੇ ਅਣਗਿਣਤ ਸੂਰਮਿਆਂ ਵਿਚ ਜਰਨੈਲ ਮੋਹਨ ਸਿੰਘ ਵੀ ਸ਼ਾਮਲ ਹੈ, ਜਿਸ ਨੇ ਆਜ਼ਾਦ ਹਿੰਦ ਫੌਜ ਦੀ ਅਗਵਾਈ ਕੀਤੀ।

ਪੰਜਾਬ ਵਿਚਲੇ ਇਨ੍ਹਾਂ ਮਹਾਂ ਮਾਨਵਾਂ ਵਿਚ ਕਦੇ ਕਮੀ ਨਹੀਂ ਆਈ। ਗਲਵਾਨ ਘਾਟੀ ਦੇ ਸੂਰਮੇ ਸਿਪਾਹੀ ਗੁਰਤੇਜ ਸਿੰਘ ਅਤੇ ਹਵਲਦਾਰ ਤੇਜਿੰਦਰ ਸਿੰਘ ਨੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਜਿਵੇਂ ਚੀਨੀ ਸੈਨਿਕਾਂ ਨੂੰ ਦਬੋਚ ਕੇ ਮੌਤ ਦੇ ਘਾਟ ਉਤਾਰਿਆ, ਉਨ੍ਹਾਂ ਨੂੰ ਵੀਰ ਚੱਕਰ ਨਾਲ ਸਨਮਾਨਿਤ ਕੀਤਾ ਗਿਆ।

ਅੱਜ ਵੀ ਭਾਰਤ ਦੀ ਰਾਜ ਸਭਾ ਵਿਚ ਪੇਸ਼ ਹੋਏ ਤੱਥ ਅਸਲ ਹਾਲਾਤ ਤੋਂ ਜਾਣੂੰ ਕਰਵਾਉਂਦੇ ਹਨ ਕਿ ਪੰਜਾਬ ਵਿਚ 2132 ਸ਼ਹੀਦਾਂ ਦੀਆਂ ਵਿਧਵਾਵਾਂ ਹਨ, ਜਦਕਿ ਉੱਤਰ ਪ੍ਰਦੇਸ, ਜੋ ਪੂਰੇ ਮੁਲਕ ਦੀ 17 ਫੀਸਦੀ ਜਨਸੰਖਿਆ ਬਣਾਉਂਦਾ ਹੈ, ਵਿਚ 1805 ਵਿਧਵਾਵਾਂ ਹਨ। ਪੰਜਾਬ ਭਾਰਤ ਦੀ ਜਨਸੰਖਿਆ ਦਾ ਸਿਰਫ਼ 2.3 ਫੀਸਦੀ ਹਿੱਸਾ ਹੈ ਅਤੇ ਪੂਰੇ ਭਾਰਤ ਵਿਚੋਂ ਸਭ ਤੋਂ ਵੱਧ ਸ਼ਹੀਦੀਆਂ ਪ੍ਰਾਪਤ ਕਰਨ ਵਾਲੇ ਇਸੇ ਸੂਬੇ ਵਿਚੋਂ ਹਨ।

ਬੱਚਾ-ਬੱਚਾ ਜਾਣਦਾ ਹੈ ਕਿ ਜੇ ਜਨਰਲ ਹਰਬਖ਼ਸ਼ ਸਿੰਘ ਨਾ ਹੁੰਦੇ, ਤਾਂ ਅੱਜ ਅੰਮ੍ਰਿਤਸਰ ਭਾਰਤ ਦਾ ਹਿੱਸਾ ਨਾ ਹੁੰਦਾ। ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਵੀਰ ਚੱਕਰ ਹਾਸਲ ਦਸਤਾਰਧਾਰੀ ਹਰਬਖਸ਼ ਸਿੰਘ ਵਿਸ਼ਵ ਜੰਗ ਦੂਜੀ ਵਿਚ ਵੀ ਆਪਣੀ ਤਾਕਤ ਦਾ ਲੋਹਾ ਮਨਵਾ ਚੁੱਕਿਆ ਸੀ।

ਵਿਸ਼ਵ ਭਰ ਵਿਚ ਸਿੱਖਾਂ ਦੀ ਸੂਰਮਤਾਈ ਦੀ ਚਰਚਾ ਹੁੰਦੀ ਰਹਿੰਦੀ ਹੈ ਅਤੇ ਅੱਜ ਤੱਕ ਪੂਰੀ ਦੁਨੀਆਂ ਦੇ ਕਿਸੇ ਹਿੱਸੇ ਵਿਚ ਸਾਰਾਗੜ੍ਹੀ ਵਰਗੇ 21 ਸੂਰਮਿਆਂ ਜਿੰਨੇ ਮਾਨਸਿਕ ਪੱਖੋਂ ਤਗੜੇ ਯੋਧੇ ਨਹੀਂ ਵੇਖੇ ਗਏ, ਜਿਹੜੇ 10,000 ਕਬਾਈਲੀਆਂ ਨਾਲ ਸਿੱਧੀ ਟੱਕਰ ਲੈਣ ਲੱਗਿਆਂ ਰਤੀ ਭਰ ਨਾ ਥਿੜਕੇ ਹੋਣ। ਪੂਰੀ ਮਾਨਸਿਕ ਤਾਕਤ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਜਾਈ ਖਾਲਸਾ ਫੌਜ ਨੂੰ ਯਾਦ ਕਰਕੇ ਅਤੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਗੂੰਜਦੇ ਗਗਨ ਚੁੰਬੀ ਜੈਕਾਰਿਆਂ ਰਾਹੀਂ ਉਨ੍ਹਾਂ ਨੂੰ ਮਿਲਦੀ ਰਹੀ।

ਮੈਂ ਹਾਲੇ ਸਿਰਫ਼ ਉਂਗਲਾਂ ਉੱਤੇ ਗਿਣੇ ਜਾਣ ਵਾਲੇ ਦਸਤਾਰਧਾਰੀ ਜਾਂਬਾਜ਼ਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਤੋਂ ਇਲਾਵਾ ਅਣਗਿਣਤ ਸੂਰਮੇ ਹੋਰ ਹਨ, ਜਿਨ੍ਹਾਂ ਬਾਰੇ ਕਿਤਾਬਾਂ ਦੇ ਢੇਰ ਲਿਖੇ ਜਾ ਸਕਦੇ ਹਨ।

ਇੱਕ ਗਲ ਸਪੱਸ਼ਟ ਹੋ ਚੁੱਕੀ ਹੈ ਕਿ ਭਾਰਤ ਨੂੰ ਚੁਫ਼ੇਰਿਓਂ ਦੁਸ਼ਮਨਾਂ ਤੋਂ ਬਚਾਉਣ ਵਿਚ ਜਾਨਾਂ ਵਾਰਨ ਵਾਲੇ 80 ਫੀਸਦੀ ਤੋਂ ਵੱਧ ਸਿੱਖ ਮੁੱਛ-ਫੁੱਟ ਗੱਭਰੂ ਹੀ ਸਨ। ਗੋਲੀਆਂ ਨਾਲ ਛਲਣੀ ਕਰਵਾਉਣ ਵਾਲੀਆਂ ਛਾਤੀਆਂ ਅਤੇ ਦਸਤਾਰਾਂ ਨਾਲ ਸਜੇ ਅਣਖ ਨਾਲ ਉੱਚੇ ਚੁੱਕੇ ਸਿਰਾਂ ਦੇ ਜਜ਼ਬੇ ਸਦਕਾ ਹੀ ਤਖ਼ਤੋ-ਤਾਜ ਇਨ੍ਹਾਂ ਅੱਗੇ ਝੁਕ ਕੇ ਸਲਾਮ ਕਰਦੇ ਰਹੇ ਹਨ ਅਤੇ ਅੱਗੋਂ ਵੀ ਕਰਦੇ ਰਹਿਣਗੇ। ਦੁਨੀਆਂ ਭਰ ਵਿਚ ਆਪਣੀ ਤਾਕਤ ਦਾ ਲੋਹਾ ਮੰਨਵਾਉਣ ਵਾਲੇ ਸਿੰਘਾਂ ਦਾ ਇੱਕੋ ਸੁਨੇਹਾ ਰਿਹਾ ਹੈ - "ਪੰਜਾਬ ਦੀ ਧਰਤੀ ਵਿਚੋਂ ਸੂਰਮੇ ਉੱਗਦੇ ਹਨ। ਇਹ ਧਰਤੀ ਹਰੀ ਭਰੀ ਰੱਖਣਾ। ਇਸ ਨੂੰ ਬੰਜਰ ਨਾ ਹੋਣ ਦੇਣਾ। ਇੱਥੇ ਡੁੱਲ੍ਹੇ ਹਰ ਲਹੂ ਦੀ ਬੂੰਦ ਦਾ ਸਤਿਕਾਰ ਕਰਨਾ।"

ਅਖ਼ੀਰ ਵਿਚ ਬਸ ਇਹੋ ਕਹਿਣਾ ਹੈ - ਕੀ ਅਸੀਂ ਪੰਜਾਬ ਨੂੰ ਆਬਾਦ ਰੱਖਾਂਗੇ? ਕੀ ਉਨ੍ਹਾਂ ਸੂਰਮਿਆਂ ਦੀ ਯਾਦ ਤਾਜ਼ਾ ਰੱਖਾਂਗੇ?

# ਸਿੱਖ ਇਤਿਹਾਸ ਵਿਚ ਧਰੂ ਤਾਰੇ ਵਰਗੀ ਚਮਕ ਵਾਲਾ ਜਰਨੈਲ - ਬਾਬਾ ਬੰਦਾ ਸਿੰਘ ਬਹਾਦੁਰ




ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ ਪੰਜਾਬ
ਐਡਮਿੰਟਨ ਕੈਨੇਡਾ, 98156-25409
(Punjab Mail USA)




ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਇਤਿਹਾਸ ਵਿਚ ਤੇ ਭਾਰਤੀ ਇਤਾਹਾਸ ਦੇ ਗਗਨ ਵਿਚ ਉਨ੍ਹਾਂ ਬਹਾਦੁਰ ਯੋਧਿਆਂ ਦੀਆਂ ਸ਼ਹੀਦੀਆਂ ਦੇ ਸਿਤਾਰਿਆਂ ਅੰਦਰ ਧਰੂ ਤਾਰੇ ਦੇ ਵਾਂਗੂ ਚਮਕਦਾ ਰਵੇਗਾ, ਜੋ ਕੌਮ ਨੂੰ ਕੁਰਬਾਨੀ ਤੇ ਬਹਾਦੁਰੀ ਦੇ ਅਸ਼ੀਰਵਾਦ ਦੀ ਗੁੜਤੀ ਦੇ ਗਏ ਹਨ। ਸਿੱਖ ਇਤਿਹਾਸ ਦੇ ਗੁਲਸ਼ਨ ਵਿਚ ਬਾਬਾ ਬੰਦਾ ਬਹਾਦੁਰ ਦੀ ਕੁਰਬਾਨੀ ਤੇ ਸ਼ਹੀਦੀ ਦੀਆਂ ਜੜ੍ਹਾਂ 'ਚੋਂ ਫਿਰ ਪੁੰਗਰੇ ਖ਼ੂਬਸੂਰਤ ਸਿੱਖ ਮਰਿਆਦਾ ਦੇ ਫੁੱਲ ਆਪਣੀ ਖੁਸ਼ਬੂ ਨਾਲ ਪ੍ਰੰਪਰਾਵਾਂ ਨੂੰ ਹਮੇਸ਼ਾ ਲਈ ਰਹਿੰਦੀ ਦੁਨੀਆਂ ਤੱਕ ਕਾਇਮ ਰੱਖਣਗੇ। ਜਿਸ ਨਾਲ ਇਤਿਹਾਸ ਦੇ ਰਾਹਾਂ ਵਿਚ ਬਾਬਾ ਬੰਦਾ ਬਹਾਦੁਰ ਦੀ ਯਾਦ ਨਵੀਆਂ ਪੈੜਾਂ ਲਈ ਇੱਕ ਸੁਨੇਹਾ ਇੱਕ ਸੰਦੇਸ਼ ਦਿੰਦਾ ਰਵੇਗੀ।

ਬਾਬਾ ਬੰਦਾ ਸਿੰਘ ਬਹਾਦੁਰ ਸੱਚਾਈ ਦਾ ਤੂਫਾਨ, ਕ੍ਰਾਂਤੀਕਾਰੀ ਯੋਧਾ ਤੇ ਬੇਸਹਾਰਿਆਂ ਦੇ ਨੇਰਾਂ ਲਈ ਚਮਕਦੇ ਸੂਰਜ ਦਾ ਪ੍ਰਤੀਕ ਸੀ। ਉਹ ਜ਼ਾਲਮਾਂ ਦੀ ਹਿੱਕ ਤੋਂ ਲਟਕਦੀ ਤਲਵਾਰ ਸੀ। ਦੁਸ਼ਮਣ ਲਈ ਕਿਤੇ ਖ਼ੌਫ ਦਾ ਬੁੱਲਾ, ਗ਼ਰੀਬਾਂ ਦਾ ਹਮਦਰਦ, ਪਰਬਤ ਵਰਗੀ ਤਾਕਤ ਦਾ ਸਵਾਮੀ, ਪਿਆਰ ਦਯਾ ਤੇ ਕੋਮਲ ਹਿਰਦੇ ਦਾ ਭਗਤੀ ਪੂਰਵਕ ਰਾਹਗੀਰ, ਭਾਣਾ ਮੰਨਣ ਦੀ ਭਾਵਨਾ, ਸਿਰੜੀ, ਮਿਹਨਤੀ ਤੇ ਗੁਰੂ ਗੋਬਿੰਦ ਸਿੰਘ ਨੂੰ ਦਿੱਤੇ ਵਚਨਾਂ ਦਾ ਰਖਵਾਲਾ ਅਤੇ ਜਿਸ ਨੇ ਆਪਣੇ ਜਿਸਮ ਦਾ ਤਿਲ-ਤਿਲ ਸਿੱਖ ਕੌਮ ਦੇ ਲੇਖੇ ਲਾ ਦਿੱਤਾ। ਬਾਬਾ ਬੰਦਾ ਸਿੰਘ ਬਹਾਦੁਰ ਦੀ ਸਮੁੱਚੀ ਸ਼ੈਲੀ ਦੇ ਅਤੀਤ 'ਚੋਂ ਝਾਕ ਕੇ ਵੇਖਿਆ ਜਾਵੇ, ਤਾਂ ਉਸ ਦੀ ਜੀਵਨ ਸ਼ੈਲੀ, ਯੋਧਾ ਸ਼ੈਲੀ ਇਤਿਹਾਸ ਵਿਚ ਦੁਰਲੱਭ ਤੇ ਵਿਸ਼ੇਸ਼ ਕਿਸਮ ਦੀ ਹੈ, ਜਿਸ ਨੇ ਕੌਮਾਂ ਲਈ ਨਵਾਂ ਇਤਿਹਾਸ ਰਚ ਕੇ, ਉਨ੍ਹਾਂ ਵਿਚ ਦਲੇਰੀ, ਦਯਾ, ਈਮਾਨਦਾਰੀ, ਸੱਚਾਈ ਤੇ ਕੁਰਬਾਨੀ ਆਦਿ ਦੀਆਂ ਨੀਹਾਂ ਰੱਖੀਆਂ, ਜਿਸ ਨਾਲ ਭਵਿੱਖ ਦੇ ਮਹੱਲਾਂ ਨੂੰ ਮਜ਼ਬੂਤੀ ਮਿਲੀ।

ਬੰਦਾ ਸਿੰਘ ਬਹਾਦੁਰ ਦਾ ਜਨਮ 18 ਅਕਤੂਬਰ, 1670 ਈ. ਨੂੰ ਪੂਣਛ ਜ਼ਿਲ੍ਹੇ ਦੇ ਇੱਕ ਪਿੰਡ ਰਜੌਰੀ (ਜੰਮੂ) ਵਿਖੇ ਹੋਇਆ। ਉਸ ਦੇ ਪਿਤਾ ਜੀ ਦਾ ਨਾਂ ਰਾਮਦੇਵ ਸੀ, ਜੋ ਰਾਜਪੂਤ ਘਰਾਣੇ ਦੇ ਨਾਲ ਸਬੰਧ ਰੱਖਦੇ ਸਨ ਅਤੇ ਕਿਸਾਨ ਪਰਿਵਾਰ ਦੇ ਅਨੁਯਾਈ ਸਨ। ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਦੇ ਬਚਪਨ ਦਾ ਨਾਂ ਰਾਮਦੇਵ ਜਾਂ ਲਛਮਣ ਦਾਸ, ਜਾਂ ਨਰਾਇਣ ਦਾਸ ਸੀ। ਉਨ੍ਹਾਂ ਦੇ ਨਾਂ ਬਾਰੇ ਕਈ ਮਤਭੇਦ ਸਨ। ਬਾਬਾ ਬੰਦਾ ਬਹਾਦੁਰ ਦਾ ਪਿੰਡ ਰਜੌਰੀ ਪਠਾਨਕੋਟ ਤੋਂ ਲਗਪਗ 172 ਕਿਲੋਮੀਟਰ ਅਤੇ ਜੰਮੂ ਤੋਂ 102 ਕਿ.ਮੀ. ਦੀ ਦੂਰੀ 'ਤੇ ਸਥਿਤ ਹੈ।

ਬਾਬਾ ਬੰਦਾ ਬਹਾਦੁਰ ਨੇ ਕਿਸ਼ੋਰ ਅਵਸਥਾ ਵਿਚ ਹੀ ਘੋੜ ਸਵਾਰੀ, ਨਿਸ਼ਾਨੇਬਾਜ਼ੀ, ਸ਼ਿਕਾਰ ਕਰਨਾ, ਤਲਵਾਰ ਚਲਾਉਣਾ, ਫੁਰਤੀਲੇ ਹੁਨਰ ਅਤੇ ਚੁਸਤੀਲੀ ਸ਼ੈਲੀ ਵਾਲੀਆਂ ਵਿਧੀਆਂ ਵਿਚ ਪਰਪੱਕਤਾ ਹਾਸਲ ਕਰ ਲਈ ਸੀ। ਉਨ੍ਹਾਂ ਦੇ ਜਿਸਮ ਵਿਚ ਸੰਜਮ ਤੇ ਉੱਦਮ ਦੀ ਬਿਜਲੀ ਚਮਕਦੀ ਸੀ, ਜਿਸ ਕਰਕੇ ਉਹ ਭਵਿੱਖ ਵਿਚ ਦੁਸ਼ਮਣਾਂ ਦੀ ਹਿੱਕ 'ਤੇ ਖੇਡੇ।

ਇਤਿਹਾਸ ਦੱਸਦਾ ਹੈ ਕਿ ਉਹ 15 ਸਾਲ ਦੀ ਉਮਰ ਵਿਚ ਇੱਕ ਬੈਰਾਗੀ ਸਾਧੂ ਜਾਨਕੀ ਪ੍ਰਸਾਦ ਦੇ ਸੰਪਰਕ ਵਿਚ ਆਏ ਤੇ ਬਾਬਾ ਬੰਦਾ ਬਹਾਦੁਰ ਜੀ ਨੇ ਉਨ੍ਹਾਂ ਨੂੰ ਗੁਰੂ ਧਾਰ ਲਿਆ। ਉਨ੍ਹਾਂ ਦੇ ਗੁਰੂ ਨੇ ਉਨ੍ਹਾਂ ਦਾ ਨਾਂਅ ਮਾਧੋ ਦਾਸ ਰੱਖ ਦਿੱਤਾ। ਬੈਰਾਗੀ ਮਾਧੋਦਾਸ ਨੇ ਨਾਂਦੇੜ ਦੇ ਨੇੜੇ, ਗੋਦਾਵਰੀ ਨਦੀ ਦੇ ਪਵਿੱਤਰ ਕੰਢੇ ਉੱਤੇ ਯੋਗ ਸਾਧਨਾ, ਇਕਾਗਰਤਾ ਲਈ ਇੱਕ ਸ਼ਾਂਤ ਤੇ ਅਧਿਆਤਮਿਕ ਸਥਾਨ ਬਣਾਇਆ। ਇਸ ਜਗ੍ਹਾ 'ਤੇ ਉਨ੍ਹਾਂ ਨੇ ਆਪਣੇ ਜਿਸਮ ਦੀਆਂ ਸਾਰੀਆਂ ਅੰਦਰੂਨੀ ਸ਼ਕਤੀਆਂ ਨੂੰ ਸੰਜਮ ਵਿਚ ਢਾਲਿਆ। ਇੱਕ ਜੋਗੀ ਦਾ ਰੂਪ ਲਿਆ। ਦਿਲ ਤੇ ਦਿਮਾਗ਼ ਨੂੰ ਇਕਾਗਰਤਾ ਵਿਚ ਪਰੋ ਕੇ ਆਤਮਿਕ ਬਲ ਵਿਚ ਰਹਿਣਾ ਸਿੱਖਿਆ। ਉਸ ਸਮੇਂ ਦੇ ਵਿਗਿਆਨ ਨੂੰ ਜਾਣਿਆ, ਪਰਖਿਆ, ਖੋਜਿਆ ਤੇ ਕਈ ਗੁਣਾਂ ਨੂੰ ਹਾਸਲ ਕੀਤਾ।

3 ਸਤੰਬਰ, 1708 ਨੂੰ ਡੇਰੇ ਨਾਂਦੇੜ ਵਿਖੇ ਮਾਧੋ ਦਾਸ ਦੀ ਮੁਲਾਕਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਹੋਈ। ਗੁਰੂ ਜੀ ਮਾਧੋ ਦਾਸ ਦੀ ਸਰੀਰਕ ਤਾਕਤ, ਇਕਾਗਰ ਬੱਲ ਤੇ ਹੋਰ ਸ਼ਕਤੀਆਂ ਵੇਖ ਕੇ ਪ੍ਰਸੰਨ ਹੋਏ ਤੇ ਉਸ ਸਮੇਂ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਬਹਾਦੁਰ, ਨਿਡਰ, ਦਲੇਰ ਤੇ ਸੰਜਮੀ ਵਿਅਕਤੀ ਦੀ ਜ਼ਰੂਰਤ ਸੀ, ਜਿਸ ਵਿਚ ਅਗਵਾਈ ਕਰਨ ਦੇ ਵੀ ਸਾਰੇ ਗੁਣ ਹੋਣ। ਬੰਦਾ ਸਿੰਘ ਬਹਾਦੁਰ ਗੁਰੂ ਜੀ ਦੇ ਸੱਚੇ ਮਿੱਤਰ ਬਣ ਗਏ ਤੇ ਗੁਰੂ ਜੀ ਦੀ ਫਿਲਾਸਫੀ, ਸਿਧਾਂਤਾਂ ਨਾਲ ਸਹਿਮਤ ਹੋ ਗਏ। ਗੁਰੂ ਜੀ ਨੇ ਮਾਧੋ ਦਾਸ ਦਾ ਨਾਂ ਬੰਦਾ ਸਿੰਘ ਬਹਾਦੁਰ ਰੱਖ ਦਿੱਤਾ, ਕਿਉਂਕਿ ਬਾਬਾ ਬੰਦਾ ਸਿੰਘ ਬਹਾਦੁਰ ਸਰਵਗੁਣ ਸਪੰਨ ਸੀ, ਜਿਸ ਦੀ ਗੁਰੂ ਜੀ ਨੂੰ ਲੋੜ ਸੀ ਅਤੇ ਬਿਨਾਂ ਟਰੇਨਿੰਗ ਦੇ ਉਹ ਦੁਸ਼ਮਣ ਦੇ ਨਾਲ ਲੋਹਾ ਲੈ ਸਕਦਾ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਇੱਕ ਜਥੇਦਾਰ, ਇੱਕ ਜਰਨੈਲ ਥਾਪ ਕੇ ਪੰਜਾਬ ਵੱਲ ਤੋਰਿਆ ਸੀ। ਉਨ੍ਹਾਂ ਦੀ ਮਦਦ ਲਈ ਕੁੱਝ ਤੀਰ, ਹਥਿਆਰ ਤੇ ਹੋਰ ਸਮੱਗਰੀ ਚਿੰਨ੍ਹ ਆਦਿ ਵੀ ਦਿੱਤੇ। ਬਾਬਾ ਬੰਦਾ ਬਹਾਦੁਰ ਦੇ ਨਾਲ ਪੰਜ ਸਿੰਘ ਸਾਹਿਬਾਨ, ਖਾਲਸਾ ਬਾਬਾ ਵਿਨੋਦ ਸਿੰਘ, ਬਾਬਾ ਕਾਹਨ ਸਿੰਘ ਜੀ, ਬਾਬਾ ਬਾਜ ਸਿੰਘ, ਭਈ ਦਇਆ ਸਿੰਘ, ਭਾਈ ਰਣ ਸਿੰਘ ਵੀ ਪੰਜਾਬ ਲਈ ਰਵਾਨਾ ਹੋਏ। ਇਹ ਅਕਤੂਬਰ 1708 ਦੇ ਕਰੀਬ ਦੀ ਗੱਲ ਹੈ।

ਦੱਸਿਆ ਜਾਂਦਾ ਹੈ ਕਿ ਕਿ ਦੁਸ਼ਮਣਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਧੋਖਾ ਦੇ ਕੇ ਛੁਰੇ ਨਾਲ ਜ਼ਖਮੀ ਕਰ ਦਿੱਤਾ ਸੀ। ਜਦੋਂ ਉਹ ਤੀਰ ਚੜ੍ਹਾਉਣ ਲੱਗੇ ਤਾਂ ਜ਼ਖ਼ਮ ਖਿੱਲਰ ਗਿਆ, ਜਿਸ ਕਰਕੇ ਉਹ ਜੋਤੀ ਜੋਤ ਸਮਾ ਗਏ।

ਬਾਬਾ ਬੰਦਾ ਸਿੰਘ ਬਹਾਦੁਰ ਵਿਚ ਗੁਰੂ ਜੀ ਦੇ ਪਰਿਵਾਰ ਦੀ ਸ਼ਹੀਦੀ, ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦਾ ਗੁੱਸਾ, ਦੁਸ਼ਮਣ ਨੂੰ ਸਬਕ ਸਿਖਾਉਣ ਲਈ ਹੁਣ ਕਾਫੀ ਸੀ। ਰੋਹ ਦੇ ਬੱਦਲ ਉਨ੍ਹਾਂ ਦੇ ਦਿਮਾਗ਼ ਵਿਚ ਗਰਜਣ ਲੱਗੇ। ਜੋਸ਼ ਦੇ ਜਵਾਲਾਮੁੱਖੀ ਫੱਟਣ ਲੱਗੇ। ਬਾਬਾ ਬੰਦਾ ਸਿੰਘ ਬਹਾਦੁਰ ਦੁਸ਼ਮਣਾਂ ਦੇ ਆਹੂ ਲਾਉਂਦਾ ਚਲਾ ਗਿਆ। ਉਨ੍ਹਾਂ ਨਾਲ ਕਾਫੀ ਫੌਜ ਸੀ।

ਬਾਬਾ ਬੰਦਾ ਸਿੰਘ ਬਹਾਦੁਰ ਨੇ ਸੋਨੀਪਤ, ਕੈਥਲ, ਸਮਾਣਾ, ਘੁੜਾਮ, ਨਸਕਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ, ਸਢੋਰਾ, ਛੱਤ ਬੰਨੜ ਉੱਤੇ ਕਬਜ਼ਾ ਕੀਤਾ। 12 ਮਈ, 1710 ਨੂੰ ਆਹੁ ਲਾਉਣ ਵਾਲੀ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। 14 ਮਈ 1710 ਨੂੰ ਸਿੱਖ ਜੇਤੂ ਬਣਕੇ ਸਰਹਿੰਦ ਵਿਚ ਦਾਖਲ ਹੋਏ। ਬੰਦੇ ਨੇ ਸਢੋਰਾ ਤੇ ਨਾਹਨਗੜ੍ਹ ਵਿਚਕਾਰ ਮੁੱਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ, ਜਿਸ ਦਾ ਨਾਂ ਉਨ੍ਹਾਂ ਲੋਹਗੜ੍ਹ ਰੱਖਿਆ। ਇੱਥੇ ਰਹਿ ਕੇ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸਿੱਕੇ ਜਾਰੀ ਕੀਤੇ। ਸਹਾਰਨਪੁਰ, ਜਲਾਲਾਬਾਦ ਤੇ ਠਠੱਤਾ ਫਤਿਹ ਕਰਨ ਤੋਂ ਬਾਅਦ ਇਸੇ ਤਰਾਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਜੌਹਰ ਵਿਖਾਉਂਦੇ ਹੋਏ ਤੇ ਦੁਸ਼ਮਣਾਂ ਦੇ ਦੰਦ ਖੱਟੇ ਕਰਦੇ ਹੋਏ ਅੱਗੇ ਵੱਧਦੇ ਗਏ। ਹੁਣ ਸਿੱਖ ਪੰਜਾਬ ਦੇ ਮਾਲਿਕ ਅਖਵਾਉਣ ਲੱਗੇ। ਉਸ ਸਮੇਂ ਦਾ ਬਾਦਸ਼ਾਹ ਬਹਾਦੁਰ ਸ਼ਾਹ ਖੁਦ ਪੰਜਾਬ ਵਿਚ ਦਾਖਲ ਹੋਇਆ ਤੇ ਹਲਾਤਾਂ ਮੁਤਾਬਿਕ ਸਿੱਖ ਪਿੱਛੇ ਹਟ ਗਏ। ਬਾਬਾ ਬੰਦਾ ਸਿੰਘ ਬਹਾਦੁਰ ਸਮੇਤ ਸਿੱਖ ਫਿਰ ਲੋਹਗੜ੍ਹ ਦੇ ਕਿਲ੍ਹੇ ਵਿਚ ਆ ਗਏ। ਮੁਗਲ ਸੈਨਾ ਨੇ ਇਹ ਕਿਲ੍ਹਾ ਘੇਰ ਲਿਆ। ਹਲਾਤਾਂ ਦਾ ਜਾਇਜ਼ਾ ਲੈਂਦੇ ਹੋਏ ਬਾਬਾ ਬੰਦਾ ਬਹਾਦੁਰ ਨੇ ਇੱਕ ਯੋਜਨਾ ਤਹਿਤ ਕਿਲ੍ਹਾ ਛੱਡ ਦਿੱਤਾ ਤੇ ਪਹਾੜਾਂ ਵੱਲ ਚਲੇ ਗਏ। ਇੱਥੇ ਉਨ੍ਹਾਂ ਨੇ ਈਰਖਾਲੂ ਰਾਜੇ ਭੀਮ ਚੰਦ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਚੰਬੇ ਦੇ ਰਾਜੇ ਦੀ ਪੁੱਤਰੀ ਸਾਹਿਬ ਕੌਰ ਨਾਲ ਵਿਆਹ ਕਰਵਾ ਲਿਆ। ਸਾਹਿਬ ਕੌਰ ਦੀ ਕੁੱਖ 'ਚੋਂ ਇੱਕ ਪੁੱਤਰ ਰਣਜੀਤ ਸਿੰਘ ਪੈਦਾ ਹੋਇਆ। 18 ਫਰਵਰੀ, 1712 ਨੂੰ ਬਾਦਸ਼ਾਹ ਬਹਾਦੁਰ ਸ਼ਾਹ ਦੀ ਮੌਤ ਹੋ ਗਈ। ਬਾਬਾ ਬੰਦਾ ਸਿੰਘ ਬਹਾਦੁਰ ਨੇ ਫਿਰ ਚੰਬੇ ਦੇ ਇਲਾਕੇ ਵਿਚੋਂ ਨਿਕਲ ਕੇ ਮਾਰਚ 1715 ਨੂੰ ਕਲਾਨੌਰ ਤੇ ਬਟਾਲੇ 'ਤੇ ਕਬਜ਼ਾ ਕੀਤਾ। ਪਰ ਮੁਗਲ ਫੌਜ ਉਨ੍ਹਾਂ ਦੇ ਪਿੱਛੇ ਲੱਗੀ ਹੋਈ ਸੀ।

ਆਖਿਰ 7 ਦਸੰਬਰ, 1715 ਈ. ਨੂੰ ਮੁਗਲ ਫੌਜਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਤੇ ਸਿੱਖਾਂ ਨੂੰ ਦੂਨੀ ਚੰਦ ਦੀ ਉੱਚੀ ਵਿਸ਼ਾਲ ਹਵੇਲੀ ਵਿਚ ਗੁਰਦਾਸ ਨੰਗਲ ਵਿਖੇ ਘੇਰ ਲਿਆ, ਜਿਸ ਨੂੰ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਜਾਂ ਗੁਰਦਾਸ ਨੰਗਲ ਦਾ ਥੇਹ ਵੀ ਕਿਹਾ ਜਾਂਦਾ ਹੈ। ਇਹ ਗੜ੍ਹੀ ਗੁਰਦਾਸਪੁਰ ਤੋਂ 5 ਕਿਲੋਮੀਟਰ ਦੂਰ ਹੈ। ਸ਼ਾਹੀ ਫੌਜਾਂ ਦਾ ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ। ਸਿੱਖਾਂ ਦਾ ਬਾਹਰ ਆਉਣਾ-ਜਾਣਾ, ਰਾਸ਼ਨ ਅਤੇ ਹਰ ਤਰ੍ਹਾਂ ਦੀ ਬਾਹਰੀ ਸਮੱਗਰੀ ਬੰਦ ਸੀ। ਆਖਿਰ 7 ਦਸੰਬਰ, 1715 ਨੂੰ ਸ਼ਾਹੀ ਫੌਜ ਨੇ ਗੁਰਦਾਸ ਨੰਗਲ ਦੀ ਗੜ੍ਹੀ 'ਤੇ ਕਬਜ਼ਾ ਕਰ ਲਿਆ।

ਇਤਿਹਾਸ ਗਵਾਹ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਸ਼ਾਹੀ ਫੌਜ ਕਦੇ ਵੀ ਕੈਦ ਨਹੀਂ ਬਣਾ ਸਕਦੀ ਅਤੇ ਨਾ ਹੀ ਉਸ ਨੂੰ ਜ਼ਿੰਦਾ ਫੜ ਸਕਦੀ। ਉਸਦੇ ਆਪਣੇ ਹੀ ਸਾਥੀ ਸ਼ਾਹੀ ਫੌਜ ਨਾਲ ਜਾ ਮਿਲੇ, ਸ਼ਾਹੀ ਫੌਜ ਨੇ ਬੰਦੇ ਦੇ ਸਾਥੀਆਂ ਨੂੰ ਅਨੇਕਾਂ ਹੀ ਲਾਲਚ ਦੇ ਕੇ ਖਰੀਦ ਲਿਆ। ਜਿਸ ਕਰਕੇ ਉਨ੍ਹਾਂ ਬਾਬਾ ਬੰਦਾ ਸਿੰਘ ਬਹਾਦੁਰ ਦੇ ਸਾਰੇ ਭੇਦ ਸ਼ਾਹੀ ਫੌਜ ਨੂੰ ਦੇ ਦਿੱਤੇ, ਜਿਸ ਕਰਕੇ ਬਾਬਾ ਬੰਦਾ ਸਿੰਘ ਬਹਾਦੁਰ ਸ਼ਾਹੀ ਫੌਜ ਦੇ ਕੈਦੀ ਬਣੇ। ਸ਼ਾਹੀ ਫੌਜ ਨੇ ਬਾਬਾ ਬੰਦਾ ਸਿੰਘ ਬਹਾਦੁਰ 'ਤੇ ਅੰਨਾ ਤਸ਼ੱਦਦ ਕੀਤਾ। ਉਨ੍ਹਾਂ ਦੇ ਨਾਲ ਅਨੇਕਾਂ ਹੀ ਸਿੱਖਾਂ ਦਾ ਕਤਲ ਕੀਤਾ ਗਿਆ। ਇੱਕ ਭਿਆਨਕ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਬਾਬਾ ਬੰਦਾ ਸਿੰਘ ਬਹਾਦੁਰ ਨੂੰ ਇੱਕ ਵੱਡੇ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਇਹ ਪਿੰਜਰਾ ਹਾਥੀ ਉੱਤੇ ਰੱਖ ਕੇ ਜਲੂਸ ਦੀ ਸ਼ਕਲ ਵਿਚ ਲਾਹੌਰ ਲਿਜਾਇਆ ਗਿਆ। ਪਿੰਜਰੇ ਦੇ ਅੱਗੇ-ਅੱਗੇ ਸਿੱਖਾਂ ਦੇ ਸਿਰ ਨੇਜਿਆਂ ਉਤੇ ਟੰਗੇ ਗਏ। ਇਹ ਜਲੂਸ 27 ਫਰਵਰੀ, 1716 ਨੂੰ ਦਿੱਲੀ ਵਿਚ ਦਾਖਲ ਹੋਇਆ। ਬਾਬਾ ਬੰਦਾ ਸਿੰਘ ਬਹਾਦੁਰ ਦੀ ਪਤਨੀ ਅਤੇ ਉਨ੍ਹਾਂ ਦੇ 4 ਸਾਲ ਦੇ ਬੱਚਾ ਅਜੇ ਸਿੰਘ 'ਤੇ ਵੀ ਤਸੱਦਦ ਕੀਤਾ ਗਿਆ। 9 ਜੂਨ, 1716 ਨੂੰ ਜਲੂਸ ਦੀ ਸ਼ਕਲ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਅਤੇ ਉਸਦੇ 4 ਸਾਲ ਦੇ ਬੱਚੇ ਨੂੰ ਅਨੇਕਾਂ ਸਿੱਖਾਂ ਨਾਲ ਕੁਤਬ ਮਿਨਾਰ ਦੇ ਨੇੜੇ ਖੋਆਜਾ ਕੁਤਬਦੀਨ, ਬਖਤਿਆਰ ਕਾਕੀ ਦੇ ਰੋਜੇ ਪਾਸ ਪਹੁੰਚਾਇਆ ਗਿਆ। ਬਾਬਾ ਬੰਦਾ ਸਿੰਘ ਬਹਾਦੁਰ ਦੇ ਪੁੱਤਰ ਅਜੇ ਸਿੰਘ ਦਾ ਦਿਲ ਕੱਢ ਕੇ ਉਨ੍ਹਾਂ ਦੇ ਮੂੰਹ ਵਿਚ ਪਾਇਆ। 9 ਜੂਨ, 1716 ਨੂੰ ਦਿੱਲੀ ਵਿਖੇ ਅਨੇਕਾਂ ਤਸ਼ੱਦਦ ਸਹਿੰਦੇ ਹੋਏ ਬਾਬਾ ਬੰਦਾ ਸਿੰਘ ਬਹਾਦੁਰ ਸ਼ਹੀਦ ਹੋ ਗਏ। ਉਨ੍ਹਾਂ ਨੂੰ ਮੁਸਲਮਾਨ ਬਨਣ ਦੀ ਜਾਂ ਮੌਤ ਸਵੀਕਾਰ ਕਰਨ ਲਈ ਕਿਹਾ ਗਿਆ। ਪਰ ਉਹ ਹੱਸ-ਹੱਸ ਕੇ ਆਪਣੀ ਮੌਤ ਕੌਮ ਤੋਂ ਜਾਨ ਨਿਸ਼ਾਵਰ ਕਰ ਗਏ। ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਦਾ ਨਾਂਅ ਸੁਨਹਿਰੀ ਅੱਖਰਾਂ ਦੇ ਨਾਲ ਹਮੇਸ਼ਾ-ਹਮੇਸ਼ਾ ਅੰਕਿਤ ਰਹੇਗਾ।

# ਜਾਤ-ਪਾਤ ਵਿਚ ਉਲਝਿਆ ਮਨੁੱਖ ..




ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)




ਜੇਕਰ ਅੱਜ ਗੱਲ ਜਾਤ-ਪਾਤ ਦੀ ਕਰੀਏ, ਤਾਂ ਚਾਰੇ ਪਾਸੇ ਵੇਖ ਕੇ ਇਕ ਗੱਲ ਜ਼ਰੂਰ ਮਹਿਸੂਸ ਕੀਤੀ ਜਾ ਸਕਦੀ ਹੈ ਕਿ ਅੱਜ ਦਾ ਮਨੁੱਖ ਅਤੇ ਸਮਾਜ ਪੂਰੀ ਤਰ੍ਹਾਂ ਜਾਤ-ਪਾਤ ਵਿਚ ਲਿਪਤ ਹੋ ਚੁੱਕਿਆ ਹੈ। ਚਾਰੇ ਪਾਸੇ ਅਜਿਹਾ ਕੋਈ ਵੀ ਰਸਤਾ ਬਾਕੀ ਨਹੀਂ ਬਚਿਆ, ਜਿਥੇ ਜਾਤ-ਪਾਤ ਦੇ ਨਾਂ 'ਤੇ ਵੱਡੀ ਗਿਣਤੀ ਵਿਚ ਪਾਖੰਡ ਬਾਜ਼ੀਆਂ ਨਾ ਕੀਤੀਆਂ ਜਾਂਦੀਆਂ ਹੋਣ। ਭਾਵੇਂ ਕਿ ਇਹ ਸਭ ਕੁੱਝ ਪਿਛਲੇ ਸਮੇਂ ਤੋਂ ਚਲਦਾ ਆ ਰਿਹਾ ਹੈ, ਜੋ ਅੱਜ ਵੀ ਜਾਰੀ ਹੈ। ਇਹ ਵਰਤਾਰਾ ਅੱਜ-ਕੱਲ੍ਹ ਵੀ ਜਾਰੀ ਹੈ, ਜੋ ਅੱਜ ਦੇ ਮਨੁੱਖ ਵੱਲੋਂ ਰੌਲਾ ਪਾ ਕੇ ਖ਼ੂਬ ਪ੍ਰਚਾਰਿਆ ਜਾ ਰਿਹਾ ਹੈ। ਜੇਕਰ ਗੁਰਬਾਣੀ ਦੀ ਗੱਲ ਕਰੀਏ ਤਾਂ ਗੁਰਬਾਣੀ ਅੰਦਰ ਕਦੇ ਵੀ ਜਾਤ-ਪਾਤ ਦੀ ਗੱਲ ਨਹੀਂ ਕੀਤੀ ਗਈ, ਇਥੇ ਤਾ ਸਿਰਫ ਇਨਸਾਨ ਨੂੰ ਇਨਸਾਨ ਮੰਨ ਕੇ ਜ਼ਿੰਦਗੀ ਜਿਉਣ ਦਾ ਰਾਹ ਦੱਸਿਆ ਗਿਆ ਹੈ ਪਰ ਇਨਸਾਨ ਨੇ ਜਾਤ-ਪਾਤ ਦੇ ਨਾਂ 'ਤੇ ਪਾਖੰਡ ਸ਼ੁਰੂ ਕਰ ਦਿੱਤਾ ਹੈ, ਜੋ ਹੁਣ ਉਸ ਦੇ ਚਾਹੁੰਦਿਆਂ ਹੋਇਆਂ ਵੀ ਰੁੱਕਣ ਦਾ ਨਾਮ ਨਹੀਂ ਲੈ ਰਿਹਾ ।

ਬਹੁਤ ਸਾਰੇ ਇਨਸਾਨ ਹਨ, ਜੋ ਜਾਤ-ਪਾਤ ਦੇ ਵਿਚ ਲਿਪਤ ਹੋ ਕੇ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਹਨ, ਉਹ ਕਈ ਭਾਈਚਾਰਿਆਂ ਅੰਦਰ ਵੀ ਪਾੜਾ ਪਾਉਣ ਦਾ ਕੰਮ ਕਰਦੇ ਹਨ, ਜਿਥੋਂ ਉਨ੍ਹਾਂ ਦੇ ਚਾਰ ਪੈਸੇ ਕਮਾ ਕੇ ਉਨ੍ਹਾਂ ਦੀ ਰੋਜ਼ੀ-ਰੋਟੀ ਚੱਲਦੀ ਹੈ। ਸਾਡੇ ਸਮਾਜ ਅੰਦਰ ਇਹ ਵਰਤਾਰਾ ਵੀ ਵੱਡੇ ਪੱਧਰ 'ਤੇ ਪਨਪ ਰਿਹਾ ਹੈ, ਜਦਕਿ ਇਸ ਦੇ ਉਲਟ ਗੁਰੂ ਸਾਹਿਬ ਦਾ ਫ਼ੁਰਮਾਨ ਹੈ ਕਿ ਇਨਸਾਨ ਦੀ ਜਾਤ ਕੋਈ ਵੀ ਹੋਵੇ, ਸਭ ਤੋਂ ਪਹਿਲਾ ਇਨਸਾਨ ਇਨਸਾਨ ਹੀ ਰਹਿਣਾ ਚਾਹੀਦਾ ਹੈ। ਪਾਖੰਡਬਾਜ਼ੀ ਕਿਸੇ ਨੂੰ ਵੀ ਮਨਜ਼ੂਰ ਨਹੀਂ ਹੈ। ਸਿੱਖ ਗੁਰੂ ਸਾਹਿਬਾਨ ਨੇ ਸਦਾ ਹੀ ਜਾਤ-ਪਾਤ ਦਾ ਵਿਰੋਧ ਕਰਕੇ ਕੇਵਲ ਇਨਸਾਨ ਨੂੰ ਉਸਦੀ ਸਾਦੀ ਜ਼ਿੰਦਗੀ ਅਤੇ ਇਨਸਾਨ ਨੂੰ ਇਨਸਾਨ ਮੰਨ ਕੇ ਜ਼ਿੰਦਗੀ ਜਿਉਣ ਦਾ ਰਾਹ ਦੱਸਿਆ ਹੈ ਪਰ ਸਾਡੇ ਲੋਕ ਉਨ੍ਹਾਂ ਨੂੰ ਤਰਜੀਹ ਨਾ ਦਿੰਦਿਆਂ ਆਪਣਾ ਉੱਲੂ ਸਿੱਧਾ ਕਰਨਾ ਲੋਚਦੇ ਹਨ, ਜੋ ਇੱਕ ਬੇਹੱਦ ਗਲਤ ਵਰਤਾਰਾ ਹੈ।

ਇਹ ਵੀ ਜ਼ਿੰਦਗੀ ਦਾ ਵੱਡਾ ਸੱਚ ਹੈ ਕਿ ਜਿੱਥੇ ਸਾਡਾ ਫ਼ਾਇਦਾ ਹੁੰਦਾ ਹੋਵੇ, ਉਥੇ ਤਾਂ ਅਸੀਂ ਕਦੇ ਵੀ ਕੋਈ ਜਾਤ-ਪਾਤ ਨਹੀਂ ਵੇਖਦੇ, ਜਿਥੇ ਅਸੀਂ ਕਿਸੇ ਇਨਸਾਨ ਤੋਂ ਖ਼ੂਨ ਲੈਣਾ ਹੋਵੇ, ਉਥੇ ਵੀ ਜਾਤ-ਪਾਤ ਨਹੀਂ ਵੇਖੀ ਜਾਂਦੀ ਹੈ। ਹਾਂ, ਵਿਆਹ-ਸ਼ਾਦੀ ਵੇਲੇ ਅਸੀਂ ਜਾਤ-ਪਾਤ ਜ਼ਰੂਰ ਵੇਖਦੇ ਹਾਂ। ਅਸੀਂ ਤਾਂ ਹੁਣ ਆਪਣੇ ਗੁਰਦੁਆਰਾ ਸਾਹਿਬਾਨ ਵੀ ਵੱਖਰੇ ਕਰ ਲਏ ਹਨ। ਕੀ ਉਨ੍ਹਾਂ ਦਾ ਗੁਰਦੁਆਰਾ ਹੈ, ਇਹ ਦੂਜੀ ਜਾਤ ਦਾ ਗੁਰਦੁਆਰਾ ਹੈ, ਇਹ ਤੀਜੀ ਦੀ ਜ਼ਾਤ ਦਾ ਗੁਰਦੁਆਰਾ ਹੈ। ਇਹ ਕੁਝ ਪਿੰਡਾਂ ਅਤੇ ਸ਼ਹਿਰਾਂ ਵਿਚ ਸ਼ਰੇਆਮ ਵਾਪਰ ਰਿਹਾ ਹੈ। ਗੁਰੂ ਸਾਹਿਬਾਨ ਵੱਲੋਂ ਵਿਖਾਏ ਰਸਤੇ 'ਤੇ ਕੋਈ ਵੀ ਚੱਲਣ ਨੂੰ ਤਿਆਰ ਨਹੀਂ, ਅਸੀਂ ਤਾਂ ਗੁਰੂ ਘਰ ਵੀ ਵੰਡ ਲਏ। ਕੋਈ ਵੀ ਵਿਅਕਤੀ ਇਕ ਦੂਜੀ ਜਾਤ ਵਿਚ ਵਿਆਹ-ਸ਼ਾਦੀ ਕਰਨ ਨੂੰ ਤਿਆਰ ਨਹੀਂ ਹੈ, ਅਸੀਂ ਤਾਂ ਸਿਰਫ ਆਪਣੀ ਜਾਤ-ਬਰਾਦਰੀ ਵਿਚ ਹੀ ਵਿਆਹ ਕਰਾਂਗੇ।

ਅੱਜਕੱਲ੍ਹ ਸਾਰੇ ਜ਼ਾਤ-ਪਾਤ ਦੇ ਭਾਈਚਾਰੇ ਵਿਚ ਇਹ ਕੁਝ ਵੱਡੀ ਪੱਧਰ 'ਤੇ ਪਨਪ ਰਿਹਾ ਹੈ। ਉਹ ਦੂਜੀ ਜਾਤ ਦਾ ਹੈ, ਉਹ ਵਿਅਕਤੀ ਹੋਰ ਹੈ। ਇਹ ਅਸੀਂ ਹਰ ਰੋਜ਼ ਵੇਖਦੇ ਹਾਂ। ਦੱਸਣਯੋਗ ਹੈ ਕਿ ਅਸੀਂ ਗੁਰੂ ਸਾਹਿਬਾਂ ਤੋਂ ਵੀ ਭਟਕ ਚੁੱਕੇ ਹਾਂ। ਅਸੀਂ ਕਿਸੇ ਗੁਰੂ-ਪੀਰ ਦੇ ਨਹੀਂ ਰਹੇ, ਅਸੀਂ ਸਿਰਫ ਜਾਤ-ਬਰਾਦਰੀਆਂ ਵਿਚ ਉਲਝ ਕੇ ਰਹਿ ਚੁੱਕੇ ਹਾਂ। ਸਾਡੇ ਪਿੰਡਾਂ ਅੰਦਰ ਕਈ ਚੁਗਲ ਕਿਸਮ ਦੇ ਵਿਆਕਤੀਆਂ ਵੱਲੋਂ ਵੱਖ-ਵੱਖ ਭਾਈਚਾਰਿਆਂ ਵਿਚ ਬਖੇੜਾ ਪਾ ਕੇ ਆਪਣਾ ਉੱਲੂ ਸਿੱਧਾ ਕੀਤਾ ਜਾਂਦਾ ਹੈ। ਹਰ ਪਿੰਡ ਵਿਚ ਕਈ ਵਿਅਕਤੀ ਹੁੰਦੇ ਹਨ, ਜੋ ਸਾਰੀਆਂ ਧਿਰਾਂ ਕੋਲ ਜਾ ਕੇ ਜੁਗਾਲੀ ਕਰਦੇ ਹਨ। ਅਜਿਹੇ ਵਿਅਕਤੀਆਂ ਦਾ ਕੋਈ ਵੀ ਦੀਨ-ਇਮਾਨ ਨਹੀਂ ਹੁੰਦਾ। ਇਨ੍ਹਾਂ ਦਾ ਕੰਮ ਤਾਂ ਕੇਵਲ ਜਾਤ-ਪਾਤ ਦੇ ਨਾਂ 'ਤੇ ਲੋਕਾਂ ਨੂੰ ਭੜਕਾਉਣਾ ਹੁੰਦਾ ਹੈ। ਹੈਰਾਨੀ ਦੀ ਗੱਲ ਹੈ ਕਿ ਸਾਡੇ ਮੁਲਕ ਅੰਦਰ ਤਾਂ ਪੜ੍ਹਾਈ ਦਾ ਵੀ ਕੋਈ ਅਸਰ ਨਹੀਂ ਹੋ ਰਿਹਾ ਹੈ।

ਪੜ੍ਹ-ਲਿਖੇ ਲੋਕ ਵੀ ਜਾਤਾਂ-ਪਾਤਾਂ ਵਿਚ ਗ੍ਰਸਤ ਹੋ ਕੇ ਰਿੰਦਗੀ ਜਿਉ ਰਹੇ ਹਨ, ਜੋ ਕਿ ਬੇਹੱਦ ਗਲਤ ਵਰਤਾਰਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਸਾਡੇ ਮੁਲਕ ਵਿਚ ਨਹੀਂ ਹੋਣੀਆਂ ਚਾਹੀਦੀਆਂ। ਭਾਰਤ ਦੇ ਕਈ ਸੂਬਿਆਂ ਅੰਦਰ ਅੱਜ ਵੀ ਜਾਤ-ਪਾਤ ਦੇ ਨਾਂ 'ਤੇ ਬਲੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਮਾਰਿਆ-ਕੁੱਟਿਆ ਜਾਂਦਾ ਹੈ, ਬੱਚਿਆਂ 'ਤੇ ਤਸ਼ੱਦਦ ਢਾਹਿਆ ਜਾਂਦਾ ਹੈ। ਇਹ ਕਿੱਥੋਂ ਦਾ ਜਾਤ-ਪਾਤ ਹੈ, ਇਹ ਗਲ ਕਿਸੇ ਦੀ ਸਮਝ ਵਿਚ ਨਹੀਂ ਆ ਰਹੀ। ਮੈਂ ਵੱਡੀ ਜਾਤ ਦਾ ਹਾਂ, ਤੂੰ ਛੋਟੀ ਜਾਤ ਦਾ ਹੈ, ਇਹ ਵਰਤਾਰਾ ਵੱਡੇ ਪੱਧਰ 'ਤੇ ਵਾਪਰ ਰਿਹਾ ਹੈ ਅਤੇ ਕਈ ਘੜੰਮ-ਚੌਧਰੀਆਂ ਵੱਲੋਂ ਜਾਤਾਂ ਦੇ ਨਾਂ 'ਤੇ ਲੋਕਾਂ ਨੂੰ ਲੜਾਇਆ ਜਾਂਦਾ ਹੈ। ਜਦ ਇਨਸਾਨ ਮਰਨ ਕਿਨਾਰੇ ਪਹੁੰਚ ਜਾਂਦਾ ਹੈ, ਤਾਂ ਉਸ ਵਲੋਂ ਖ਼ੂਨ ਲੈਣ ਸਮੇਂ ਕਿਸੇ ਦੀ ਜਾਤ ਨਹੀਂ ਵੇਖੀ ਜਾਂਦੀ ਹੈ, ਫਿਰ ਜਿਉਂਦੇ ਜੀਅ ਜਾਤ-ਪਾਤ ਦਾ ਕਿਉਂ ਰੌਲਾ ਪਾਇਆ ਜਾਂਦਾ ਹੈ।

ਬਾਹਰਲੇ ਮੁਲਕਾਂ ਅੰਦਰ ਜਾਤ-ਪਾਤ ਦਾ ਰੌਲਾ ਨਹੀਂ ਹੈ, ਉਹ ਦੇਸ਼ ਕਾਮਯਾਬ ਹਨ, ਜਦਕਿ ਸਾਡੇ ਮੁਲਕ ਅੰਦਰ ਤਾਂ ਜਾਤ-ਪਾਤ ਨੇ ਲੋਕਾਂ ਨੂੰ ਮੂਰਖ ਬਣਾ ਕੇ ਰੱਖ ਦਿੱਤਾ ਹੈ। ਠੀਕ ਹੈ ਕੋਈ ਵੀ ਇਨਸਾਨ ਕਿਸੇ ਵੀ ਜਾਤ-ਪਾਤ ਦਾ ਹੋਵੇ, ਕਿਸੇ ਨੂੰ ਕੋਈ ਵੀ ਇਤਰਾਜ਼ ਨਹੀਂ ਹੋਣਾ ਚਾਹੀਦਾ। ਸਾਰੇ ਭਾਈਚਾਰੇ ਇੱਕ ਹਨ, ਸਾਰਿਆਂ ਨੂੰ ਪਿੰਡਾਂ-ਸ਼ਹਿਰਾਂ ਵਿਚ ਰਲ ਕੇ ਰਹਿਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਰਲ ਕੇ ਸਕੂਲ ਵਿਚ ਰਹਿਣ ਦੀ ਲੋੜ ਹੈ। ਜਾਤ-ਪਾਤ ਦੇ ਨਾਂ 'ਤੇ ਝਗੜੇ ਬੰਦ ਹੋਣੇ ਚਾਹੀਦੇ ਹਨ ਅਤੇ ਗੁਰਦੁਆਰਿਆਂ ਦੀ ਗਿਣਤੀ ਵੀ ਜਾਤ-ਪਾਤ ਦੇ ਨਾਂ 'ਤੇ ਨਹੀਂ ਕਰਨੀ ਚਾਹੀਦੀ। ਜਦ ਅਸੀਂ ਆਪਣੇ ਕਿਸੇ ਵੀ ਨਿੱਜੀ ਲੋਭ-ਲਾਜ ਦੇ ਲਈ ਆਪਣੀ ਜਾਤ ਤੱਕ ਬਦਲ ਸਕਦੇ ਹਾਂ, ਫਿਰ ਜਾਤ-ਪਾਤ ਦਾ ਦਿਖਾਵਾ ਕਿਉਂ ਕੀਤਾ ਜਾਂਦਾ ਹੈ, ਇਸ ਸਵਾਲ ਦਾ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਕਈ ਵਾਰ ਤਾਂ ਜਾਤ-ਪਾਤ ਦੇ ਨਾਂ 'ਤੇ ਪਰਿਵਾਰਾਂ ਦੇ ਪਰਿਵਾਰ ਬਰਬਾਦ ਹੋ ਜਾਂਦੇ ਹਨ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਪਿਛਲੇ ਸਮੇਂ ਵਾਪਰੀਆਂ ਘਟਨਾਵਾਂ ਨੇ ਮਨ ਨੂੰ ਝੰਜੋੜ ਕੇ ਰੱਖ ਦਿੱਤਾ। ਦੁਨੀਆਂ ਚੰਦ 'ਤੇ ਪਹੁੰਚ ਚੁੱਕੀ ਹੈ, ਅਸੀਂ ਅਜੇ ਵੀ ਜਾਤ-ਪਾਤ ਵਿਚ ਫਸੇ ਹੋਏ ਹਾਂ ਅਤੇ ਇਕ ਦੂਜੀ ਜਾਤ ਵਿਚ ਆਪਣੇ ਧੀਆਂ-ਪੁੱਤਰ ਵਿਆਹੁਣ ਨੂੰ ਤਰਜੀਹ ਨਹੀਂ ਦੇ ਰਹੇ। ਬਾਕੀ ਸਾਰੀਆਂ ਗੱਲਾਂ ਕਿਸੇ 'ਤੇ ਵੀ ਥੋਪੀਆਂ ਨਹੀਂ ਜਾ ਸਕਦੀਆਂ, ਆਪੋ ਆਪਣੀ ਸੋਚ ਹੈ। ਪਰ ਇਸ ਸੋਚ ਨੂੰ ਵੱਡੇ ਪੱਧਰ 'ਤੇ ਬਦਲਣ ਦੀ ਲੋੜ ਹੈ, ਤਾਂ ਕਿ ਸਮਾਜ ਨਵੀਆਂ ਬੁਲੰਦੀਆਂ ਨੂੰ ਛੂਹ ਸਕੇ। ਠੀਕ ਹੈ ਇਹ ਗੱਲਾਂ ਸਾਰੇ ਵਿਅਕਤੀਆਂ ਨੂੰ ਚੰਗੀਆਂ ਨਹੀਂ ਲੱਗਦੀਆਂ। ਪਰ ਅਸਲ ਸੱਚ ਕੀ ਹੈ, ਉਸ ਨੂੰ ਗੁਰਬਾਣੀ ਦੇ ਫਲਸਫੇ ਅਨੁਸਾਰ ਮੰਨ ਕੇ ਚੱਲਣ ਦੀ ਲੋੜ ਹੈ।

## ਬਾਬਲ

ਬਾਬਲ ਜੀਉਂਦੇ ਬੇ-ਪਰਵਾਹੀਆਂ, ਬਿਨ ਬਾਬਲ ਦੇ ਧੱਕੇ।
ਚੰਗੇ-ਮਾੜੇ ਪਾਸੇ ਜਾਣੋਂ, ਬਾਂਹ ਫੜ ਨਾ ਕੋਈ ਡੱਕੇ।

ਬਾਹਰੋਂ ਆਇਆਂ ਨੂੰ ਜਦ ਬਾਬਲ ਘੁੱਟਦਾ ਵਿਚ ਕਲਾਵੇ,
ਲਹਿੰਦੀ ਝੱਟ ਥਕਾਵਟ ਜਿੰਨਾ ਮਰਜ਼ੀ ਹੋਈਏ ਥੱਕੇ।

ਬਾਬਲ ਤੋਂ ਜਦ ਥਾਪੜ ਕੇ ਪਿੱਠ ਮਿਲਦੀ ਹੱਲਾਸ਼ੇਰੀ,
ਦ੍ਰਿੜ੍ਹ ਇਰਾਦੇ ਪੱਥਰਾਂ ਵਰਗੇ ਹੋ ਜਾਂਦੇ ਨੇ ਪੱਕੇ।

ਬਾਬਲ ਕੋਲੋਂ ਉਸ ਵੇਲੇ ਨਾ ਜਾਵੇ ਖੁਸ਼ੀ ਸੰਭਾਲੀ,
ਜ਼ਿੰਦਗੀ ਵਿਚ ਜਦ ਧੀਆਂ ਪੁੱਤਰ ਮਾਰਨ ਚੌਕੇ-ਛੱਕੇ

ਧੀਆਂ-ਪੁੱਤਾਂ ਦੇ ਸਿਰ 'ਤੇ ਹੱਥ ਬਾਬਲ ਧਰਿਆ ਹੋਵੇ,
ਆਪੇ ਆ ਕੇ ਰੱਬ 'ਨਾਗਰਾ' ਮੋੜੇ ਉਨ੍ਹਾਂ ਦੇ ਨੱਕੇ।



-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +1-360-448-1989
(Punjab Mail USA)

## ਸਰਬਜੀਤ-ਮਾਣੂੰਕੇ

ਕੰਨ ਖੋਲ੍ਹਕੇ ਗੱਲ ਸੁਣੀ ਤੈਨੂੰ ਲੂਤੀ ਕੀਹਨੇ ਲਾਈ
ਕਿੱਥੇ ਹੈ ਤੇਰਾ ਡੰਡਾ ਡੇਰਾ ਕਿਹੜੇ ਦੇਸ਼ ਤੋਂ ਆਈ
ਵੇਖ ਅਮਰਜੀਤ ਤੂੰ ਮਰਨ ਕਿਨਾਰੇ ਮੰਨਦੀ ਨੀਂ ਸਾਡੇ ਕਹਿਣੇ
ਕੋਠੀ ਦੀ ਕੀ ਗੱਲ ਕਰਦੀ ਅਸੀਂ ਕੁੱਝ ਨਾ ਛੱਡੀਏ ਭੈਣੇ

ਕਰਮ ਸਿੰਘ ਨੇ ਜੋ ਕੁੱਝ ਕੀਤਾ ਮੈਂ ਤਾਂ ਦੇਵਾਂ ਕਰਾਇਆ
ਤੋੜ ਦਿੱਤਾ ਸੀ ਸੌਖਾ ਜਿੰਦਾ ਗੇਟ ਮੈਂ ਨਵਾਂ ਲਵਾਇਆ
ਦੂਜੇ ਹਫਤੇ ਸੜਕ ਬਣਾਤੀ ਨਾ ਤਾਹਨੇ ਕਿਸੇ ਦੇ ਸਹਿਣੇ
ਕੋਠੀ ਦੀ ਕੀ ਗੱਲ ਕਰਦੀ ਅਸੀਂ ਕੁੱਝ ਨਾ ਛੱਡੀਏ ....।

ਜਿਉਂਦੀ ਰਹੇ ਮੇਰੀ ਭੱਠਲ ਸਹੇਲੀ ਦਾਅ ਤੇ ਪੇਚ ਸਿਖਾਉਂਦੀ
ਲੱਭਦੀ ਫਿਰਦੀ ਈ.ਡੀ. ਉਸ ਨੂੰ ਨਾ ਹੱਥੇ ਕਿਸੇ ਆਉਂਦੀ
ਤਾਂ ਹੀ ਤਾਂ ਲੋਕੀਂ ਲੀਡਰ ਬਣਦੇ ਗੱਲ ਤੂੰ ਸੁਣੀ ਸ਼ੁਦੈਣੇ
ਕੋਠੀ ਦੀ ਕੀ ਗੱਲ ਕਰਦੀ ਅਸੀਂ ਕੁੱਝ ਨਾ ਛੱਡੀਏ ....।

ਬੜਾ ਤਜ਼ਰਬਾ ਮੇਰਾ ਤੇ ਮੈਂ ਕੰਮ ਇਹੋ ਜਿਹੇ ਕਰਦੀ
ਹੱਲਾਸ਼ੇਰੀ ਬਹੁਤ ਹੈ ਮੈਨੂੰ ਨਾ ਮੈਂ ਕਿਸੇ ਤੋਂ ਡਰਦੀ
ਗੱਲੀਂਬਾਤੀਂ ਸਾਰ ਦੇਵਾਂ ਤੰਗ ਕਰਦੇ ਜਦੋਂ ਕੁਲੇਹਣੈ
ਕੋਠੀ ਦੀ ਕੀ ਗੱਲ ਕਰਦੀ ਅਸੀਂ ਕੁੱਝ ਨਾ ਛੱਡੀਏ ....।

ਮਿਲੀਭੁਗਤ ਨਾਲ ਕੰਮ ਅਸੀਂ ਕਰਦੇ ਸੌਖਾ ਹੀ ਬੜਾ ਤਰੀਕਾ
ਤਾਂ ਹੀ "ਦੇਵ ਘੋਲੀਆ" ਵੇਚ ਵੱਟ ਕੇ ਤੁਰ ਗਿਆ ਉਹ ਅਮਰੀਕਾ
ਮਸਾਂ ਛਡਾਈ ਉਹਨੇ ਵੀ ਜਿਹੜੀ ਕੀਤੀ ਸੀ ਤਾਂ ਗਹਿਣੇ
ਕੋਠੀ ਦੀ ਕੀ ਗੱਲ ਕਰਦੀ ਅਸੀਂ ਕੁੱਝ ਨਾ ਛੱਡੀਏ ....।

ਇਕੋ ਗੱਲ ਦਾ ਡਰ ਮੈਨੂੰ ਮਾਰੇ ਮੈਂ ਜਾਵਾਂ ਘਬਰਾਈ
ਤੂੰ ਪਿੰਡ "ਘੋਲੀਏ" ਲੋਕਾਂ ਨੂੰ ਕਿਉਂ ਜਾ ਕੇ ਉਂਗਲ ਲਾਈ
ਉਹ ਆ ਗਏ ਆਪਣੀ ਆਈ 'ਤੇ ਮੇਰੇ ਗਿਣ-ਗਿਣ ਬਦਲੇ ਲੈਣੇ
ਤੇਰੀ ਛੱਡ ਦੇਊ ਮੈਂ ਕੋਠੀ ਤੇ ਚੁੱਪ ਕਰਕੇ ਬਹਿਜਾ ਭੈਣੇ।



-ਦੇਵ ਘੋਲੀਆ ਖੁਰਦ, ਫਰਿਜ਼ਨੋ
559-232-7764
(Punjab Mail USA)

## ਬਦਲਾਵ ਨੂੰ ਬਰੇਕਾਂ




ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA)

ਮਿੱਤਰੋ, ਲੇਖ ਦਾ ਸਿਰਲੇਖ ਪੜ੍ਹ ਕੇ ਨਾਰਾਜ਼ ਨਾ ਜਾਇਉ, ਇਹ ਕਿਸੇ ਪਾਰਟੀ ਵਿਸ਼ੇਸ਼ ਜਾਂ ਵਿਅਕਤੀ ਵਿਸ਼ੇਸ਼ ਦੀ ਸ਼ਾਨ ਦੇ ਖਿਲਾਫ ਜਾਂ ਪ੍ਰਸ਼ਾਸਨ ਦੇ ਖ਼ਿਲਾਫ਼ ਕੁਝ ਨਹੀਂ ਹੈ, ਸਿਰਫ ਸਮੇਂ ਦੀ ਜ਼ਰੂਰਤ ਅਤੇ ਨਜ਼ਾਕਤ ਨੂੰ ਦੇਖਦੇ ਜਾਗਰੂਕਤਾ ਵਾਸਤੇ ਲਿਖਿਆ ਜਾ ਰਿਹੈ, ਜੋ ਜ਼ਰੂਰੀ ਹੈ। ਇਸ ਸੰਦਰਭ ਵਿਚ ਵਿਚਾਰ ਦੇਣ ਦਾ ਹਰ ਵਿਅਕਤੀ ਨੂੰ ਹੱਕ ਹੈ ਪਰ ਸ਼ਰਤ ਸਿਰਫ ਇਹੋ ਹੋਣੀ ਚਾਹੀਦੀ ਹੈ, ਲੇਖ ਵਿਚ ਲਿਖਣ ਵਾਲੇ ਲੇਖਕ ਦਾ ਲੇਖਣੀ ਵਿਚ ਕੋਈ ਨਿੱਜ ਸਵਾਰਥ ਨਾ ਹੋਵੇ। ਕਹਾਣੀ ਅਨੁਸਾਰ ਪਹਿਲਾਂ ਜਿੱਥੇ ਗੱਡੇ ਚਲਦੇ ਸਨ, ਉਥੇ ਹੁਣ ਹਵਾਈ ਜਹਾਜ਼ ਚੱਲਦੇ ਹਨ। ਜਿਵੇਂ ਦੁਨੀਆਂ ਦੇ ਹਰ ਖੇਤਰ 'ਚ ਨਵੀਆਂ ਤਕਨੀਕਾਂ ਨਾਲ ਤੇਜ਼ੀ ਆਈ ਹੈ, ਉਸੇ ਤਰ੍ਹਾਂ ਕਾਰਾਂ, ਬੱਸਾਂ, ਮੋਟਰ ਸਾਈਕਲ ਅਤੇ ਹੋਰ ਵ੍ਹੀਕਲ ਵੀ ਪਹਿਲਾਂ ਨਾਲੋਂ ਦੁੱਗਣੀ ਸਪੀਡ ਵਾਲੇ ਆ ਗਏ ਹਨ। ਸੜਕਾਂ ਫ੍ਰੀਵੇਅ ਬਣ ਗਏ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਸੜਕਾਂ 'ਤੇ ਚੱਲਣ ਵਾਲੇ ਵਹੀਕਲਜ਼ ਵਾਸਤੇ ਕੋਈ ਕਾਨੂੰਨ ਨਹੀਂ ਬਦਲਿਆ, ਘੱਟ ਸਪੀਡ ਵਾਲੇ ਵ੍ਹੀਕਲ ਜਿਵੇਂ ਟਰੈਕਟਰ ਟਰਾਲੀਆਂ, ਖੱਚਰ ਰੇਹੜੇ, ਬੈਲਗੱਡੀਆਂ ਵੀ ਵਿਚੇ ਉਨ੍ਹਾਂ ਸੜਕਾਂ 'ਤੇ ਹੀ ਚੱਲ ਰਹੀਆਂ ਹਨ। ਚਲੋ ਅਸੀਂ ਗਰੀਬ ਦੇਸ਼ ਦੇ ਵਾਸੀ ਹਾਂ, ਇਸ ਲਈ ਟਰੈਕਟਰ ਟਰਾਲੀਆਂ, ਹਾਰਵੈਸਟਿੰਗ ਕੰਬਾਈਨਾਂ ਆਦਿ ਨੂੰ ਲੋਡ ਕਰਕੇ ਲਿਜਾਣ ਦੇ ਕਾਨੂੰਨ ਵਾਸਤੇ ਤਾਂ ਸਰਕਾਰ ਨੂੰ ਨਹੀਂ ਕਹਿੰਦੇ ਪਰ ਘੜੁੱਕੇ ਅਤੇ ਜੁਗਾੜੂ ਵ੍ਹੀਕਲ ਤਾਂ ਬੰਦ ਕੀਤੇ ਜਾਣੇ ਚਾਹੀਦੇ ਹਨ। ਲੋਕ ਤਾਂ ਘੜੁੱਕਿਆਂ ਤੋਂ ਡਾਢੇ ਦੁਖੀ ਸਨ, ਉੱਤੋਂ ਆਹ ਜੁਗਾੜੂ ਰੇਹੜੀਆਂ ਨੇ ਸੜਕਾਂ 'ਤੇ ਜਾਲ ਵਿਛਾਇਆ ਹੋਇਆ ਹੈ। ਰਾਤ ਸਮੇਂ ਇਨ੍ਹਾਂ ਦੇ ਪਿੱਛੇ ਤਾਂ ਕੋਈ ਲਾਈਟ ਹੁੰਦੀ ਹੀ ਨਹੀਂ, ਸਗੋਂ ਸਾਹਮਣੇ ਤੋਂ ਆਉਣ ਵਾਲੀ ਗੱਡੀ ਦਾ ਚਾਲਕ ਵੀ ਪ੍ਰੇਸ਼ਾਨ ਹੋ ਜਾਂਦਾ ਹੈ ਕਿ ਇਹ ਇੱਕ ਲਾਈਟ ਵਾਲਾ ਮੋਟਰਸਾਈਕਲ ਆ ਰਿਹਾ ਹੈ ਪਰ ਸਿੰਗਲ ਰੋਡ 'ਤੇ ਪਤਾ ਉਦੋਂ ਲੱਗਦਾ ਹੈ, ਜਦੋਂ ਇੱਕ ਲਾਈਟ ਦੇ ਪਿੱਛੇ ਚਾਰ ਫੁੱਟ ਚੌੜੀ ਟਰਾਲੀ ਬਣੀ ਹੁੰਦੀ ਹੈ। ਚਾਲੀ ਪੰਜਾਹ ਲੱਖ ਦੀ ਕਾਰ ਜਦੋਂ ਉਸ ਵਿਚ ਠੁੱਕਦੀ ਹੈ, ਤਾਂ ਰੇਹੜੀ ਵਾਲਾ ਤਾਂ ਕਿਤੇ ਲੱਭਦਾ ਹੀ ਨਹੀਂ ਕਿਉਂਕਿ ਉਸ ਕੋਲ ਕੋਈ ਕਾਗਜ਼ ਹੁੰਦਾ ਹੀ ਨਹੀਂ ਪਰ ਕਾਰ ਵਾਲਾ ਜੇ ਜਾਨੀ ਨੁਕਸਾਨ ਨਾ ਵੀ ਹੋਵੇ, ਤਾਂ ਵੀ ਅੱਠ-ਦਸ ਲੱਖ ਵਿਚ ਠੋਕਿਆ ਜਾਂਦਾ ਹੈ। ਮੌਜੂਦਾ ਸਰਕਾਰ ਨੇ ਆਉਂਦੇ ਹੀ ਇਹ ਰੇਹੜੀਆਂ ਬੰਦ ਕਰਨ ਦਾ ਹੁਕਮ ਦੇ ਕੇ ਚੰਗੀ ਵਾਹ-ਵਾਹ ਖੱਟੀ ਸੀ ਪਰ ਇਹ ਵਾਹਵਾ ਬਹੁਤ ਸਮਾਂ ਟਿਕ ਨਾ ਸਕੀ। ਪਤਾ ਨਹੀਂ ਕਿਸ ਗੁਪਤ ਸਮਝੌਤੇ ਦੇ ਤਹਿਤ ਇਹ ਸੜਕਾਂ 'ਤੇ ਮੌਤ ਵੰਡਦੀਆਂ ਰੇਹੜੀਆਂ ਫਿਰ ਸ਼ਾਨੋ-ਸ਼ੌਕਤ ਨਾਲ ਕਿੱਕਲੀ ਕਲੀਰ ਦੀ ਕਰਦੀਆਂ ਦਿੱਸਦੀਆਂ ਹਨ। ਪਤਾ ਨਹੀਂ ਸਰਕਾਰ ਦੇ ਮਨ ਕਦੋਂ ਮਿਹਰ ਪਊ ਅਤੇ ਸੜਕਾਂ ਤੋਂ ਇਹ ਪਾਸੇ ਹਟਣਗੀਆਂ। ਨਾਲੇ ਛੋਟੇ ਵ੍ਹੀਕਲ ਆਟੋ ਰਿਕਸ਼ਾ, ਛੋਟੇ ਹਾਥੀ ਵਗੈਰਾ ਆਪਣੀਆਂ ਕਿਸ਼ਤਾਂ ਲਾਹੁਣ ਦੇ ਸਮਰੱਥ ਹੋਣਗੇ? 1995 ਵਿਚ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਖਤਮ ਹੋਣ ਉਪਰੰਤ ਮੁੱਖ ਮੰਤਰੀ ਆਏ ਸਨ ਸ. ਹਰਚਰਨ ਸਿੰਘ ਬਰਾੜ। ਉਨ੍ਹਾਂ ਦੇ ਕਾਰਜਕਾਲ ਵਿਚ ਇੱਕ ਕਾਬਿਲੇ-ਤਾਰੀਫ਼ ਕੰਮ ਹੋਇਆ ਸੀ ਕਿ ਉਨ੍ਹਾਂ ਨੇ ਹੁਕਮ ਜਾਰੀ ਕੀਤਾ ਕਿ ਬਿਨਾਂ ਕਾਗਜ਼ਾਤ ਕੋਈ ਵ੍ਹੀਕਲ ਸੜਕ 'ਤੇ ਚੜ੍ਹਿਆ ਤਾਂ ਉਸ ਥਾਣੇ ਦਾ ਮੁੱਖ ਅਫਸਰ ਜ਼ਿੰਮੇਵਾਰ ਹੋਵੇਗਾ ਦਾ ਫੁਰਮਾਨ ਜਾਰੀ ਕੀਤਾ। ਲੋਕਾਂ ਨੇ ਡਰਦੇ-ਮਾਰੇ ਘੜੁੱਕੇ ਘਰਾਂ ਵਿਚ ਖੜ੍ਹੇ ਕਰ ਦਿੱਤੇ ਜਾਂ ਖੇਤਾਂ ਵਿਚੋਂ ਤੂੜੀ ਪੱਠੇ ਲਿਆਉਣ ਦੇ ਕੰਮ ਲਾ ਲਏ। ਬਹੁਤ ਸਾਰੇ ਘੜੁੱਕੇ ਥਾਣਿਆਂ ਵਿਚ ਖਲੋਤੇ ਵੀ ਗਲ ਗਏ, ਪਰ 1997 ਵਿਚ ਬਾਦਲ ਸਾਹਿਬ ਦੀ ਸਰਕਾਰ ਆਉਂਦੇ ਹੀ ਉਨ੍ਹਾਂ ਪੰਜਾਬ ਨੂੰ ਇਹ ਤੋਹਫਾ ਦਿੱਤਾ ਕਿ ਸਾਰੇ ਘੜੁੱਕੇ ਮੁੜ ਸੁਰਜੀਤ ਕਰ ਦਿੱਤੇ ਅਤੇ ਬਾਦਲ ਦਾ ਵੰਡਿਆ ਕੋਹੜ ਲੋਕ ਅੱਜ ਵੀ ਪਿੰਡੇ 'ਤੇ ਹੰਢਾਅ ਰਹੇ ਹਨ, ਸਗੋਂ ਨਾਲ ਜੁਗਾੜੂ ਰੇਹੜੀਆਂ ਵੀ ਆ ਜੁੜੀਆਂ ਹਨ। ਸੋ ਦੋਸਤੋ, ਤੁਸੀਂ ਇਸ ਦਾਸਤਾਨ ਵਿਚੋਂ ਬਾਖ਼ੂਬੀ ਸਮਝ ਲਿਆ ਹੋਵੇਗਾ ਕਿ ਕਿਵੇਂ ਪੰਜਾਬ ਵਿਚ ਦੋ ਵਾਰ ਆਏ ਹੋਏ "ਬਦਲਾਵ ਨੂੰ ਬਰੇਕਾਂ" ਲੱਗੀਆਂ। ਲਿਖਦੇ-ਲਿਖਦੇ ਗੁਰਦਾਸ ਮਾਨ ਦਾ ਗੀਤ ਜ਼ਿਹਨ ਵਿਚ ਆ ਗਿਆ, ਜੋ ਇਸ ਤਰ੍ਹਾਂ ਹੈ "ਲੱਗੀ ਨਜ਼ਰ ਪੰਜਾਬ ਨੂੰ ਤੁਸੀਂ ਸੁਣੋ ਸਰਕਾਰੋ.., ਦੇ ਹੁਕਮ ਪੁਲਿਸ ਨੂੰ ਘੜੁੱਕੇ ਸੜਕਾਂ ਤੋਂ ਉਤਾਰੋ"।

## ਜੂਨ 84 ਨੂੰ ਸਮਰਪਿਤ ਅਕ੍ਰਿਤਘਣ

ਅਕ੍ਰਿਤਘਣ ਨੂੰ ਗੁਰਬਾਣੀ ਵਿਚ
ਗੁਰੂ ਜੀ ਨੇ ਸਭ ਤੋਂ ਭੈੜਾ ਆਖਿਆ ਏ
ਸੁਆਰਥੀ, ਪਾਪੀ, ਪਾਖੰਡੀ ਤੇ ਦੁਸ਼ਟ ਤਾਂ ਹੈ ਹੀ ਭੈੜੇ
ਪਰ ਅਕ੍ਰਿਤਘਣ ਇਨ੍ਹਾਂ ਤੋਂ ਵੀ ਭੈੜਾ ਏ
ਉਸ ਮਨੁੱਖ ਨਾਲੋਂ ਭੈੜਾ ਕੌਣ ਹੋ ਸਕਦਾ ਏ,
ਜਿਹੜਾ ਮਨੁੱਖ ਦੀ ਕੀਤੀ ਨੇਕੀ ਨੂੰ ਭੁੱਲ ਜਾਵੇ।
ਸਿੱਖ ਕੌਮ ਜਿਹੜੀ ਸਦਾ ਹੀ ਸਰਬੱਤ ਦਾ ਭਲਾ ਮੰਗਦੀ ਏ,
ਉਸ ਨੂੰ ਆਪ ਕਦੀ ਵੀ ਨਹੀਂ ਇਨਸਾਫ ਮਿਲਿਆ।
ਜਿਹੜੀ ਕੌਮ ਦੂਜਿਆਂ ਲਈ ਕਰੇ ਕੁਰਬਾਨੀ
ਪਰ ਉਸ ਨੂੰ ਦੂਜਿਆਂ ਪਾਸੋਂ ਕਦੀ ਵੀ ਨਹੀਂ
ਪਿਆਰ ਤੇ ਸਤਿਕਾਰ ਮਿਲਿਆ।
ਇਸ ਨੂੰ ਤਾਂ ਆਪਣੇ ਹੀ ਗੱਦਾਰ, ਬੇਗੈਰਤ,
ਸੁਆਰਥੀ ਤੇ ਬੇਜ਼ਮੀਰੇ, ਲੋਕ ਕਤਲ ਕਰੀ ਜਾਂਦੇ ਨੇ।
ਗੁਰੂਆਂ ਨੇ ਦੇਸ਼, ਧਰਮ ਲਈ
ਆਪਣਾ ਆਪ ਸਭ ਕੁੱਝ ਵਾਰ ਦਿੱਤਾ
ਪਰ ਉਨ੍ਹਾਂ ਦਾ ਅਕ੍ਰਿਤਘਣ, ਦੁਸ਼ਟ ਤੇ ਪਾਪੀ ਲੋਕਾਂ ਨੇ
ਜ਼ਰਾ ਵੀ ਨਾ ਮੁੱਲ ਪਾਇਆ।
ਜਿਨ੍ਹਾਂ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ
ਬਚਾਉਣ ਦੀ ਖਾਤਿਰ ਜ਼ਿੰਦਗੀਆਂ ਵਾਰਦੇ ਰਹੇ
ਪਰ ਹੁਣ ਉਹ ਲੋਕ ਇੰਨੇ ਅਕ੍ਰਿਤਘਣ ਤੇ ਦੁਸ਼ਟ ਹੋ ਗਏ
ਕਿ ਉਨ੍ਹਾਂ ਨੂੰ ਨਸ਼ਟ ਕਰਨ ਲੱਗ ਪਏ।
ਜਦੋਂ ਕੌਮ ਨੇ ਇਨਸਾਫ ਦੀ ਮੰਗ ਕੀਤੀ
ਤਾਂ ਉਹੀ ਅਕ੍ਰਿਤਘਣ, ਦੁਸ਼ਟ ਤੇ ਸੁਆਰਥੀ ਤੇ ਪਾਪੀ ਲੋਕ
ਇਸ ਕੌਮ ਨੂੰ ਅੱਤਵਾਦੀ ਤੇ ਜ਼ਰਾਇਮ-ਪੇਸ਼ਾ ਕਹਿਣ ਲੱਗ ਪਏ।



-ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

## ਮੁੰਡੇ ਨਸ਼ੇ ਦੇ ਆਦੀ

ਲੱਤ ਮਾਰ ਕੇ ਦੁੱਧ ਤੇ ਘਿਓ ਨੂੰ,
ਮੁੰਡੇ ਨਸ਼ੇ ਦੇ ਆਦੀ ਹੋਏ ਬੇਲੀ।

ਉੱਥੋਂ ਕੱਢ ਲੈਂਦੇ ਨੇ ਝੱਟ ਪੈਸੇ,
ਜਿੱਥੇ ਪਿਓ ਨੇ ਹੋਣ ਲਕੋਏ ਬੇਲੀ।

ਕਿਤੇ ਮਾਂ ਨੂੰ ਜ਼ਖਮੀ ਕੀਤਾ ਨਸ਼ੇ ਕਰਕੇ,
ਕਿਤੇ ਪਿਓ ਨਾਲ ਵੱਧ, ਘੱਟ ਹੋਏ ਬੇਲੀ।

ਆਪ ਰੁਲਦੇ, ਮਾਂ-ਪਿਓ ਨੂੰ ਰੋਲਦੇ,
ਜ਼ਮੀਨਾਂ ਵੇਚ ਕੇ ਵਿਹਲੇ ਹੋਏ ਬੇਲੀ।

ਜਦ ਮਿਲੇ ਨਾ ਪੈਸੇ ਉਧਾਰੇ ਕਿਸੇ ਤੋਂ,
ਬੱਚਿਆਂ ਵਾਂਗ ਉੱਚੀ-ਉੱਚੀ ਰੋਏ ਬੇਲੀ।

ਆਪੇ ਹੰਝੂ ਇਨ੍ਹਾਂ ਨੇ ਗਲ਼ ਪਾਏ,
ਕਿਹੜਾ ਇਨ੍ਹਾਂ ਦੀਆਂ ਅੱਖਾਂ ਧੋਏ ਬੇਲੀ।

ਕਈ ਮਰੇ ਨਸ਼ੇ ਦੀ ਘਾਟ ਕਰਕੇ,
ਕਈ ਵੱਧ ਨਸ਼ੇ ਦੀ ਡੋਜ ਨਾਲ ਮੋਏ ਬੇਲੀ।

ਕਿਵੇਂ ਨਸ਼ਿਆਂ ਨੂੰ ਪਏ ਠੱਲ੍ਹ ਇੱਥੇ,
ਨਸ਼ਾ ਤਸਕਰਾਂ ਨਾਲ ਨੇਤਾ ਰਲੇ ਹੋਏ ਬੇਲੀ।



ਮਹਿੰਦਰ ਸਿੰਘ ਮਾਨ,
ਨਵਾਂ ਸ਼ਹਿਰ
ਫੋਨ : 99158-03554
(Punjab Mail USA)

## ਫਾਦਰ'ਜ਼ ਡੇ

ਬਾਹਰਲੇ ਦੇਸ਼ਾਂ ਵਿਚ ਮਾਪੇ ਲੱਭਣੇ, ਕੋਈ ਸੌਖੀ ਨਹੀਂ ਹੈ ਗੱਲ।
ਮਾਂ ਤਾਂ ਫਿਰ ਵੀ ਲੱਭ ਜਾਵੇਗੀ, ਪਰ ਬਾਪੂ ਦਾ ਔਖਾ ਹੱਲ।
ਜਨਮ ਸਰਟੀਫਿਕੇਟ ਵਿਚ ਸਦਾ, ਹੁੰਦੀ ਮਾਂ ਦੇ ਨਾਂ ਦੀ ਗੱਲ।
ਕਿਉਂਕਿ ਬਾਪੂ ਦਾ ਬਦਲ ਜਾਣਾ, ਇੱਥੇ ਆਮ ਜਿਹੀ ਹੈ ਗੱਲ।

ਸਮਾਜ ਦੀ ਇਹ ਹੈ ਤ੍ਰਾਸਦੀ, ਬਹੁਤੇ ਸਥਿਰ ਨਹੀਂ ਪ੍ਰਵਾਰ।
ਰਿਸ਼ਤੇ ਅੱਲੜ੍ਹ ਉਮਰੇ ਬਣਦੇ, ਫਿਰ ਬੱਚੇ ਜੰਮਦੇ ਵਾਰੋ ਵਾਰ।
ਕੱਚੇ ਰਿਸ਼ਤੇ ਨਾ ਪੱਕੇ ਹੋਵਣ, ਟੁੱਟ ਜਾਵਣ ਅੱਧ ਵਿਚਕਾਰ।
ਬੱਚੇ ਦਾ ਕੋਈ ਫਿਕਰ ਨਹੀਂ ਹੈ, ਆਪੇ ਸੰਭਾਲੇਗੀ ਸਰਕਾਰ।
ਸਰਕਾਰ ਦੇਵੇ ਜੱਚਾ ਬੱਚਾ ਭੱਤਾ, ਇੱਥੋਂ ਦਾ ਹੈ ਚੰਗਾ ਅਸੂਲ।
ਪਾਲਦੀਆਂ ਨਾਨੀਆਂ ਬੱਚੇ, ਮਾਵਾਂ ਜਾਵਣ ਪੜ੍ਹਣ ਸਕੂਲ।
ਕਾਫ਼ੀ ਗੋਰੇ ਗੋਰੀਆਂ ਜੰਮਣ ਨੂੰ, ਸਮਝਦੇ ਨੇ ਕੰਮ ਫਜ਼ੂਲ।
ਬੱਚੇ ਪਾਲਣ ਫਿਰ ਗੋਦੀ ਲੈ ਕੇ, ਜ਼ਿੰਦਗੀ ਦਾ ਨੇਕ ਅਸੂਲ।

ਇੰਝ ਹੀ ਇੱਥੇ ਚੱਲਦੀ ਦੁਨੀਆਂ, 'ਫਾਦਰ ਡੇ ਵੀ ਚੇਤੇ ਰੱਖਦੇ।
ਵੱਡੇ ਭਾਗਾਂ ਵਾਲੇ ਉਹ ਹੁੰਦੇ ਨੇ, ਜਿਹੜੇ ਬਾਪੂ ਨੂੰ ਜਾ ਲੱਭਦੇ।
ਲੈ ਕੇ ਜਾਂਦੇ ਫੁੱਲ ਗੁਲਦਸਤੇ, ਪਾ ਘੁੱਟ ਕੇ ਜੱਫੀਆਂ ਮਿਲਦੇ।
ਇੰਝ ਪਰਿਵਾਰ ਇਕੱਠੇ ਹੋਵਣ, ਪਰ ਸ਼ਾਮ ਨੂੰ ਜਾ ਵਿਛੜਦੇ।

ਲੈ ਕੇ ਯਾਦਾਂ ਦਾ ਸਰਮਾਇਆ, ਤੁਰ ਜਾਂਦੇ ਸਭ ਆਪਣੀ ਥਾਂ।
ਬੁੱਢੜੇ ਰਹਿ ਜਾਣ ਇਕੱਲੇ, ਤੱਕਦੇ ਚੁੰਨ੍ਹੀਆਂ ਅੱਖਾਂ 'ਚੋਂ ਛਾਂ।
ਲੰਘ ਜਾਂਦੀਆਂ ਉਮਰਾਂ ਇਵੇਂ, ਕੋਈ ਨਾ ਪੁੱਛਦਾ ਥਾਂ ਕੁਥਾਂ।
ਰੁੱਖੇ ਲੋਕ ਇਸ ਧਰਤੀ ਦੇ,
ਦੋਸਤ ਮਿੱਤਰ ਨੇ ਆਪਣੀ ਥਾਂ।




-ਸੇਵਾ ਸਿੰਘ "ਨੂਰਪੁਰੀ"
(Punjab Mail USA)

## ਵਾਦਾ ਆਣ ਦਾ ਕਰਕੇ...

(ਵਿਅੰਗ)
ਵਾਦਾ ਆਣ ਦਾ ਕਰਕੇ ਨਾ ਆਏ ਨੇਤਾ
ਵਿਛੀ ਪਿੰਡ ਦੇ ਥੜੇ 'ਤੇ ਦਰੀ ਰਹਿ ਗਈ।
ਸਾਰੇ ਬੀਜਦੇ ਕੁਦਰਤ ਦੇ ਰੰਗ ਦੇਖੋ,
ਸੁੱਕੀ ਕਿਸੇ ਦੀ ਕਿਸੇ ਦੀ ਹਰੀ ਰਹਿ ਗਈ।
ਕਈ ਕਮਲੀਆਂ ਵੀ ਸਹੁਰੀਂ ਸੁਖੀ ਵੱਸਣ,
ਝਗੜੇ ਝਾਗਦੀ ਕੋਈ ਹੂਰਾਂ ਪਰੀ ਰਹਿ ਗਈ।
ਛਿੱਤਰ ਖੜਕ ਪਿਆ ਪਹਿਲਾਂ ਪਿਆਕੜਾਂ ਵਿਚ,
ਬੋਤਲ ਦਾਰੂ ਦੀ ਭਰੀ ਦੀ ਭਰੀ ਰਹਿ ਗਈ।
ਡੱਬੇ ਰਹੇ ਖਾਲੀ ਭਲੀਆਂ ਮਾਣਸੀਆਂ ਦੇ,
ਗੁੰਡੀ ਸਾਰੇ ਜਹਾਨ ਦੀ ਖਰੀ ਰਹਿ ਗਈ।
ਕੁੜੀ ਨਾਲ ਪ੍ਰੇਮੀ ਦੇ ਹਰਨ ਹੋ ਗਈ,
ਸੀਤੀ ਸੌਹਰੇ ਪਰਿਵਾਰ ਦੀ ਵਰੀ ਰਹਿ ਗਈ।



-ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526
(Punjab Mail USA)



REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567